ISSN 2394-8507

ਮਾਸਿਕ

ਗੁਰਮਤਿ ਪ੍ਰਕਾਸ਼

ਕੇਵਲ : ₹ ੫/-

ਜਿਲਦ : ੭੦ ਚੇਤ-ਵੈਸਾਖ ਸੰਮਤ ਨਾਨਕਸ਼ਾਹੀ ੫੫੮ ਅਪ੍ਰੈਲ ੨੦੨੬ ਅੰਕ : ੧
Vol. : 70 April 2026 Issue : 1



ਖਾਲਸਾ ਪੰਥ ਦਾ ਸਿਰਜਣਾ ਅਸਥਾਨ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਪੰਜਾਬ

ਗਿਆਨੀ ਦਿੱਤ ਸਿੰਘ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਚੇਤ-ਵੈਸਾਖ, ਸੰਮਤ ਨਾਨਕਸ਼ਾਹੀ ੫੫੯ ਅਪ੍ਰੈਲ 2026

ਜਿਲਦ ੭੦ (Vol. 70) ਅੰਕ ੦੧ (Issue 01)

ਸੰਪਾਦਕ
ਸਤਵਿੰਦਰ ਸਿੰਘ

ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

ਚੰਦਾ

(ਦੇਸ਼)		(ਵਿਦੇਸ਼)	
ਪ੍ਰਤੀ ਕਾਪੀ	₹ 5	ਸਾਲਾਨਾ	₹ 1250
ਸਾਲਾਨਾ	₹ 50	ਪੰਜ ਸਾਲ	₹ 5000
ਪੰਜ ਸਾਲ	₹ 250	ਲਾਈਫ਼	₹ 10000
ਲਾਈਫ਼	₹ 500		

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

ਤਤਕਰਾ

ਗੁਰਬਾਣੀ ਵਿਚਾਰ		੫
ਸੰਪਾਦਕੀ		੬
ਵਾਹਿਗੁਰੂ ਦਾ ਵਿਸਮਾਦੀ ਵਰਤਾਰਾ	–ਪ੍ਰਿੰ. ਸੁਰਜੀਤ ਸਿੰਘ	੯
ਖਾਲਸੇ ਦੀ ਮਹਾਨਤਾ	–ਪ੍ਰੋ. ਕਿਰਪਾਲ ਸਿੰਘ ਬਡੂੰਗਰ	੧੩
ਸ੍ਰੀ ਦਸਮੇਸ਼ ਜੀ ਦੀ ਅਮਰ ਨਿਸ਼ਾਨੀ – ਪੰਥ ਖਾਲਸਾ	–ਡਾ. ਸਰਬਜੀਤ ਕੌਰ ਸੰਧਾਵਾਲੀਆ	੨੦
ਖਾਲਸੇ ਦੀ ਵੈਸਾਖੀ ਦੇ ਬ੍ਰਹਿਮੰਡੀ ਸਰੋਕਾਰ	–ਡਾ. ਗੁਰਤੇਜ ਸਿੰਘ ਠੀਕਰੀਵਾਲਾ	੨੫
ਅਠਾਰ੍ਹਵੀਂ ਸਦੀ ਦੇ ਸਿੱਖ ਗੱਭਰੂ (ਅੰਮ੍ਰਿਤ ਦੀਆਂ ਬਰਕਤਾਂ)	–ਪ੍ਰਿੰਸੀਪਲ ਨਾਹਰ ਸਿੰਘ	੩੧
ਸੁਖਮਨੀ	–ਪ੍ਰਿੰ. ਨਰਿੰਦਰ ਸਿੰਘ ਸੋਚ	੪੧
ਅੰਮ੍ਰਿਤ ਵੇਲਾ	–ਪ੍ਰਿੰ. ਹਰਭਜਨ ਸਿੰਘ	੪੭
ਗਿਆਨੀ ਦਿੱਤ ਸਿੰਘ ਰਚਿਤ 'ਨਕਲੀ ਸਿੱਖ ਪ੍ਰਬੋਧ'	–ਡਾ. ਸੁਖਜਿੰਦਰ ਕੌਰ	੫੩
ਮਹਿੰਦਰ ਸਿੰਘ ਸਰਨਾ ਦਾ ਮਹਾਂਕਾਵਿ: 'ਸਾਕਾ ਜਿਨਿ ਕੀਆ'	–ਡਾ. ਧਰਮ ਸਿੰਘ	੬੧
ਅਪ੍ਰੈਲ ਅਤੇ ਮਈ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ		੬੫
ਵਿਆਖਿਆਕਾਰੀ (ਸਰੂਪ) : ਟੀਕਾ/ਟੀਕਾ–ਟਿੱਪਣੀ	–ਡਾ. ਅਜੈ ਪਾਲ ਸਿੰਘ	੬੬
ਡੀਪ ਫੇਕ ਟੈਕਨੋਲੋਜੀ ਅਤੇ ਆਰਟੀਫ਼ਿਸ਼ਲ ਇੰਟੈਲੀਜੈਂਸ	–ਸ. ਬਿਕਰਮਜੀਤ ਸਿੰਘ	੭੧
ਗੁਰਮਤਿ ਦੇ ਨਿਰਮਲ ਵਿਚਾਰ	–ਭਾਈ ਰੇਸ਼ਮ ਸਿੰਘ	੭੬
ਸਿੱਖ ਸਾਹਿਤ ਦੇ ਰੂ–ਬ–ਰੂ (੮)	–ਡਾ. ਰਣਜੀਤ ਕੌਰ ਪੰਨਵਾਂ	੭੯
ਵੈਸਾਖੀ ਦਾ ਦਿਨ (ਕਵਿਤਾ)	–ਸ. ਬਲਬੀਰ ਸਿੰਘ ਰਾਜੋਕੇ	੮੨
ਆਚਰਣਕ ਗੁਣ	–ਭਾਈ ਪਰਦੀਪ ਸਿੰਘ	੮੩
ਰਾਗੁ ਜੈਤਸਰੀ	–ਮਾ. ਬਲਬੀਰ ਸਿੰਘ ਹੰਸਪਾਲ	੯੧
ਖ਼ਬਰਨਾਮਾ		੯੩

ਗੁਰਬਾਣੀ ਵਿਚਾਰ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ 'ਵੈਸਾਖ' ਮਹੀਨੇ ਦੇ ਨਾਲ ਸੰਬੰਧਿਤ ਸੰਕੇਤਾਵਲੀ ਤੇ ਦ੍ਰਿਸ਼ਾਵਲੀ ਦੇ ਮਾਧਿਅਮ ਨਾਲ ਪਰਮਾਤਮਾ ਦੇ ਸੱਚੇ ਨਾਮ ਤੋਂ ਵਿੱਛੜੀ ਜੀਵ-ਇਸਤਰੀ ਦੀ ਇਸ ਨਾਸ਼ਮਾਨ ਸੰਸਾਰ ਵਿਚ ਉਲਾਰੂ ਬਿਰਤੀ ਨੂੰ ਉਸਾਰੂ ਦਿਸ਼ਾ ਪ੍ਰਦਾਨ ਕਰਦੇ ਹੋਏ ਉਸ ਨੂੰ ਸਤਿਗੁਰੂ ਦੇ ਗੁਰਮਤਿ ਗਿਆਨ ਦੀ ਸੇਧ ਵਿਚ ਚੱਲਦਿਆਂ ਪਰਮਾਤਮਾ ਦੇ ਸਦੀਵੀ ਰਹਿਣ ਵਾਲੇ ਸੱਚੇ ਨਾਮ ਦੀ ਸੰਭਾਲ ਕਰਨ ਦਾ ਸੁਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਵੈਸਾਖ ਮਹੀਨਾ ਜੋ ਕਿ ਮਨੁੱਖ-ਮਾਤਰ ਨੂੰ ਉਸ ਦੀ ਕਮਾਈ ਦੇ ਮਿੱਠੇ ਫਲ ਦੀ ਆਸ ਬੰਨ੍ਹਾਉਣ ਵਾਲਾ ਹੈ ਉਸ ਵਿਚ ਵੀ ਉਨ੍ਹਾਂ ਜੀਵ-ਇਸਤਰੀਆਂ ਨੂੰ ਧੀਰਜ ਕਿਉਂ ਆਏਗਾ ਜਿਹੜੀਆਂ ਮਾਲਕ ਦੇ ਪਿਆਰ ਤੋਂ ਵਿੱਛੜੀਆਂ ਹੋਈਆਂ ਹਨ, ਜਿਨ੍ਹਾਂ ਜੀਵ-ਇਸਤਰੀਆਂ ਨੇ ਪਰਮਾਤਮਾ ਰੂਪੀ ਅਸਲ ਸੱਜਣ ਨੂੰ ਭੁਲਾ ਛੱਡਿਆ ਹੋਇਆ ਹੈ ਅਤੇ ਜੋ ਸੰਸਾਰ ਦੀ ਦਿੱਸਦੀ ਮਾਇਆ ਦੇ ਅਸਰ ਥੱਲੇ ਹਨ! ਅਗਿਆਨੀ ਮਨੁੱਖ ਨੂੰ ਇਹ ਸੱਚਾਈ ਇਸ ਸੰਸਾਰ 'ਚ ਵਿਚਰਦਿਆਂ ਵਿੱਸਰ ਜਾਂਦੀ ਹੈ ਕਿ ਨਾ ਪੁੱਤਰ, ਨਾ ਇਸਤਰੀ ਅਤੇ ਨਾ ਹੀ ਧਨ ਉਸ ਦੇ ਨਾਲ ਜਾਂਦਾ ਹੈ, ਸਿਰਫ ਤੇ ਸਿਰਫ ਕਦੇ ਨਾ ਨਾਸ਼ ਹੋਣ ਵਾਲਾ ਪਰਮਾਤਮਾ ਦਾ ਨਾਮ ਹੀ ਉਸ ਦੇ ਨਾਲ ਰਹਿੰਦਾ/ਸਹਾਈ ਹੁੰਦਾ ਹੈ। ਇਸ ਘੋਰ ਅਗਿਆਨਤਾ ਵਿਚ ਸਾਰੀ ਲੋਕਾਈ ਹੀ ਉਲਝ ਕੇ ਆਤਮਿਕ ਮੌਤ ਦਾ ਗ੍ਰਾਸ ਬਣ ਰਹੀ ਹੈ। ਮਾਇਆ-ਮੋਹ ਦੇ ਕੂੜੇ ਧੰਦੇ ਵਿਚ ਮਨ ਉਲਝਿਆ ਪਿਆ ਹੈ। ਇਸ ਸੱਚਾਈ ਨੂੰ ਵੀ ਮਨੁੱਖ ਨੇ ਵਿਸਾਰਿਆ ਹੋਇਆ ਹੈ ਕਿ ਪਿਆਰੇ ਮਾਲਕ ਨੂੰ ਭੁਲਾ ਕੇ ਤਾਂ ਖੱਜਲ-ਖੁਆਰ ਹੀ ਹੋਈਦਾ ਹੈ ਤੇ ਉਸ ਮਾਲਕ ਬਿਨਾਂ ਮਨੁੱਖ ਦਾ ਕੋਈ ਸਦੀਵੀ ਸਾਥੀ ਮਦਦਗਾਰ ਹੈ ਹੀ ਨਹੀਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕੁਝ ਸੁਭਾਗੇ ਮਨੁੱਖ ਜੋ ਪਿਆਰੇ ਪ੍ਰਭੂ ਦੇ ਚਰਨਾਂ ਨਾਲ ਲੱਗ ਜਾਂਦੇ ਹਨ ਉਨ੍ਹਾਂ ਦੀ ਸੁੱਚੀ ਤੇ ਮੈਲ ਰਹਿਤ ਸੋਭਾ ਵਡਿਆਈ ਹੈ। ਸਤਿਗੁਰੂ ਜੀ ਸੰਸਾਰਕ ਬਿਰਤੀ ਵਾਲੇ ਜੀਵਾਂ ਦੇ ਉੱਧਾਰ ਦੀ ਨਿਰਮਲ ਭਾਵਨਾ ਨੂੰ ਸੰਕੇਤਕ ਰੂਪ 'ਚ ਪ੍ਰਗਟਾਉਂਦੇ ਹੋਏ ਬਚਨ ਕਰਦੇ ਹਨ ਕਿ ਹੇ ਨਾਨਕ! ਬੇਨਤੀ ਹੈ ਕਿ ਤੁਸੀਂ ਆਪ ਹੀ ਮਿਲ ਪਵੋ। ਜੀਵਨ ਰੂਪੀ ਵੈਸਾਖ ਦਾ ਇਹ ਮਹੀਨਾ ਸਤਿਗੁਰੂ ਦੇ ਰੂ-ਬ-ਰੂ ਹੋ ਕੇ ਪਰਮਾਤਮਾ ਰੂਪੀ ਮਾਲਕ ਨਾਲ ਮਿਲਾਪ ਕਰਵਾਉਣ ਦੀ ਹਾਲਤ ਵਿਚ ਸੁਹਾਵਣਾ ਹੋ ਸਕਦਾ ਹੈ।

ਸੰਪਾਦਕੀ...

ਆਓ, ਏਕਤਾ-ਇਤਫ਼ਾਕ ਸਿਰਜੀਏ!

ਖਾਲਸੇ ਦੇ ਪ੍ਰਗਟ ਹੋਣ ਦਾ ਅਲੌਕਿਕ ਵਰਤਾਰਾ, ਵਿਸ਼ਵ-ਇਤਿਹਾਸ ਦੀ ਇਕ ਇਨਕਲਾਬੀ ਘਟਨਾ ਹੈ, ਜਿਸ ਦੀ ਲੋਕ-ਕਲਿਆਣ ਪੱਖੋਂ ਮਹੱਤਤਾ, ਜਾਣੇ-ਅਣਜਾਣੇ ਹੁਣ ਤਕ ਨਜ਼ਰ-ਅੰਦਾਜ਼ ਹੋਈ ਰਹੀ ਹੈ। ਇਸ ਇਤਿਹਾਸਿਕ ਘਟਨਾ ਪਿੱਛੇ ਕਾਰਜਸ਼ੀਲ ਭਾਵਨਾ ਤੇ ਮਿਸ਼ਨ ਨੂੰ ਸਮਝਣ ਦੀ ਲੋੜ ਹੈ। ਦੂਰ-ਅੰਦੇਸ਼ੀ ਨਾਲ ਲੰਮੇ ਸਮੇਂ ਲਈ ਕਿਸੇ ਸਾਰਥਕ ਤੇ ਉਸਾਰੂ ਪ੍ਰੋਗਰਾਮ ਦੀ ਲੋੜ ਹੈ। ਧੜੇਬੰਦਕ ਖਹਿਬਾਜ਼ੀ ਅਤੇ ਖਿਚੋਤਾਣ ਤੋਂ ਉੱਪਰ ਉੱਠ ਕੇ ਹੀ ਪੰਥ-ਪ੍ਰਸਤਾਂ ਦੇ ਹਿਰਦਿਆਂ ਵਿਚ ਚਾਅ ਤੇ ਉਤਸ਼ਾਹ ਪੈਦਾ ਹੋਵੇਗਾ। ਜੇਕਰ ਪੰਥਕ ਅਖਵਾਉਣ ਵਾਲਿਆਂ ਦੇ ਮਨਾਂ ਅੰਦਰ ਪੰਥ ਪ੍ਰਤੀ ਦਰਦ ਹੋਵੇ, ਤਾਂਹੀ ਆਪਣੇ ਨਿੱਜੀ ਸਵਾਰਥੀ ਹਿੱਤਾਂ ਤੋਂ ਉੱਪਰ ਉੱਠ ਕੇ ਪੰਥ ਹਿੱਤਾਂ ਲਈ ਕਾਰਜ ਕੀਤੇ ਜਾ ਸਕਦੇ ਹਨ। ਜਿਨ੍ਹਾਂ ਨੂੰ ਪੰਥ ਨਾਲੋਂ, ਆਪੋ-ਆਪਣੇ ਧੜੇ ਪਿਆਰੇ ਹਨ ਉਨ੍ਹਾਂ ਨੂੰ ਚੌਥੇ ਪਾਤਸ਼ਾਹ ਦੇ ਇਸ ਫ਼ਰਮਾਨ ਤੋਂ ਸਿੱਖਿਆ ਲੈਣੀ ਬਣਦੀ ਹੈ:

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ ੩੬੬)

ਕਿਸੇ ਨੇ ਆਪਣੇ ਮਿੱਤਰ, ਪੁੱਤਰ ਜਾਂ ਭਾਈ ਨਾਲ ਧੜਾ ਬਣਾਇਆ ਹੈ। ਕਿਸੇ ਨੇ ਆਪਣੇ ਕੁੜਮ ਨਾਲ ਜਾਂ ਆਪਣੇ ਜਵਾਈ ਨਾਲ ਧੜਾ ਬਣਾਇਆ ਹੈ। ਕਿਸੇ ਨੇ ਆਪਣੇ ਸਵਾਰਥ ਕਾਰਨ, ਸਰਦਾਰ ਜਾਂ ਚੌਧਰੀ ਨਾਲ ਧੜਾ ਬਣਾਇਆ ਹੋਇਆ ਹੈ ਪਰ ਗੁਰੂ ਜੀ ਦੱਸਦੇ ਹਨ ਕਿ ਇਹ ਸਾਰੇ ਧੜੇ ਮਾਇਆ ਦੇ ਮੋਹ ਦਾ ਪਸਾਰਾ ਹੈ। ਗਵਾਰ ਤੇ ਮੂਰਖ ਲੋਕ ਮਾਇਆ ਕਾਰਨ ਲੜਦੇ-ਝਗੜਦੇ ਹਨ; ਹੋਰ ਕੋਈ ਗੱਲ ਨਹੀਂ:

ਏਹ ਸਭਿ ਧੜੇ ਮਾਇਆ ਮੋਹ ਪਸਾਰੀ॥
ਮਾਇਆ ਕਉ ਲੂਝਹਿ ਗਾਵਾਰੀ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੬)*

ਜਿਨ੍ਹਾਂ ਨਾਲ ਧੜੇ ਬਣਾਏ ਜਾਂਦੇ ਹਨ, ਉਹ ਅਖੀਰ ਛੱਡ ਜਾਂਦੇ ਹਨ, ਚਲੇ ਜਾਂਦੇ ਹਨ। ਇਸ ਲਈ, ਇਨ੍ਹਾਂ ਧੜਿਆਂ ਦੀ ਟੇਕ ਬਿਰਥੀ ਹੈ। ਝੂਠੇ ਧੜਿਆਂ ਕਾਰਨ ਪਿੱਛੋਂ ਪਛਤਾਉਣਾ ਪੈਂਦਾ ਹੈ:

ਜਿਨ੍ ਸਿਉ ਧੜੇ ਕਰਹਿ ਸੇ ਜਾਹਿ॥

ਝੂਠੁ ਧੜੇ ਕਰਿ ਪਛੋਤਾਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੬)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਿਸ਼ਾ-ਨਿਰਦੇਸ਼ ਦਿੰਦੇ ਹੋਏ ਇਸੇ ਸ਼ਬਦ ਦੇ ਰਹਾਉ ਵਾਲੇ ਬੰਦ ਵਿਚ ਫੁਰਮਾਉਂਦੇ ਹਨ ਕਿ ਮੈਂ ਆਪਣਾ ਧੜਾ ਅਕਾਲ ਪੁਰਖ, ਵਾਹਿਗੁਰੂ ਨਾਲ ਬਣਾਇਆ ਹੋਇਆ ਹੈ; ਉਹੋ ਹੀ ਮੇਰੀ ਟੇਕ ਹੈ, ਆਧਾਰ ਹੈ। ਉਸ ਸਰਬ-ਸਮਰੱਥ ਵਾਹਿਗੁਰੂ ਤੋਂ ਬਿਨਾਂ, ਮੇਰਾ ਹੋਰ ਕੋਈ ਪੱਖ ਜਾਂ ਧੜਾ ਨਹੀਂ ਹੈ ਅਤੇ ਮੈਂ ਉਸ ਵਾਹਿਗੁਰੂ ਦੇ ਬੇਅੰਤ ਗੁਣਾਂ ਦੀ ਸਿਫਤ-ਸਲਾਹ ਕਰਦਾ ਹਾਂ, ਭਾਵ ਕਿਸੇ ਬਿਨਸਨਹਾਰ ਆਗੂ ਜਾਂ ਚੌਧਰੀ ਦਾ ਗੁਣ-ਗਾਣ ਨਹੀਂ ਕਰਦਾ:

ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ॥੧॥ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੬)

ਇੰਜ ਗੁਰੂ ਜੀ, ਪਰਮਾਤਮਾ ਦੇ ਪੱਖ ਵਾਲੇ ਧਰਮ-ਧੜੇ ਨਾਲ ਜੁੜਨ ਦਾ ਸੰਦੇਸ਼ ਦਿੰਦੇ ਹਨ, ਜਿਸ ਦੇ ਬਲ ਨਾਲ ਸਾਰਾ ਜਗਤ ਜਿੱਤਿਆ ਜਾਂਦਾ ਹੈ:

ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੬)

ਕਿਸੇ ਵੀ ਕੌਮ/ਸਮਾਜ/ਜਥੇਬੰਦੀ ਦੀ ਤਰੱਕੀ ਲਈ ਤਿੰਨ ਗੱਲਾਂ ਲਾਜ਼ਮੀ ਹੁੰਦੀਆਂ ਹਨ - ਏਕਤਾ, ਇਖ਼ਲਾਕ ਅਤੇ ਜ਼ਾਬਤਾ। ਇਨ੍ਹਾਂ ਤਿੰਨਾਂ 'ਚੋਂ ਇਕ ਦੀ ਘਾਟ ਵੀ ਪਿਛਾਂਹਖਿੱਚੂ ਨਤੀਜਿਆਂ ਦਾ ਕਾਰਨ ਬਣਦੀ ਹੈ। ਅਸੀਂ ਆਪਣੇ ਇਸ਼ਟ, ਅਕਾਲ ਪੁਰਖ ਨੂੰ ਉਕਤ ਤਿੰਨੇ ਗੱਲਾਂ ਦਾ ਮੁਜੱਸਮਾ ਮੰਨਦੇ ਹਾਂ। ਉਸ ਦੇ ਸਮੁੱਚੇ ਵਰਤਾਰੇ 'ਚੋਂ ਏਕਤਾ ਅਤੇ ਰੂਹਾਨੀ ਜ਼ਾਬਤੇ ਦੇ ਦਰਸ਼ਨ ਵੀ ਕਰਦੇ ਹਾਂ ਪਰ ਆਪਣੇ ਨਿੱਜੀ ਅਤੇ ਸਮਾਜਿਕ ਜੀਵਨ ਵਿਚ ਏਕਤਾ, ਇਖ਼ਲਾਕ ਤੇ ਜ਼ਾਬਤੇ ਨੂੰ ਨੇੜੇ ਨਹੀਂ ਫਟਕਣ ਦੇ ਰਹੇ। ਆਗਾਹਾ ਕੂ ਤ੍ਰਾਘਿ ਦੇ ਆਸ਼ੇ ਅਨੁਸਾਰ ਅਸੀਂ ਆਪਣੇ ਆਚਾਰ, ਵਿਹਾਰ ਅਤੇ ਕਿਰਦਾਰ ਨੂੰ ਰੱਬੀ ਰਜ਼ਾ ਦੇ ਅਨੁਕੂਲ ਢਾਲ ਨਹੀਂ ਸਕੇ। ਸਾਡਾ 'ਗੁਣੀ ਨਿਧਾਨ' ਇਸ਼ਟ ਸਾਡਾ ਆਦਰਸ਼ ਨਹੀਂ ਬਣ ਸਕਿਆ। ਜੇ ਸਾਡਾ ਇਸ਼ਟ ਇੱਕ ਹੈ ਤਾਂ ਸਾਡੀ ਸਾਰਿਆਂ ਦੀ ਸੋਚ ਵੀ ਇੱਕ ਹੋਣੀ ਚਾਹੀਦੀ ਹੈ। ਜੇ ਅਜਿਹਾ ਹੋਵੇ ਤਾਂ ਧੜੇਬੰਦੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬੇਸ਼ੱਕ ਮੂੰਹੋਂ-ਮੂੰਹੀਂ ਅਸੀਂ ਇੱਕ ਅਕਾਲ ਪੁਰਖ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਦੇ ਹਾਂ ਪਰ ਕਿਰਦਾਰ ਪੱਖੋਂ ਸਾਡੇ 'ਆਦਰਸ਼' ਕੁਝ ਹੋਰ ਹਨ। ਸਾਡੇ ਨਿਸ਼ਾਨੇ, ਸਾਡੇ ਉਦੇਸ਼ ਵੱਖੋ-ਵੱਖਰੇ ਹਨ। ਸਾਡੀ ਵੱਖੋ-ਵੱਖਰੀ ਸੋਚ ਦਰਸਾਉਂਦੀ ਹੈ ਕਿ ਸਾਡਾ ਇਸ਼ਟ ਇੱਕ ਨਹੀਂ। ਕਹਿਣ ਤੋਂ ਭਾਵ, ਪੰਥਕ ਪੱਧਰ 'ਤੇ ਇੱਕ ਸੋਚ, ਇੱਕ ਵਿਚਾਰਧਾਰਾ ਦੀ ਘਾਟ ਨੂੰ ਦੂਰ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਸੱਚੇ ਮਨੋਂ ਇਕ ਅਕਾਲ ਪੁਰਖ ਨੂੰ ਆਪਣਾ ਆਦਰਸ਼, ਆਪਣਾ ਇਸ਼ਟ

ਮੰਨੀਏ! ਤੇ ਆਪਣੇ ਕਿਰਦਾਰ ਰਾਹੀਂ ਸਾਬਤ ਕਰ ਦੇਈਏ ਕਿ ਅਸੀਂ ਇਕ ਵਾਹਿਗੁਰੂ ਤੋਂ ਸਿਵਾ ਹੋਰ ਕਿਸੇ ਦੇ ਪੁਜਾਰੀ ਨਹੀਂ।

ਅੱਜ ਅਸੀਂ ਇਤਿਹਾਸ ਦੇ ਇਕ ਅਹਿਮ ਮੋੜ 'ਤੇ ਖੜ੍ਹੇ ਹਾਂ। ਇਕ ਪਾਸੇ, ਅਸੀਂ ਤੇਜ਼ ਰਫਤਾਰ ਨਾਲ ਤਰੱਕੀ ਦੀਆਂ ਸਿਖਰਾਂ ਛੂਹ ਰਹੇ ਸੰਸਾਰ ਨੂੰ ਅਤੀ ਆਧੁਨਿਕ ਯੁੱਗ ਵਿਚ ਪ੍ਰਵੇਸ਼ ਹੁੰਦਾ ਤੱਕ ਰਹੇ ਹਾਂ ਜਦ ਕਿ ਦੂਜੇ ਪਾਸੇ, ਖਾਲਸੇ ਦਾ ਸਿਰਜਣਾ ਦਿਵਸ ਮਨਾ ਰਹੇ ਹਾਂ। ਜੇ ਅਜਿਹੇ ਮੌਕੇ 'ਤੇ ਵੀ ਅਸੀਂ ਪਿਛਾਂਹ-ਖਿੱਚੂ ਸੋਚਣੀ ਤੋਂ ਖਹਿੜਾ ਨਾ ਛੁਡਾਇਆ ਤਾਂ ਆਉਣ ਵਾਲੀਆਂ ਪੀੜੀਆਂ, ਅਜੋਕੇ ਇਤਿਹਾਸ ਦੇ ਪੰਨਿਆਂ ਨੂੰ ਕਿਸ ਨਜ਼ਰ ਨਾਲ ਵਾਚਣਗੀਆਂ, ਇਹ ਦੱਸਣ ਦੀ ਲੋੜ ਨਹੀਂ। ਸੋ ਆਓ! ਆਪਣੇ ਮਨਾਂ ਅੰਦਰ ਪੰਥਕ-ਪਿਆਰ ਦੇ ਦੀਪ ਜਗਾਈਏ ਅਤੇ ਹਰ ਤਰ੍ਹਾਂ ਦੇ ਗਿਲੇ-ਸ਼ਿਕਵੇ ਭੁਲਾ ਕੇ, ਪੰਥਕ ਏਕਤਾ ਲਈ ਧੜੇਬੰਦਕ ਸੋਚ ਨੂੰ ਵਗਾਹ ਮਾਰੀਏ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)

ਖਾਲਸਾ ਸਿਰਜਣਾ ਦਿਵਸ (ਵੈਸਾਖੀ) ਦੇ ਮਹਾਨ, ਪਵਿੱਤਰ ਤੇ ਇਤਿਹਾਸਿਕ ਮੌਕੇ ਉੱਪਰ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਏਕਤਾ, ਇਤਫ਼ਾਕ ਅਤੇ ਮੇਲ-ਜੋਲ ਦੀ ਭਾਵਨਾ ਨੂੰ ਉਜਾਗਰ ਕਰਨ ਦੀ ਦਿਸ਼ਾ ਵੱਲ ਮਿਲ ਕੇ ਕਦਮ ਵਧਾਈਏ! ਅਸੀਂ ਪਹਿਲਾਂ ਹੀ ਬਹੁਤ ਪਛੜ ਚੁਕੇ ਹਾਂ! ਇਸ ਲਈ, ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ-ਛਾਇਆ ਹੇਠ 'ਗੁਰੂ ਪੰਥ' ਨਾਲ ਜੁੜਨ ਦਾ ਪ੍ਰਣ ਕਰੀਏ ਅਤੇ ਸੰਸਾਰ ਨੂੰ 'ਸਰਬੱਤ ਦੇ ਭਲੇ' ਦੇ ਖਾਲਸਈ ਮਿਸ਼ਨ ਤੋਂ ਜਾਣੂ ਕਰਵਾਉਣ ਲਈ ਕੋਈ ਨਿੱਗਰ ਪ੍ਰੋਗਰਾਮ ਉਲੀਕੀਏ!

■

ਵਾਹਿਗੁਰੂ ਦਾ ਵਿਸਮਾਦੀ ਵਰਤਾਰਾ

*-ਪ੍ਰਿੰ. ਸੁਰਜੀਤ ਸਿੰਘ**

ਸਭ ਵਿਚਾਰਵਾਨ ਇਸ ਗੱਲ ਵਿਚ ਸਹਿਮਤ ਹਨ ਕਿ ਕੁੱਲ ਕਾਇਨਾਤ ਦੇ ਛੋਟੇ ਤੋਂ ਛੋਟੇ ਅਤਿ ਸੂਖਮ ਜੁਜ਼ ਤੋਂ ਲੈ ਕੇ ਵੱਡੇ ਤੋਂ ਵੱਡੇ ਅਤੇ ਅਤਿ ਵਿਸ਼ਾਲ ਆਕਾਰ ਦੇ ਅੰਗਾਂ ਤਕ, ਸਭ ਇਕ ਐਸੀ ਜੁਗਤਮਈ ਲੈਅ ਤੇ ਇਕਸੁਰਤਾ ਵਿਚ ਗੁੰਦੇ ਹੋਏ ਹਨ ਕਿ ਸਾਰੀ ਸ੍ਰਿਸਟੀ ਤੇ ਸਾਰੀ ਰਚਨਾ ਇਕ ਸੰਗਠਿਤ ਇਕਾਈ (Integrated Unity) ਦੇ ਰੂਪ ਵਿਚ ਵਿਚਰ ਰਹੀ ਹੈ। ਇਸ ਦੇ ਹਰ ਇਕ ਅੰਗ ਦਾ ਭਾਵੇਂ ਉਹ ਕਿੰਨਾ ਵੀ ਛੋਟਾ ਜਾਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਇਕ ਵੱਖਰਾ ਵਿਅਕਤਿਤਵ ਹੁੰਦਾ ਹੈ, ਇਸ ਦੀ ਵੱਖਰੀ ਹਸਤੀ ਤੇ ਇਸ ਦਾ ਵੱਖਰਾ ਆਚਰਨ ਜਾਂ ਸੁਭਾਅ ਹੁੰਦਾ ਹੈ, ਜਿਸ ਨੂੰ ਵਿਗਿਆਨੀ ਇਸ ਦੀ ਭੌਤਿਕਤਾ, ਪ੍ਰਾਕਿਰਤੀ ਜਾਂ ਕੁਦਰਤ (Nature) ਜਾਂ ਕੁਦਰਤੀ ਰੁਚੀ ਆਖਦੇ ਹਨ। ਇਸੇ ਕਰਕੇ ਵਿਗਿਆਨੀਆਂ ਤੇ ਵਿਚਾਰਵਾਨਾਂ ਨੇ ਇਸ ਨੂੰ ਵੱਖਰਾ ਨਾਮ ਤੇ ਵੱਖਰੀ ਪਛਾਣ ਦਿੱਤੀ ਹੋਈ ਹੈ। ਹਰ ਅੰਗ ਆਪਣੇ ਵਿਅਕਤੀਗਤ ਰੂਪ ਵਿਚ ਇਕ ਨਿਸਚਿਤ ਕ੍ਰਿਆ ਦੁਆਰਾ ਪੈਦਾ ਹੁੰਦਾ ਹੈ, ਕੁਦਰਤ ਵੱਲੋਂ ਦਿੱਤੇ ਸੁਭਾਅ ਅਨੁਸਾਰ ਵਿਚਰਦਾ, ਜਿਊਂਦਾ, ਵਧਦਾ-ਫੁਲਦਾ ਤੇ ਕੁਦਰਤ ਵੱਲੋਂ ਮਿੱਥਿਆ ਹੋਇਆ ਕਾਰਜ ਕਰਦਾ ਹੈ ਤੇ ਅੰਤ ਖੇਹ ਹੋ ਜਾਂਦਾ ਹੈ। ਹਿੰਦੁਸਤਾਨੀ ਵਿਚਾਰਵਾਨਾਂ ਨੇ ਇਨ੍ਹਾਂ ਤਿੰਨਾਂ ਕ੍ਰਿਆਵਾਂ- ਜੰਮਣ, ਜਿਊਣ ਅਤੇ ਮਰਨ ਨੂੰ ਤਿੰਨ ਵੱਖ-ਵੱਖ ਪਰਮੇਸ਼ਰੀ ਸ਼ਕਤੀਆਂ ਜਾਂ ਦੇਵਤਿਆਂ- ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ (ਸ਼ਿਵਜੀ) ਦੀ ਵੱਖਰੀ-ਵੱਖਰੀ ਜ਼ਿੰਮੇਵਾਰੀ ਮੰਨਿਆ ਹੈ। ਪਰ ਇਹ ਤਿੰਨੇ ਹੀ ਕ੍ਰਿਆਵਾਂ ਇਕ ਦੂ੦ਸਰੀ ਨਾਲ ਸਹਿਜ-ਸੁਭਾਅ ਹੀ ਜੁੜੀਆਂ ਹੋਈਆਂ ਹਨ, ਜਿਵੇਂ ਇਨ੍ਹਾਂ ਵਿਚ ਇਕ ਸੁਭਾਵਿਕ ਮਿਲਵਰਤਨ ਹੋਵੇ। ਕੋਈ ਵੀ ਕ੍ਰਿਆ ਆਪਣੇ ਆਪ ਵਿਚ ਨਵੇਕਲੀ ਤੇ ਖ਼ੁਦ-ਮੁਖਤਿਆਰ ਨਹੀਂ। ਇਕ ਤੋਂ ਦੂਸਰੀ ਵਿਚ ਆਪਣੇ ਆਪ ਤੇ ਸਹਿਜ-ਸੁਭਾਅ ਪ੍ਰਵੇਸ਼ ਹੁੰਦਾ ਰਹਿੰਦਾ ਹੈ। ਕਿਸੇ ਵੀ ਕ੍ਰਿਆ ਨੂੰ ਦੂਸਰਿਆਂ ਤੋਂ ਨਵੇਕਲੀ, ਨਿਆਰੀ ਤੇ ਨਿੱਖੜੀ ਹੋਈ ਮੰਨਣਾ- ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਨੂੰ ਅੱਡ-ਅੱਡ ਤੇ ਇਕ ਦੂਸਰੇ ਤੋਂ ਅਜ਼ਾਦ ਮੰਨਣਾ ਭੁੱਲ ਹੋਵੇਗੀ।

ਕਾਇਨਾਤ ਦੇ ਇਹ ਸਾਰੇ ਅੰਗ ਐਸੇ ਨਿਯਮਿਤ ਢੰਗ ਨਾਲ ਜੰਮਦੇ, ਆਪਣੀ ਕ੍ਰਿਆ ਕਰਦੇ ਹੋਏ ਜਿਊਂਦੇ ਤੇ ਮਰਦੇ ਹੋਏ, ਦੂਸਰਿਆਂ ਨਾਲ ਕਾਰਨ ਅਤੇ ਕਾਰਜ (Cause and effect) ਦੇ ਸੰਬੰਧਾਂ ਨਾਲ ਜੁੜੇ ਹੋਏ ਹਨ ਕਿ ਇਨ੍ਹਾਂ ਕ੍ਰਿਆਵਾਂ ਦੁਆਰਾ ਸਾਰੇ ਹੀ ਇਕ ਨਿਯਮਿਤ ਜੁਗਤ ਤੇ ਲੈਅ ਵਿਚ ਪਰੁੱਚੇ ਹੋਏ ਹਨ ਤੇ ਕੁੱਲ ਸ੍ਰਿਸ਼ਟੀ ਤੇ ਕੁੱਲ ਕਾਇਨਾਤ ਨੂੰ ਇਕ ਸੰਗੀਤ ਵਾਂਗ ਸੰਗਠਿਤ ਹੋਈ, ਬੱਝਵੀਂ, ਇਕਾਗਰ ਤੇ ਨਿਰੰਤਰ ਚੱਲਦੀ ਇਕਾਈ ਦਾ

* *ਈ-ਫ਼ਰੈਂਡਜ਼ ਕਾਲੋਨੀ, ਸਾਊਥ ਮਾਡਲ ਗਰਾਮ, ਲੁਧਿਆਣਾ।*

ਰੂਪ ਦਿੰਦੇ ਹਨ, ਐਨ ਉਸੇ ਤਰ੍ਹਾਂ ਜਿਵੇਂ ਕਿਸੇ ਸੰਗੀਤ ਜਾਂ ਨਾਦ ਵਿਚ ਸੁਰਾਂ ਸਹਿਜ-ਸੁਭਾਅ ਇਕ ਦੂਸਰੀ ਵਿਚ ਜਜ਼ਬ ਹੁੰਦੀਆਂ ਤੇ ਇਕ ਦੂਸਰੀ ਵਿੱਚੋਂ ਨਿਕਲਦੀਆਂ ਹਨ। ਇਸ ਨਿਰੰਤਰ ਨਾਦ ਦਾ, ਇਸ ਸੰਗੀਤਮਈ ਪ੍ਰਵਾਹ ਦਾ, ਨਾ ਤਾਂ ਕਿਧਰੇ ਅਰੰਭ ਹੈ, ਨ ਅਟਕਾਓ ਤੇ ਨਾ ਹੀ ਟੋਟ। ਕੀ ਅਸੀਂ ਇਸ ਨੂੰ ਅਨਹਦ ਨਾਦ ਨਹੀਂ ਆਖ ਸਕਦੇ?

ਇਸ ਸਮੁੱਚੀ ਤੇ ਅਟੁੱਟ ਚੱਲਦੀ ਇਕਾਈ ਵਿਚ ਕਾਲ ਜਾਂ ਸਮੇਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਤੇ ਬਲਵਾਨ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦੀ ਹੈ। ਇਸ ਦੇ ਪ੍ਰਭਾਵ ਹੇਠ ਇਸ ਸਮੁੱਚੀ ਇਕਾਈ ਦਾ ਹਰ ਅੰਗ- ਜੋ ਆਪਣੇ ਆਪ ਵਿਚ ਕਈ ਹੋਰ ਸੰਗੀਤਮਈ ਇਕਸੁਰਤਾ ਵਿਚ ਪਰੁੱਚੇ ਛੋਟੇ ਤੇ ਸੁਖਮ ਅੰਗਾਂ ਦਾ ਸੰਗਠਨ ਹੀ ਹੁੰਦਾ ਹੈ, ਉਸ ਦੀ ਬਣਤਰ, ਉਸ ਦਾ ਰੂਪ ਤੋਂ ਉਸ ਦੀ ਕ੍ਰਿਆ ਬਦਲਦੀ ਰਹਿੰਦੀ ਹੈ। ਇਸ ਦੇ ਨਾਲ ਹੀ ਇਹ ਕੁੱਲ ਇਕਾਈ ਵੀ ਇਕ ਨਿਯਮਿਤ ਤੇ ਨਿਸਚਿਤ ਢੰਗ ਨਾਲ ਬਦਲਦੀ ਤੇ ਰੂਪ ਵਟਾਂਦੀ ਰਹਿੰਦੀ ਹੈ। ਅੱਜ ਵਾਲਾ ਦ੍ਰਿਸ਼ ਗੁਜ਼ਰ ਚੁਕੇ ਕੱਲ੍ਹ ਵਾਲੇ ਦ੍ਰਿਸ਼ ਤੋਂ ਵੱਖਰਾ ਹੈ ਤੇ ਆਉਣ ਵਾਲੇ ਕੱਲ੍ਹ ਨੂੰ ਇਸ ਦਾ ਰੂਪ ਹੋਰ ਹੋਵੇਗਾ। ਪਰ ਇਸ ਦੀ ਸਮੁੱਚੇ ਰੂਪ ਵਿਚ ਚਾਲ ਤੇ ਨਿਰੰਤਰਤਾ ਤੇ ਇਸ ਦੀ ਜੁਗਤ-ਮਈ ਤਰਤੀਬ ਬਣੀ ਰਹਿੰਦੀ ਹੈ, ਜਿਵੇਂ ਇਕ ਰੁੱਖ ਦੇ ਪੁਰਾਣੇ ਪੱਤੇ ਝੜਦੇ ਤੇ ਨਵੇਂ ਨਿਕਲਦੇ ਰਹਿੰਦੇ ਹਨ, ਪਰ ਰੁੱਖ ਕਾਇਮ ਰਹਿੰਦਾ ਹੈ- ਖੜ-ਖੜ ਚੱਲਦੀ ਹੀ ਰਹਿੰਦੀ ਹੈ। ਜੁਗਤ ਦੀ ਇਹ ਨਿਰੰਤਰਤਾ ਸਮੇਂ ਦੇ ਨਾਲ-ਨਾਲ ਬਦਲਦੇ ਤੇ ਰੂਪ-ਵਟਾਂਦੇ ਅੰਗਾਂ ਦੇ ਬਾਵਜੂਦ, ਇਸ ਨੂੰ ਇਕ ਦ੍ਰਿਸ਼ਟਮਾਨ ਸੱਚਾਈ ਤੇ ਦਿੱਸਦੇ ਸੱਚ ਦਾ ਰੂਪ ਦਿੰਦੇ ਹਨ, ਜਿਸ ਨੂੰ ਵਿਗਿਆਨੀ ਪ੍ਰਤੱਖ ਅਸਲੀਅਤ (Objective reality) ਆਖਦੇ ਹਨ।

ਵਿਗਿਆਨੀਆਂ ਦਾ ਵਿਚਾਰ ਹੈ ਕਿ ਇਸ ਪ੍ਰਤੱਖ ਅਸਲੀਅਤ ਬਾਰੇ ਸੂਖ਼ਮ ਵਿਸ਼ਲੇਸ਼ਣ (Minute analysis) ਤੇ ਬਰੀਕਬੀਨੀ ਨਾਲ ਕੀਤੀ ਖੋਜ ਜਿਉਂ-ਜਿਉਂ ਅਗੇਰੇ ਵਧਦੀ ਹੈ, ਮਨੁੱਖ ਨੂੰ ਇਸ ਅਸਲੀਅਤ ਦੇ ਅੰਗਾਂ ਦੀ ਬਣਤਰ, ਉਨ੍ਹਾਂ ਦੇ ਸੁਭਾਓ ਤੇ ਕ੍ਰਿਆ ਬਾਰੇ ਵਧੇਰੇ ਜਾਣਕਾਰੀ ਮਿਲਦੀ ਹੈ। ਇਸ ਜਾਣਕਾਰੀ ਤੋਂ ਮਨੁੱਖ ਵਧੇਰੇ ਚਕ੍ਰਿਤ ਹੁੰਦਾ ਹੈ, ਉਸ ਦਾ ਖੋਜ ਲਈ ਉਤਸ਼ਾਹ ਵਧਦਾ ਹੈ ਤੇ ਉਹ ਹੋਰ ਡੂੰਘਾਈ ਵੱਲ ਅਗੇਰੇ ਤੇ ਫਿਰ ਹੋਰ ਅਗੇਰੇ ਵਧਦਾ ਹੈ। ਉਸ ਦੀ ਖੋਜ ਲਈ ਇਹ ਭੁੱਖ ਵਧਦੀ ਜਾਂਦੀ ਹੈ ਤੇ ਖੋਜ ਅਗੇਰੇ ਹੀ ਅਗੇਰੇ ਜਾਂਦੀ ਅਨੰਤ ਪ੍ਰਤੀਤ ਹੁੰਦੀ ਹੈ। ਇਹ ਨਿੱਤ ਡੂੰਘਾ ਹੋ ਰਿਹਾ ਰਹੱਸ ਮਨੁੱਖ ਵਿਚ ਐਸੇ ਵਿਸਮਾਦ ਦਾ ਅਹਿਸਾਸ ਪੈਦਾ ਕਰਦਾ ਹੈ, ਜਿਸ ਦੇ ਹੱਲ ਨੂੰ ਆਈਨਸਟਾਈਨ ਵਰਗਾ ਪ੍ਰਸਿੱਧ ਵਿਗਿਆਨੀ ਵੀ ਧਰਮ ਵਿਚੋਂ ਲੱਭਣ ਲਈ ਆਖਦਾ ਹੈ:

"Scientists of the stature of Einstein, though they reject the traditional ideas of God, have called for a religious response of wonder and awe in the face of cosmic mysteries."*

** John F Haught- The Cosmic Adventure Panlist Press 1984-Pp-83-84 Dr. Wazir Singh- "Fine Facets Of God in Sikhism" Journal Of Religious Studies Punjabi University Patiala-Autumn 1985*

ਦ੍ਰਿਸ਼ਟਮਾਨ ਕੁਦਰਤ ਦੇ ਇਸ ਰਹੱਸ ਤੋਂ ਪੈਦਾ ਹੋਏ, ਵਿਸਮਾਦ ਦਾ ਵਰਣਨ ਗੁਰੂ ਨਾਨਕ ਸਾਹਿਬ 'ਆਸਾ ਕੀ ਵਾਰ' ਵਿਚ ਕਰਦੇ ਹੋਏ ਕਹਿੰਦੇ ਹਨ ਕਿ ਇਸ ਨੂੰ ਵੱਡੇ ਭਾਗਾਂ ਨਾਲ ਹੀ ਸਮਝਿਆ ਜਾ ਸਕਦਾ ਹੈ:

ਵੇਖਿ ਵਿਡਾਣੁ ਰਹਿਆ ਵਿਸਮਾਦੁ॥
ਨਾਨਕ ਬੁਝਣੁ ਪੂਰੈ ਭਾਗਿ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੪)*

ਇਸ ਵਿਸਮਾਦ ਦੇ ਪ੍ਰਭਾਵ ਨੂੰ ਸਿੱਖ ਸਾਹਿਤ ਵਿਚ 'ਵਾਹਿਗੁਰੂ' ਸ਼ਬਦ ਨਾਲ ਅੰਕਤ ਕੀਤਾ ਜਾਂਦਾ ਹੈ। ਇਸ ਸ਼ਬਦ ਵਿਚ 'ਵਾਹੁ' ਨਾ ਕੇਵਲ ਅਚੰਭੇ ਤੇ ਵਿਸਮਾਦ ਦਾ ਹੀ ਭਾਵਵਾਚਕ ਉਚਾਰਨ ਹੈ, ਸਗੋਂ ਦ੍ਰਿਸਟਮਾਨ ਕੁਦਰਤ ਵਿਚ ਮੌਜੂਦ ਕਾਰੀਗਰੀ, ਅਥਵਾ ਇਸ ਦੇ ਰਚਨਹਾਰ ਕਾਰੀਗਰ- ਕਰਤਾ-ਪੁਰਖ ਦੀ ਤਾਰੀਫ਼ ਤੇ ਸਿਫ਼ਤ-ਸਲਾਹ ਦਾ ਵੀ ਲਖਾਇਕ ਹੈ। ਵਾਹੁ ਵਾਹੁ ਦੇ ਰੂਪ ਵਿਚ ਸਿਫ਼ਤ-ਸਲਾਹ ਨੂੰ *ਸਿਫਤੀ ਗੰਢੁ ਪਵੈ ਦਰਬਾਰਿ* ਅਨੁਸਾਰ, ਪਰਮਾਤਮਾ ਨਾਲ ਮਿਲਾਪ ਦਾ ਰਾਹ ਦੱਸਿਆ ਗਿਆ ਹੈ। ਵਾਹੁ ਵਾਹੁ ਦੇ ਰੂਪ ਵਿਚ ਸਿਫ਼ਤ ਸਲਾਹ ਇਸ ਦ੍ਰਿਸ਼ਟਮਾਨ ਕੁਦਰਤ ਰਾਹੀਂ ਪਰਮਾਤਮਾ ਆਪ ਅਖਵਾਂਦਾ ਹੈ।

ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ॥
ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੪)

ਇਸ ਵਾਹਿਗੁਰੂ ਸ਼ਬਦ ਦਾ ਦੂਸਰਾ ਭਾਗ "ਗੁਰੂ" ਇਸ ਅਚੰਭੇ ਤੇ ਵਿਸਮਾਦ ਵਿਚ ਛੁਪੀ ਕੁਦਰਤ ਦੀ ਅਨੰਤਤਾ ਦੀ ਖੋਜ ਵੱਲ ਕਸ਼ਿਸ਼ ਇਸ ਦੀ ਖੋਜ ਭੁੱਖ ਜਾਂ ਚਾਹ ਦੀ ਸੂਚਕ ਹੈ ਜੋ ਤੁਹਾਨੂੰ ਇਸ ਦੇ ਅੰਤ੍ਰੀਵੀ ਤੇ ਅੰਤਮ ਸੱਚ (Absolute Reality) ਦੇ ਗਿਆਨ ਵੱਲ ਪ੍ਰੇਰਤ ਕਰਦੀ ਹੈ। ਇਹ ਕਸ਼ਿਸ਼ ਹੀ ਤੁਹਾਡੇ ਅੰਦਰ ਵੱਸਦੇ ਗੁਰੂ ਦਾ ਸੂਖ਼ਮ ਤੇ ਨਿਰ-ਆਕਾਰੀ ਰੂਪ ਹੈ, ਜੋ ਸ਼ਬਦ-ਗੁਰੂ ਹੈ।

'ਆਸਾ ਕੀ ਵਾਰ' ਦੇ ਉੱਪਰ ਦੱਸੇ (ਤੀਸਰੇ) ਸਲੋਕ ਦੇ ਅਗਲੇ ਭਾਗ ਵਿਚ ਗੁਰੂ ਨਾਨਕ ਸਾਹਿਬ ਕੁਦਰਤ ਦੀ ਵਿਆਖਿਆ ਕਰਦਿਆਂ ਹੋਇਆਂ ਜਿੱਥੇ ਇਸ ਦੇ ਵਿਸ਼ਾਲ ਘੇਰੇ ਦਾ ਵਰਣਨ ਕਰਦੇ ਹਨ, ਉੱਥੇ ਕੁਦਰਤ ਦੇ ਇਸ ਵਿਸਮਾਦੀ ਰਹੱਸ ਨੂੰ ਖੋਲ੍ਹਦੇ ਹੋਏ ਕਹਿੰਦੇ ਹਨ: *ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥* ਇੱਥੇ ਗੁਰੂ ਸਾਹਿਬ ਪਰਮਾਤਮਾ ਨੂੰ ਕਰਤਾ-ਪੁਰਖ ਦੇ ਰੂਪ ਵਿਚ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਮੰਨਦੇ ਹੋਏ, ਇਸ ਦੇ ਵਰਤਾਰੇ ਨੂੰ ਪਰਮਾਤਮਾ ਦੇ ਹੁਕਮ ਦਾ ਵਰਤਾਰਾ ਮੰਨਦੇ ਹਨ ਤੇ ਇਸ ਗੱਲ ਉੱਤੇ ਖ਼ਾਸ ਜ਼ੋਰ ਦਿੰਦੇ ਹਨ ਕਿ ਉਹ ਕੁਦਰਤ ਦੇ ਸਾਰੇ ਅੰਗਾਂ ਵਿਚ ਸਭ ਥਾਈਂ ਇਕੱਲਾ ਆਪ ਹੀ ਆਪ ਪੂਰੀ ਨਿਪੁੰਨਤਾ ਨਾਲ ਵਰਤ ਰਿਹਾ ਹੈ। ਇਹ ਸਭ ਕੁਝ, ਕੁੱਲ ਸ੍ਰਿਸ਼ਟੀ ਤੇ ਕੁਦਰਤ ਦਾ ਇਕ ਇਕ ਜੁਜ਼ ਉਸੇ ਦਾ ਹੀ ਰੂਪ ਹੈ। ਇਨ੍ਹਾਂ

ਸਾਰੇ ਅੰਗਾਂ ਵਿਚ ਜੋ ਵਰਤਾਰਾ ਚੱਲ ਰਿਹਾ ਹੈ, ਇਨ੍ਹਾਂ ਦੀ ਜੋ ਕ੍ਰਿਆ ਹੈ, ਉਹ ਸਾਰੀ ਉਸੇ ਦੇ ਹੁਕਮ ਵਿਚ ਹੋ ਰਹੀ ਹੈ। ਇਸੇ ਹੁਕਮ ਕਰਕੇ ਹੀ ਸਾਰੇ ਅੰਗ, ਕਾਰਨ ਤੇ ਕਾਰਜ ਦੇ ਰੂਪ ਵਿਚ ਇਕ ਦੂਸਰੇ ਨਾਲ ਐਸੀ ਸੰਗੀਤ ਵਰਗੀ ਇਕਾਈ ਵਿਚ ਜੁੜੇ ਹੋਏ ਹਨ ਕਿ ਇਸ ਵਿਚ ਨਾ ਕੋਈ ਟੋਟ ਆਉਂਦੀ ਹੈ, ਨਾ ਕੋਈ ਅਟਕਾਓ। ਹੁਕਮ ਦਾ ਵਰਤਾਰਾ ਨਿਰੰਤਰ ਚੱਲਦਾ ਰਹਿੰਦਾ ਹੈ। ਭਾਵੇਂ ਇਸ ਦੇ ਅੰਗ ਵਿਅਕਤੀਗਤ ਰੂਪ ਵਿਚ ਜੰਮਦੇ, ਹੁਕਮ ਅਨੁਸਾਰ ਮਿੱਥੀ ਗਈ ਆਪਣੀ ਕ੍ਰਿਆ ਕਰਦੇ ਹੋਏ ਜਿਊਂਦੇ ਅਤੇ ਮਰਦੇ ਰਹਿੰਦੇ ਹਨ, ਪ੍ਰੰਤੂ ਕੁੱਲ ਇਕਾਈ ਰਹਿੰਦੀ ਹੈ। ਇਸ ਦੇ ਅੰਗਾਂ ਦਾ ਕ੍ਰਿਆਸ਼ੀਲ ਸੰਗਠਨ ਬਣਿਆ ਹੀ ਰਹਿੰਦਾ ਹੈ। ਅੰਗਾਂ, ਕੁਦਰਤ ਅਤੇ ਕਾਦਰ ਦਾ ਜੋੜ ਜਾਂ ਜੀਵ ਜਗਤ ਅਤੇ ਬ੍ਰਹਮ ਦਾ ਸੰਗਠਨ ਚੱਲਦਾ ਹੀ ਰਹਿੰਦਾ ਹੈ।

ਸ੍ਰਿਸ਼ਟੀ ਦੇ ਇਕ ਇਕ ਅੰਗ ਵਿੱਚੋਂ *ਜੋ ਦੀਸੈ ਸੋ ਤੇਰਾ ਰੂਪੁ* ਤੇ ਇਸ ਗੱਲ ਦੀ ਚਾਲ, ਕ੍ਰਿਆ ਤੇ ਇਸ ਦੇ ਸੰਗਠਨ ਵਿੱਚੋਂ ਸਭੁ ਇਕੋ ਹੁਕਮੁ ਵਰਤਦੇ ਦਾ ਝਲਕਾਰਾ ਹਰ ਪੱਧਰ ਉਤੇ ਬਣਿਆ ਰਹਿੰਦਾ ਹੈ। ਹਰ ਪੱਧਰ ਉਤੇ ''ਵਾਹਿਗੁਰੂ'' ਦਾ ਵਿਸਮਾਦੀ ਸੁਨੇਹਾ ਮਨੁੱਖ ਨੂੰ ਮਿਲਦਾ ਹੀ ਰਹਿੰਦਾ ਹੈ। ਇਹ ਵਿਸਮਾਦ ਆਪਣੇ ਪ੍ਰਭਾਵ ਨਾਲ 'ਵਾਹਿਗੁਰੂ' ਕਰਤਾ-ਪੁਰਖ ਆਪ ਮਨੁੱਖ ਦੇ ਮੂੰਹੋਂ ਅਖਵਾਂਦਾ ਰਹਿੰਦਾ ਹੈ:

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੬)*

ਨਿਰੰਕਾਰ ਦੇ ਆਕਾਰ ਰੂਪ ਨੂੰ ਹੀ ਗੁਰਬਾਣੀ ਵਿਚ 'ਨਾਮ' ਕਿਹਾ ਹੈ। ਇਸ ਨਾਮ ਦੀ ਪਛਾਣ ਤੇ ਇਸ ਦੇ ਲੜ ਲੱਗਣਾ ਹੀ ਸਿੱਖੀ ਮਾਰਗ ਹੈ।

ਖਿਆਲ ਰਹੇ ਕਿ ਨਾਮ ਰਾਹੀਂ ਹੀ, *ਜੋ ਦੀਸੈ ਸੋ ਤੇਰਾ ਰੂਪ* ਰਾਹੀਂ ਹੀ *ਗੁਣ ਨਿਧਾਨ ਗੋਵਿੰਦ ਅਨੂਪ* ਦਾ ਅਗੰਮ ਤੇ ਅਗੋਚਰ, ਬੇਅੰਤ ਤੇ ਬੇਓੜਕ ਚਰਿੱਤਰ ਸਮਝ ਆ ਸਕਦਾ ਹੈ। ਇਸ ਦੀ ਸਮਝ ਤੋਂ ਪ੍ਰਭਾਵਿਤ ਹੋ ਕੇ ਹੀ ਮਨੁੱਖ ਉਸ ਕਰਤਾ ਪੁਰਖ ਦੀ ਸਿਫ਼ਤ-ਸਲਾਹ ਵਿਚ ਲੱਗੇਗਾ। ਇਸ ਤੋਂ ਪ੍ਰਭਾਵਿਤ ਹੋ ਕੇ ਹੀ ਉਸ ਨੂੰ ਆਪਣੀ ਹਸਤੀ ਦੇ ਨਿਗੂਣੇਪਨ ਦਾ ਅਹਿਸਾਸ ਹੋਵੇਗਾ, ਉਸ ਦੀ ਆਪਣੀ ਹਉਮੈਂ ਖ਼ਤਮ ਹੋਵੇਗੀ ਤੇ ਉਹ ਹੁਕਮ ਤੇ ਭਾਣੇ ਵਿਚ, ਨਾਮ ਵਿਚ ਲੀਨ ਹੋ ਕੇ ਬ੍ਰਹਮ ਨਾਲ ਇਕ-ਸੁਰ ਹੁੰਦਾ ਹੋਇਆ, ਉਸ ਨਾਲ ਇਕ-ਮਿਕ ਹੋ ਜਾਵੇਗਾ, ਜੇਕਰ ਉਸ ਦੀ ਕਿਰਪਾ ਹੋ ਜਾਵੇ:

ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੪)

ਇਸੇ ਕਰਕੇ ਹੀ ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਧਰਤੀ ਨੂੰ ਜੋ ਕੁਦਰਤ ਦੇ ਮਨਜ਼ਰ ਦੀ ਸਟੇਜ ਹੈ, 'ਧਰਮ ਸਾਲ' ਕਿਹਾ ਹੈ। ਵਾਹਿਗੁਰੂ ਸ਼ਬਦ ਦੇ ਇਸ ਲਕਸ਼ ਕਰਕੇ ਹੀ ਭਾਈ ਗੁਰਦਾਸ ਜੀ ਨੇ ਕਿਹਾ ਹੈ:

ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ। *(ਵਾਰ ੧੩:੨)*

ਖਾਲਸੇ ਦੀ ਮਹਾਨਤਾ

*-ਪ੍ਰੋ. ਕਿਰਪਾਲ ਸਿੰਘ ਬਡੁੰਗਰ**

ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਬਿਕ੍ਰਮੀ (੧੬੯੯ ਈ.) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ, ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਇਸ ਵੇਲੇ ਤਕ ਹਾੜੀ ਦੀ ਫਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾ ਕਿਸੇ ਭੇਦ-ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ, ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਿਜਾਤ ਦਿਵਾਉਣ ਲਈ ਅਤੇ ਉਸ ਦੇ ਸਰਬਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ ਅਤੇ ਇਕ ਨਵੇਂ ਸੱਜਰੇ ਜੀਵਨ ਦੀ ਸ਼ੁਰੂਆਤ ਸੀ। ਵੈਸਾਖ ਮਹੀਨੇ ਨੂੰ ਗੁਰਬਾਣੀ ਵਿਚ ਭਲਾ ਕਿਹਾ ਗਿਆ ਹੈ:

ਵੈਸਾਖੁ ਭਲਾ ਸਾਖਾ ਵੇਸ ਕਰੇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ੨੩੦ ਸਾਲ ਦਸ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ ਹੈ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ-ਜੋਤਿ ਵਰਤਦੀ ਸੀ। ਉਨ੍ਹਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇਕ ਹੀ ਸੀ:

-ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬)

-ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੬)*

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ, ਖਾਲਸੇ ਦੀ ਸਾਜਨਾ। ਖਾਲਸਾ ਇਕ ਆਦਰਸ਼ ਪੁਰਖ ਸੀ, ਜਿਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਬਪੱਖੀ, ਸਰਬ ਪ੍ਰਕਾਰ ਦੇ ਸਦਗੁਣਾਂ ਨਾਲ ਭਰਪੂਰ, ਆਤਮ-ਵਿਸ਼ਵਾਸ, ਸਵੈ-ਨਿਰਭਰ ਤੇ ਸੰਪੂਰਨ ਮਨੁੱਖ ਹੈ।

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿੰਤਸਰ। ਮੋ. ੯੯੧੫੮੦੫੧੦੦*

ਖਾਲਸਾ ਸੰਤ ਵੀ ਹੈ, ਸਿਪਾਹੀ ਵੀ। ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ। ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ, ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ, ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੩)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾ ਉਹ ਕਿਸੇ ਦੇ ਅਧੀਨ ਨਹੀਂ, ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤਿ ਦਾ ਪੁਜਾਰੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ, ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਇਆ ਹੈ:

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥
ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ,੧੪੨)

ਖਾਲਸਾ ਕਿਸੇ ਪ੍ਰਕਾਰ ਦੇ ਕਰਮ-ਕਾਂਡ, ਵਹਿਮ-ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿੱਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ, ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਮਿਸਾਲ ਪੇਸ਼ ਕੀਤੀ ਹੈ:

-ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ॥
ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਿਸ ਜਾਨੈ॥ (ਤੇਤੀ ਸਵੱਯੇ)
-ਖਾਲਸਾ ਖਾਸ ਕਹਾਵੈ ਸੋਈ, ਜਾਕੇ ਹਿਰਦੈ ਭਰਮ ਨਾ ਹੋਈ।
ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ। (ਸ੍ਰੀ ਗੁਰ ਸੋਭਾ)

੩੦ ਮਾਰਚ, ੧੬੯੯, ਸੰਮਤ ੧੭੫੬ ਦੀ ਵੈਸਾਖੀ ਦੇ ਦਿਹਾੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਸਥਾਨ 'ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ *ਸਿਰੁ ਧਰਿ ਤਲੀ ਗਲੀ ਮੇਰੀ ਆਉ* ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਨੂੰ ਸੀਸ ਭੇਟ ਕਰਨ ਦੀ ਮੰਗ ਕੀਤੀ। ਗੁਰੂ

ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ- ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਸਾਹਿਬ ਚੰਦ ਤੇ ਭਾਈ ਮੁਹਕਮ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ-ਬਾਟੇ ਦਾ ਅੰਮ੍ਰਿਤ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਇਆ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ 'ਸਿੰਘ' ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੁਹਕਮ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਨਾਸ ਤੇ ਵਰਨ ਨਾਸ ਕਰ ਕੇ ਖਾਲਸੇ ਦਾ ਰੂਪ ਬਖਸ਼ਿਆ। ਫਿਰ ਇਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿੱਤਾ। ਭਾਈ ਗੁਰਦਾਸ ਜੀ (ਦੂਜਾ) ਨੇ ਲਿਖਿਆ:

ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਤੋਂ ਚੱਲੀ ਆ ਰਹੀ ਗੁਰੂ ਚੇਲੇ ਦੀ ਪ੍ਰਥਾ ਦਾ ਅੰਤ ਕਰ ਦਿੱਤਾ। ਉਨ੍ਹਾਂ ਨੇ ਆਪਣੇ ਹੱਥੀਂ ਖਾਲਸਾ ਸਜਾਏ ਪੰਜਾਂ ਸਿੰਘਾਂ ਦੇ ਹੱਥੋਂ ਆਪ ਅੰਮ੍ਰਿਤ-ਪਾਨ ਕੀਤਾ।

ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ-ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇੱਕ ਹੀ ਸਮਝਿਆ ਗਿਆ ਹੈ, ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

-ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩)

-ਗੁਰੁ ਸਿਖੁ ਸਿਖੁ ਗੁਰੁ ਹੈ ਏਕੋ ਗੁਰ ਉਪਦੇਸੁ ਚਲਾਏ॥ (ਸ੍ਰੀ ਗੁਰੂ ਗ੍ਰੰਥ ਸਾਹਿਬ,੪੪੪)

ਇਹ ਪੰਚ ਜਾਂ ਬ੍ਰਹਮਗਿਆਨੀ ਸਿੱਖ ਖਾਲਸੇ ਦੀ ਰਹਿਣੀ-ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ, ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ *ਸਾਬਤ ਸੂਰਤਿ ਦਸਤਾਰ ਸਿਰਾ* ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ- ਕੇਸ, ਕਿਰਪਾਨ, ਕੰਘਾ, ਕਛਿਹਰਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ

ਕੁਰਹਿਤਾਂ ਇਸ ਲਈ ਮਨ੍ਹਾਂ ਹਨ- ਤਮਾਕੂ, ਕੁੱਠਾ, ਪਰ-ਇਸਤਰੀ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸਾ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜੀਣਾ ਨਹੀਂ, ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ, ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ ਤੇ ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੂੰ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦੇਣਾ ਚਾਹੀਦਾ ਹੈ। ਖਾਲਸੇ ਲਈ ਇਹ ਸ਼ਰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖ ਦਿੱਤੀ ਸੀ:

-ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)

-ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

(ਪਾਤਸ਼ਾਹੀ ੧੦)

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਦਾ ਝਾੜੂ ਲੈ ਕੇ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ, ੧੭੧੦ ਈ. ਨੂੰ ਸਰਹੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ, ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ, ਜਿਨ੍ਹਾਂ ਤੋਂ ਖੂੰਖਾਰ ਪਠਾਣ ਵੀ ਭੈ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ ਰੋਣ ਤੋਂ ਚੁੱਪ ਕਰਾਉਣ ਲਈ 'ਹਰੀਆ ਰਾਗਲੇ' ਕਹਿ ਕੇ ਡਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ, ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ 'ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ 'ਤੇ

ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ-ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ ਤੇ ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਹਦੇ ਵਿਚ ਕੋਈ ਅਤਿਕਥਨੀ ਨਹੀਂ ਹੈ। ਇਹ ਮੈਂ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਖੀ ਰੱਖ ਕੇ ਕਹਿ ਰਹਿ ਹਾਂ:

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌਂ ਕਰੌ ਨਿਵਾਸ।
ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।
ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।
ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।
ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।
ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ॥

(ਸਰਬਲੋਹ ਗ੍ਰੰਥ)

ਖਾਲਸਾ ਗੁਰੂ ਦਾ ਪੈਰੋਕਾਰ ਹੀ ਨਹੀਂ, ਸਗੋਂ ਗੁਰੂ-ਘਰ ਦਾ ਅਸਲੀ ਵਾਰਿਸ ਵੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਨਾਲ ਜੰਗ-ਯੁੱਧ ਕਰਨ ਲਈ ਜਾਂ ਕਿਸੇ ਵਿਸ਼ੇਸ਼ ਧਰਮ ਦੀ ਰਾਖੀ ਲਈ ਖਾਲਸਾ ਫੌਜ ਤਿਆਰ ਨਹੀਂ ਸੀ ਕੀਤੀ। ਇਹ ਮਨੁੱਖੀ ਵਿਕਾਸ ਦਾ ਸਿਖਰ ਸੀ। ਗੁਰੂ ਸਾਹਿਬ ਦੇ ਮਨ ਵਿਚ ਖਾਲਸਾ ਦਾ ਦਰਜਾ ਬਹੁਤ ਉੱਚਾ ਸੀ। ਇਸ ਦੇ ਉਦੇਸ਼ ਬਾਰੇ ਗੁਰੂ ਸਾਹਿਬ ਨੇ ਫੁਰਮਾਇਆ ਹੈ:

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥

(ਬਚਿਤ੍ਰ ਨਾਟਕ)

ਆਮ ਤੌਰ 'ਤੇ ਸਿੱਖ ਗੁਰੂ ਦੀ ਕਿਰਪਾ ਦਾ ਪਾਤਰ ਹੁੰਦਾ ਹੈ ਪਰ ਗੁਰੂ ਸਾਹਿਬ ਨੇ ਆਪਣੇ ਆਪ ਉੱਤੇ ਖਾਲਸੇ ਦੀ ਕਿਰਪਾ ਦਾ ਸ਼ੁਕਰਾਨਾ ਕੀਤਾ ਹੈ। ਜਿਵੇਂ ਸਿੱਖ ਗੁਰੂ ਨੂੰ ਆਪਣਾ ਤਨ-ਮਨ-ਧਨ ਸੌਂਪ ਦਿੰਦਾ ਹੈ, ਇਸ ਤਰ੍ਹਾਂ ਗੁਰੂ ਜੀ ਨੇ ਆਪਣਾ ਸਭ ਕੁਝ ਖਾਲਸੇ ਨੂੰ ਅਰਪਨ ਕੀਤਾ ਹੈ। ਇਸ ਤੋਂ ਵੱਧ ਖਾਲਸੇ ਦੀ ਹੋਰ ਕੀ ਵਡਿਆਈ ਹੋ ਸਕਦੀ ਹੈ:

-ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥ (ਦਸਮ ਗ੍ਰੰਥ)

-ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥

(ਗਿਆਨ ਪ੍ਰਬੋਧ)

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ, ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ:

-ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।
ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਊ ਮੈਂ ਸਾਰਾ।

(ਸਰਬਲੋਹ ਗ੍ਰੰਥ)

-ਪਾਂਚ ਕੀ ਕੁਸੰਗਤ ਤਜਿ ਸੰਗਤਿ ਸੋ ਪ੍ਰੀਤਿ ਕਰੇ।
ਦਯਾ ਔ ਧਰਮ ਧਾਰਿ ਤਿਆਗੇ ਸਭ ਲਾਲਸਾ।
ਹੁਕਾ ਨਾ ਪੀਵੈ ਸੀਸ ਦਾੜੀ ਨਾ ਮੁਡਾਵੈ।
ਸੋ ਤੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ ਕਾ ਖਾਲਸਾ। (ਸ੍ਰੀ ਗੁਰ ਸੋਭਾ)

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ-ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫ਼ਤਿਹ ਪ੍ਰਾਪਤ ਕੀਤੀ। ਇਸ ਤਰ੍ਹਾਂ ਉਲਟ ਹਾਲਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ।

ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ

ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤ ਸਾਹਿਬਾਨ ਦੀ ਬਾਣੀ, ਗੁਰੂ ਸਾਹਿਬਾਨ ਦੇ ਉੱਚੇ-ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ, ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ, ਤ੍ਰੈ-ਕਾਲੀ ਦ੍ਰਿਸ਼ਟੀ ਅਤੇ ਬੇ-ਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ 'ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹੋਏ ਹਨ। ਕਿਸੇ ਵੀ ਵਕਤੀ ਜਥੇਬੰਦੀ ਨੂੰ ਕਾਇਮ ਕਰਨ ਲਈ ਏਡਾ ਲੰਮਾ ਚੌੜਾ ਪਿਛੋਕੜ, ਇਤਿਹਾਸ ਅਤੇ ਪਰੰਪਰਾਵਾਂ ਕਾਇਮ ਕਰਨ ਦੀ ਲੋੜ ਨਹੀਂ ਹੁੰਦੀ। ਖਾਲਸਾ ਮਨੁੱਖਤਾ ਦੀ ਸਰਬ ਸਮੇਂ ਲਈ ਅਤੇ ਸਰਬ ਸਥਾਨ ਲਈ ਕੀਮਤੀ ਵਿਰਾਸਤ ਹੈ। ਮਨੁੱਖ ਦੀਆਂ ਬਣਾਈਆਂ ਜਥੇਬੰਦੀਆਂ ਅਤੇ ਸਭਾ-ਸੁਸਾਇਟੀਆਂ ਵਕਤੀ ਹੋ ਸਕਦੀਆਂ ਹਨ, ਪਰ ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀਂ ਹੋ ਸਕਦਾ; ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ-ਕਾਲ ਲਈ ਹੁੰਦੀ ਹੈ। ਜੋ ਲੋਕ ਇਸ ਨੂੰ ਵਕਤੀ ਜ਼ਰੂਰਤ ਦੀ ਚੀਜ਼ ਦੱਸ ਕੇ ਇਸ ਦੀ ਵੱਖਰੀ ਪਛਾਣ ਨੂੰ ਬੇਲੋੜੀ ਆਖ ਰਹੇ ਹਨ, ਉਨ੍ਹਾਂ ਦੀ ਇਹ ਬਹੁਤ ਵੱਡੀ ਭੁੱਲ ਹੈ। ਉਨ੍ਹਾਂ ਦੀ ਇਹ ਸੋਚ ਅਗਿਆਨਤਾ ਜਾਂ ਈਰਖਾ ਦੀ ਉਪਜ ਹੈ।

ਅੱਜ ਅਸੀਂ ਖਾਲਸਾਈ ਸੱਭਿਆਚਾਰ ਤਿਆਗ ਕੇ ਪਦਾਰਥਵਾਦ ਅਤੇ ਪੱਛਮੀ ਸੱਭਿਆਚਾਰ ਦੀ ਚਕਾਚੌਂਧ ਵਿਚ ਉਲਝ ਕੇ ਰਹਿ ਗਏ ਹਾਂ। ਅੱਜ ਲੋੜ ਹੈ ਪੰਥ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ-ਸੋਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇਕ-ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਕਿਰਦਾਰ ਵਾਲਾ ਬਣਾ ਸਕੀਏ।

■

ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

ਸ੍ਰੀ ਦਸਮੇਸ਼ ਜੀ ਦੀ ਅਮਰ ਨਿਸ਼ਾਨੀ – ਪੰਥ ਖਾਲਸਾ

*–ਡਾ. ਸਰਬਜੀਤ ਕੌਰ ਸੰਧਾਵਾਲੀਆ**

ਮਹਾਰਾਜ ਜੀ ਦੇ ਮਹਾਨ ਉਪਕਾਰਾਂ ਵਿੱਚੋਂ ਖਾਲਸਾ ਪੰਥ ਦੀ ਸਿਰਜਣਾ ਇਕ ਅਨੋਖਾ ਕ੍ਰਿਸ਼ਮਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਜਾਮੇ ਵਿਚ ਨਿਰਮਲ ਪੰਥ ਚਲਾਇਆ, ਸੱਚਖੰਡ ਜਾਣ ਦਾ ਰਸਤਾ ਦੱਸਿਆ। ਫਿਰ ਨੌਵੇਂ ਜਾਮੇ ਤਕ ਸਾਰੇ ਗੁਰੂ ਪਾਤਸ਼ਾਹ ਨੇ ਇਸ ਰਾਹ ਨੂੰ ਪੱਧਰਾ ਕੀਤਾ ਅਤੇ ਦਸਵੇਂ ਜਾਮੇ ਵਿਚ ਪਾਤਸ਼ਾਹ ਜੀ ਨੇ ਆਪਣੇ ਸਰਬੰਸ ਦਾ ਪਵਿੱਤਰ ਖ਼ੂਨ ਪਾ ਕੇ ਇਸ ਨੂੰ ਮਜ਼ਬੂਤ ਕਰ ਦਿੱਤਾ। ਸਾਨੂੰ ਸਰਦਾਰ ਪਦਵੀ ਬਖ਼ਸ਼ਣ ਲਈ ਅੰਮ੍ਰਿਤ ਦੀ ਦਾਤ ਦਿੱਤੀ। ੧੭੫੬ ਬਿਕ੍ਰਮੀ ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਕੇਸਗੜ ਸਾਹਿਬ ਸਥਾਨ 'ਤੇ ਖੰਡੇ ਦੀ ਧਾਰ ਵਿੱਚੋਂ ਖ਼ਾਲਸਾ ਪ੍ਰਗਟ ਕੀਤਾ। ਆਪ ਜੀ ਨੇ ਵਾਰੀ ਵਾਰੀ ਪੰਜ ਸਿਰਾਂ ਦੀ ਮੰਗ ਕੀਤੀ, ਮਰਜੀਵੜੇ ਨਿੱਤਰੇ ਅਤੇ ਪ੍ਰੀਖਿਆ ਵਿੱਚੋਂ ਪਾਸ ਹੋਏ। ਜਿਨ੍ਹਾਂ ਨੇ ਮੌਤ ਨੂੰ ਕਬੂਲ ਕੇ ਮਹਾਰਾਜ ਜੀ ਦੇ ਬਚਨਾਂ ਨੂੰ ਕਮਾ ਲਿਆ, ਉਨ੍ਹਾਂ ਨੂੰ ਆਪ ਜੀ ਨੇ ਜੀਵਨ-ਮੁਕਤ ਕਰ ਦਿੱਤਾ। ਪੰਜਾਂ ਪਿਆਰਿਆਂ ਦੇ ਖ਼ਿਤਾਬ ਨਾਲ ਨਿਵਾਜਿਆ। ਫਿਰ ਆਪ ਨੇ ਹਜ਼ਾਰਾਂ ਰਾਜ-ਜੋਗੀਆਂ, ਸੰਤ-ਸਿਪਾਹੀਆਂ ਅਤੇ ਰੱਬੀ ਇਨਸਾਨਾਂ ਦੀ ਆਦਰਸ਼ ਜਥੇਬੰਦੀ ਸਾਜੀ ਜਿਨ੍ਹਾਂ ਦਾ ਇੱਕ ਇਸ਼ਟ, ਇੱਕ ਧਰਮ, ਇੱਕ ਨਿਸ਼ਾਨਾ, ਇੱਕ ਲਿਬਾਸ, ਇਕ ਲੰਗਰ ਅਤੇ ਇਕ ਹੀ ਸੂਰਤ ਸੀ। ਇਹ ਇਕ ਹੀ ਖਾਲਸਾ ਸੀ ਜਿਸਦਾ ਨਾਮ ਸੀ- 'ਸਿੰਘ' ਭਾਵ ਸ਼ੇਰ ਅਤੇ 'ਕੌਰ' ਭਾਵ- ਸ਼ਹਿਜ਼ਾਦੀ। ਇਹ ਨਾਮ ਰਸੀਆਂ, ਬ੍ਰਹਮਗਿਆਨੀਆਂ, ਨਿਰਭੈ ਅਤੇ ਨਿਰਵੈਰ, ਰੰਗਰੱਤੜਿਆਂ ਦੀ ਜਥੇਬੰਦੀ ਸੀ ਜੋ ਪਿਆਰ ਅਤੇ ਪਰਉਪਕਾਰ ਦੀ ਤਸਵੀਰ ਸੀ। ਇਨ੍ਹਾਂ ਦੇ ਹੱਥ ਵਿਚ ਮਜ਼ਲੂਮ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਲਈ ਕਿਰਪਾਨ ਸੀ, ਦਿਲ ਵਿਚ ਕਰਤੇ ਅਤੇ ਉਸ ਦੀ ਰਚਨਾ ਦਾ ਪਿਆਰ ਸੀ ਅਤੇ ਆਪਣੇ ਰੱਬੀ ਅਸੂਲਾਂ ਦਾ ਸਤਿਕਾਰ ਸੀ। ਇਨ੍ਹਾਂ ਨੇ ਮੌਤ ਨੂੰ ਜਿੱਤ ਕੇ ਗੁਰੂ ਤੋਂ ਜੀਵਨ-ਦਾਨ ਪ੍ਰਾਪਤ ਕੀਤਾ ਸੀ। ਇਸ ਲਈ ਮੌਤ ਇਨ੍ਹਾਂ ਨੂੰ ਡਰਾ ਨਹੀਂ ਸਕਦੀ ਸੀ। ਇਨ੍ਹਾਂ ਦਾ ਸੁਭਾਅ ਆਪਣੇ ਸਿਰਜਣਹਾਰ ਪਿਤਾ ਵਰਗਾ ਹੀ ਸੀ। ਇਸ ਵਿਚ ਸੂਰਜਾਂ ਦਾ ਤੇਜ ਅਤੇ ਚੰਦ੍ਰਮਾ ਦੀ ਸੀਤਲਤਾ ਸੀ। ਇਹ ਦੁਸ਼ਮਣਾਂ ਨੂੰ ਭੀ ਰਣ ਵਿਚ ਪਾਣੀ ਪਿਲਾ ਕੇ ਜੀਵਨ ਦਾਨ ਬਖ਼ਸ਼ਦਾ ਸੀ। ਅਸਲ ਵਿਚ ਇਸ ਨੂੰ ਕੋਈ ਬੈਰੀ ਬਿਗਾਨਾ ਦਿਸਦਾ ਹੀ ਨਹੀਂ ਸੀ, ਸਭ ਪਾਸੇ ਇਕ ਪਰਮੇਸ਼ਰ ਦਾ ਨੂਰ ਹੀ ਨਜ਼ਰ ਆਉਂਦਾ ਸੀ।

ਮਹਾਰਾਜ ਜੀ ਨੇ ਖਾਲਸੇ ਵਿਚ ਸਿਖਰ ਦੇ ਗੁਣ ਭਰੇ। ਜੰਗ ਦੇ ਮੈਦਾਨ ਵਿਚ ਇਹ ਸ਼ਸਤਰਹੀਣ, ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਸ਼ਰਨ ਆਇਆਂ, ਸੁੱਤਿਆਂ ਅਤੇ ਭਜਦਿਆਂ

* *ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁਲੰਦਪੁਰੀ ਸਾਹਿਬ, ਨੇੜੇ ਮਹਿਤਪੁਰ, ਤਹਿ: ਨਕੋਦਰ ੧੪੪੦੪੧; (ਜਲੰਧਰ) ਮੋ. +੯੧ ੯੮੧੪੭-੧੬੩੬੭*

ਨੂੰ ਨਹੀਂ ਮਾਰਦਾ। ਖ਼ਾਲਸੇ ਦੇ ਇਨ੍ਹਾਂ ਸੁਨਹਿਰੀ ਅਸੂਲਾਂ ਦੀ ਸ਼ਾਨ ਸਾਰਾ ਜਗ ਜਾਣਦਾ ਹੈ। ਇਹ ਨਾਮ ਜਪਣ ਵਾਲੇ ਸੂਰਮੇ, ਸ਼ਾਹੀ ਫ਼ਕੀਰ ਅਤੇ ਸ਼ਕਤੀ-ਭਗਤੀ ਦੇ ਮੁਜੱਸਮੇ ਸਨ। ਇਸ ਲਈ ਇਨ੍ਹਾਂ ਦੇ ਹੱਥ ਦੀ ਤਲਵਾਰ ਕਿਰਪਾਨ ਹੋ ਗਈ, ਜੋ ਕਦੇ ਕਿਸੇ ਦਾ ਬੁਰਾ ਨਹੀਂ ਕਰਦੀ। ਇਸ ਨੇ ਬਾਹਰਲੇ ਤੇ ਅੰਦਰਲੇ ਦੁਸ਼ਮਣਾਂ ਤੋਂ ਰੱਖਿਆ ਕਰਨੀ ਹੈ, ਗ਼ੁਲਾਮੀ ਤੋਂ ਅਜ਼ਾਦ ਕਰਨਾ ਹੈ ਅਤੇ ਕੰਡਿਆਂ ਨੂੰ ਉਖਾੜ ਕੇ ਫੁੱਲਵਾੜੀ ਦੀ ਰੱਖਿਆ ਕਰਨੀ ਹੈ। ਇਹ ਸਾਰੇ ਬਰਾਬਰ ਅਤੇ ਇੱਕੋ ਪਿਤਾ ਦੀ ਸੰਤਾਨ ਹਨ। ਇਨ੍ਹਾਂ ਵਿੱਚੋਂ ਕੋਈ ਊਚ-ਨੀਚ, ਜਾਤ-ਪਾਤ, ਕੁਲ-ਵਰਣ ਜਾਂ ਇਸਤਰੀ-ਪੁਰਸ਼ ਦਾ ਵਿਤਕਰਾ ਨਹੀਂ ਹੈ। ਸ੍ਰੀ ਦਸਮੇਸ਼ ਪਾਤਸ਼ਾਹ ਜੀ ਨੇ ਖਾਲਸੇ ਨੂੰ ਦੋ ਜਹਾਨਾਂ ਦੀਆਂ ਸਰਦਾਰੀਆਂ ਬਖਸ਼ੀਆਂ:

ਜਿਨ ਕੀ ਜਾਤ ਵਰਣ ਕੁਲ ਮਾਹੀਂ। ਸਰਦਾਰੀ ਨਹਿ ਭਈ ਕਦਾਹੀਂ।
ਉਨ ਸਭ ਕੋ ਸਿਰਦਾਰ ਬਨਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਪੰਜ ਪਿਆਰੇ ਭੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਆਏ ਸਨ ਅਤੇ ਵੱਖ-ਵੱਖ ਜਾਤਾਂ ਨਾਲ ਸੰਬੰਧ ਰੱਖਦੇ ਸਨ। ਮਹਾਰਾਜ ਜੀ ਨੇ ਖਾਲਸੇ ਦਾ ਰੂਪ ਅਪਣੇ ਨਿੱਜ ਸਰੂਪ ਅਨੁਸਾਰ ਸਿਰਜਿਆ। ਇਸ ਲਈ ਇਸ ਵਿਚ ਪ੍ਰੇਮ-ਰਸ, ਪਵਿੱਤਰਤਾ, ਕੁਰਬਾਨੀ, ਤਿਆਗ, ਬੀਰਤਾ, ਰੂਹਾਨੀਅਤ ਅਤੇ ਇਨਸਾਨੀਅਤ ਦੇ ਸ਼ੁਭ ਗੁਣ ਭਰੇ। ਖਾਲਸੇ ਦੇ ਸਿਰਜਣਹਾਰ ਨੇ ਰੱਬੀ ਆਸ਼ਕਾਂ ਤੇ ਸਾਦਿਕਾਂ ਦੀ ਫ਼ਸਲ ਪੈਦਾ ਕਰ ਦਿੱਤੀ। ਆਪ ਜੀ ਦੇ ਬਖਸ਼ੇ ਕਕਾਰ ਖਾਲਸੇ ਦੀਆਂ ਪਿਆਰ, ਸਤਿਕਾਰ ਅਤੇ ਭਰੋਸੇ ਦੀਆਂ ਗੁਰੂ ਨਿਸ਼ਾਨੀਆਂ ਬਣ ਗਈਆਂ। ਇਸ ਦੇ ਵਿਚਾਰਾਂ, ਬਚਨਾਂ, ਕਰਮਾਂ ਦੀ ਡੋਰ ਮਹਾਰਾਜ ਜੀ ਦੇ ਕਰ-ਕਮਲਾਂ ਵਿਚ ਸਲਾਮਤ ਹੈ। ਖਾਲਸਾ ਸਦਾ ਗੁਰੂ ਦੀ ਮਿਹਰ ਅਤੇ ਰੂਹਾਨੀ ਚਾਨਣ ਵਿਚ ਜਿਉਂਦਾ ਹੈ। ਨਾਮ ਦੇ ਰੰਗ ਵਿਚ ਰੰਗਿਆ ਜੀਵਨ ਹਮੇਸ਼ਾ ਪਵਿੱਤਰ ਅਤੇ ਨਿਰਮਲ ਕਰਮ ਹੀ ਕਮਾਉਂਦਾ ਹੈ।

ਅੰਮ੍ਰਿਤ-ਪਾਨ ਕਰਨ ਉਪਰੰਤ ਖਾਲਸੇ ਦਾ ਨਵਾਂ ਜੀਵਨ ਅਰੰਭ ਹੁੰਦਾ ਹੈ। ਉਸ ਦੇ ਸਾਰੇ ਕਰਮਾਂ, ਵਿਚਾਰਾਂ ਅਤੇ ਬਚਨਾਂ ਵਿੱਚੋਂ ਸਿਦਕ, ਹਲੀਮੀ ਅਤੇ ਭਰੋਸਾ ਝਲਕਦਾ ਹੈ। ਦੁਚਿੱਤੀ ਅਤੇ ਭਰਮ ਦੇ ਬੰਧਨ ਟੁੱਟ ਜਾਂਦੇ ਹਨ। ਅੰਮ੍ਰਿਤ ਨਾਮ ਦੇ ਇਲਾਹੀ ਰੰਗ ਵਿਚ ਹੋਣ ਕਰਕੇ ਉਸ ਦੇ ਸਾਰੇ ਕੰਮ ਗੁਰਬਾਣੀ ਅਨੁਸਾਰ ਹੁੰਦੇ ਹਨ। ਉਹ ਕਦੇ ਵੀ ਇਕੱਲਾ ਨਹੀਂ ਹੁੰਦਾ। ਉਸ ਨੂੰ ਸਦਾ ਮਹਾਰਾਜ ਜੀ ਦੀ ਹਜ਼ੂਰੀ ਪ੍ਰਾਪਤ ਹੁੰਦੀ ਹੈ। ਮਹਾਰਾਜ ਜੀ ਇਸ ਦੇ ਸਦਾ ਅੰਗ-ਸੰਗ ਹਨ। ਖ਼ਾਲਸਾ ਅਟੱਲ ਹੈ, ਅਮਰ ਹੈ, ਅਬਿਨਾਸ਼ੀ ਹੈ। ਅਕਾਲ ਪੁਰਖ ਦਾ ਇਹ ਸਿਪਾਹੀ ਆਪਣਾ ਕਰਮ ਨਿਭਾ ਕੇ ਅਕਾਲ ਵਿਚ ਹੀ ਸਮਾ ਜਾਂਦਾ ਹੈ।

ਖ਼ਾਲਸੇ ਦਾ ਭੋਜਨ ਪ੍ਰਭੂ ਦਾ ਅੰਮ੍ਰਿਤ ਨਾਮ ਹੈ। ਇਹ ਸਾਹਿਬ-ਏ-ਕਮਾਲ ਪਿਤਾ ਦਸਮੇਸ਼ ਜੀ ਅਤੇ ਸਦਾਚਾਰ ਦੀ ਕਮਾਲ ਮਾਤਾ ਸਾਹਿਬ ਕੌਰ ਜੀ ਦੀ ਸੰਤਾਨ ਹੈ। ਇਹ ਪਾਪ, ਮੈਲ, ਬੁਰਾਈ ਅਤੇ ਵਿਕਾਰਾਂ ਤੋਂ ਨਿਰਲੇਪ ਹੈ। ਆਦਿ ਜੁਗਾਦਿ ਗੁਰਦੇਵ ਪਿਤਾ ਜੀ ਦੀ ਪਵਿੱਤਰ ਸੰਤਾਨ ਹੋਣ ਕਰਕੇ ਇਹ ਕਦੇ ਯਤੀਮ ਨਹੀਂ ਹੁੰਦਾ। ਇਹ ਸਦਾ ਹੀ

ਮਹਾਰਾਜ ਜੀ ਦੀ ਸਦੀਵੀ ਬਖਸ਼ਿਸ਼ ਦੇ ਅਨੰਦ ਵਿਚ ਰਹਿੰਦਾ ਹੈ। ਅਸਲ ਵਿਚ ਇਹ ਸ੍ਰੀ ਦਸਮੇਸ਼ ਜੀ ਦੀ ਰੂਹਾਨੀ ਅਤੇ ਅਗੰਮੀ ਸ਼ਖ਼ਸੀਅਤ ਦਾ ਹੀ ਪਵਿੱਤਰ ਵਿਸਥਾਰ ਹੈ। ਖਾਲਸੇ ਦੀ ਸਿਰਜਣਾ ਸਰਬੱਤ ਦੇ ਭਲੇ ਅਤੇ ਸਰਬੱਤ ਦੀ ਰੱਖਿਆ ਲਈ ਹੋਈ ਹੈ। ਮਹਾਰਾਜ ਜੀ ਨੇ ਇਸ ਉੱਪਰ ਬਖਸ਼ਿਸ਼ ਕਰਦਿਆਂ ਫੁਰਮਾਇਆ ਹੈ:

ਖਾਲਸਾ ਮੇਰੋ ਰੂਪ ਖਾਸ। ਖਾਲਸੇ ਮਹਿ ਹੌਂ ਕਰੋਂ ਨਿਵਾਸ।

ਜਿਸ ਸਰੀਰ ਵਿਚ ਕਲਗੀਧਰ ਪਿਤਾ ਜੀ ਦਾ ਨਿਵਾਸ ਹੈ, ਉਹ ਇਕ ਚਲਦਾ ਫਿਰਦਾ ਪਵਿੱਤਰ ਮੰਦਰ ਹੈ। ਉਹ ਜਿੱਧਰ ਵੀ ਜਾਂਦਾ ਹੈ, ਧਰਤੀ ਨੂੰ ਭਾਗ ਲਾ ਦਿੰਦਾ ਹੈ। ਉਸ ਦੇ ਦਰਸ਼ਨ ਅਤੇ ਚਰਨ ਧੂੜੀ ਵੀ ਧੰਨ ਹੈ। ਦਸਾਂ ਜਾਮਿਆਂ ਅੰਦਰ ਤਿਆਰ ਕੀਤਾ ਖਾਲਸਾ ਪਰਮਾਤਮਾ ਦੀ ਮੌਜ ਵਿੱਚੋਂ ਪ੍ਰਗਟ ਹੋਇਆ ਹੈ। ਖਾਲਸਾ ਇਕ ਨਾਮ ਨਹੀਂ, ਆਦਰਸ਼ ਹੈ ਜਿਸ ਬਾਬਤ ਮਹਾਰਾਜ ਜੀ ਫੁਰਮਾਉਂਦੇ ਹਨ:

ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥
ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥

ਖਾਲਸਾ ਵਾਹਿਗੁਰੂ ਦਾ ਵਿਸ਼ੇਸ਼ ਦੂਤ ਬਣ ਕੇ ਇਸ ਸੰਸਾਰ ਵਿਚ ਆਇਆ ਹੈ, ਇਸ ਨੂੰ ਗੁਰੂ-ਪੁੱਤਰ ਹੋਣ ਦਾ ਮਾਣ ਹਾਸਲ ਹੈ। ਇਹ ਧਰਮ ਅਤੇ ਸਦਾਚਾਰ ਦਾ ਸੁਮੇਲ ਹੈ। ਇਹ ਭਗਤ ਹੀ ਨਹੀਂ, ਸੂਰਮਾ ਵੀ ਹੈ ਜਿਸ ਵਿਚ ਨਾਮ ਰੂਪੀ ਫੁੱਲ ਦੀ ਸੁਗੰਧੀ ਅਤੇ ਖੰਡੇ ਰੂਪ ਕੰਡਾ ਵੀ ਹੈ। *ਮਨਿ ਸਾਚਾ ਮੁਖਿ ਸਾਚਾ ਸੋਇ* ਇਸ ਦੀ ਨਿਰਮਲ ਜੀਵਨ ਜੁਗਤਿ ਹੈ, ਇਹ *ਏਕੋ ਜਪਿ ਏਕੋ ਸਾਲਾਹਿ* ਵਾਲੀ ਆਤਮਿਕ ਅਵਸਥਾ ਦਾ ਵਾਰਸ ਹੈ। ਇਸ ਦਾ ਜੀਵਨ ਚਰਿੱਤਰ ਸੰਸਾਰ ਲਈ ਪ੍ਰੇਰਨਾ-ਸ੍ਰੋਤ ਹੈ।

ਖਾਲਸਾ ਰੋਮ-ਰੋਮ ਵਾਹਿਗੁਰੂ ਨਾਮ ਨੂੰ ਧਿਆਉਂਦਾ ਹੈ, ਇਸ ਲਈ ਕਦੇ ਰੋਮਾਂ ਦੀ ਬੇਅਦਬੀ ਨਹੀਂ ਕਰਦਾ। ਖਾਲਸੇ ਦਾ ਸਰੂਪ ਉਸ ਦੀ ਅੰਦਰਲੀ ਅਤੇ ਬਾਹਰਲੀ ਰਹਿਤ ਦਾ ਸੁਮੇਲ ਹੈ। ਇਹ ਪ੍ਰੇਮ-ਮਾਰਗ ਦਾ ਪਾਂਧੀ ਹੈ। ਇਸ ਦਾ ਬਸੇਰਾ ਨਿਮਰਤਾ ਦੇ ਘਰ ਵਿਚ ਹੈ। ਇਹ ਕਲਗੀਧਰ ਪਾਤਸ਼ਾਹ ਜੀ ਦੇ ਬਚਨਾਂ ਅਨੁਸਾਰ ਉਨ੍ਹਾਂ ਨਾਲ ਜਲ ਬੂੰਦ ਵਾਂਗ ਅਭੇਦ ਹੈ:

ਹਉ ਖਾਲਸੇ ਕਾ ਖਾਲਸਾ ਮੇਰੋ। ਓਤ ਪੋਤ ਸਾਗਰ ਬੂੰਦੇਰੋ।

ਅੰਮ੍ਰਿਤ ਨਾਮ ਖੁਮਾਰੀ ਦਾ ਉਹ ਅਗੰਮੀ ਰਸ ਹੈ, ਜੋ ਮਨੁੱਖ ਨੂੰ ਦੇਵਤਾ ਬਣਾ ਦਿੰਦਾ ਹੈ। ਇਹ ਇਕ ਰੂਹਾਨੀ ਦਾਤ ਹੈ, ਲਾਸਾਨੀ ਕਰਾਮਤ ਹੈ, ਨਿਤਾਣਿਆਂ ਲਈ ਤਾਣ ਅਤੇ ਮ੍ਰਿਤਕਾਂ ਲਈ ਪ੍ਰਾਣ ਹੈ। ਅੰਮ੍ਰਿਤ ਦੀ ਸ਼ਕਤੀ ਕਾਰਨ ਹੀ ਖਾਲਸਾ ਅਮਰ ਹੈ। ਅੰਮ੍ਰਿਤਧਾਰੀ ਖਾਲਸਾ ਨਿਰਭਉ ਅਤੇ ਨਿਰਵੈਰ ਪਰਮੇਸ਼ਰ ਦੀ ਜਾਗਦੀ ਜੋਤ ਦਾ ਪੁਜਾਰੀ ਹੈ। ਇਸ ਦੇ ਜਿੰਮੇਂ ਗਰੀਬਾਂ, ਅਨਾਥਾਂ, ਬੇਬਸਾਂ ਅਤੇ ਨਿਤਾਣਿਆਂ ਦੀ ਮਦਦ ਦੀ ਡਿਊਟੀ ਹੈ। ਇਹ ਇਕੱਲਾ ਤੇਗ ਦਾ ਹੀ ਨਹੀਂ ਨਾਮ ਅਤੇ ਬ੍ਰਹਮਗਿਆਨ ਦਾ ਧਨੀ ਹੈ। ਸੰਪੂਰਨ ਮਨੁੱਖ ਦੇ ਰੂਪ ਵਿਚ ਖਾਲਸਾ ਹਰ ਤਰ੍ਹਾਂ ਦੀਆਂ ਬੁਰਾਈਆਂ ਕਰਮਾਂ-ਕਾਂਡਾਂ, ਭਰਮਾਂ ਭੁਲੇਖਿਆਂ ਤੋਂ ਬਰੀ ਹੈ।

ਇਹ ਕਿਸੇ ਨੂੰ ਡਰਾਉਂਦਾ ਨਹੀਂ, ਕਿਸੇ ਨੂੰ ਦੁਖਾਉਂਦਾ ਨਹੀਂ, ਨਾ ਹੀ ਕਿਸੇ ਦਾ ਭੈਅ ਮੰਨਦਾ ਹੈ। ਇਹ ਸ਼ੇਰਾਂ, ਮਰਜੀਵੜਿਆਂ, ਕੁਰਬਾਨੀ ਦੇ ਪੁਤਲਿਆਂ, ਉੱਚੀ ਸੋਚ ਦੇ ਗੁਰਸਿੱਖਾਂ, ਪਰਉਪਕਾਰੀਆਂ, ਦਾਨੀਆਂ, ਸੰਤੋਖੀਆਂ, ਅਣਖੀਲੇ ਜੋਧਿਆਂ, ਪਤਿ ਨਾਲ ਜਿਊਣ ਅਤੇ ਮਰਨ ਵਾਲਿਆਂ ਦੀ ਨਿਆਰੀ ਜਮਾਤ ਹੈ। ਸੰਤ ਹੋ ਕੇ ਉਹ ਆਚਰਣ ਦੀ ਮੂਰਤ ਹੈ ਅਤੇ ਸਿਪਾਹੀ ਹੋ ਕੇ ਆਚਰਣ ਦਾ ਪਹਿਰੇਦਾਰ। ਫਾਂਸੀ ਦੇ ਰੱਸਿਆਂ ਨੂੰ ਚੁੰਮਣਾ, ਤੋਪਾਂ ਨਾਲ ਉਡਾਏ ਜਾਣਾ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣਾ, ਖੋਪਰੀਆਂ ਲੁਹਾਣੀਆਂ, ਚਰਖੜੀਆਂ ਤੇ ਚੜ ਕੇ ਤੂੰਬਾ ਤੂੰਬਾ ਹੋਣਾ, ਜਿਗਰ ਦੇ ਟੋਟਿਆਂ ਦੇ ਹਾਰ ਗ਼ਲਾਂ ਵਿਚ ਪੁਆਉਣਾ ਜਿਊਂਦੇ ਕੰਧਾਂ ਵਿਚ ਚਿਣੇ ਜਾਣਾ, ਪੁਰਜਾ ਪੁਰਜਾ ਹੋ ਕੇ ਕੱਟ ਮਰਨਾ, ਅੱਠੇ ਪਹਿਰ ਨਾਮ ਦੇ ਰੰਗ ਵਿਚ ਅਲਮਸਤ ਰਹਿਣਾ, ਵਿਕਾਰ 'ਤੇ ਫਤਹ ਪਾਉਣਾ, ਦੁਸ਼ਮਣ ਦੀਆਂ ਤ੍ਰੀਮਤਾਂ ਨੂੰ ਵੀ ਮਾਵਾਂ, ਧੀਆਂ, ਭੈਣਾਂ ਵਾਂਗ ਇੱਜ਼ਤ ਦੇਣੀ ਜ਼ੁਲਮ-ਜਬਰ ਨਾਲ ਟਕਰਾਉਣਾ, ਅਸਹਿ ਅਤੇ ਅਕਹਿ ਕਸ਼ਟ ਸਹਾਰ ਕੇ ਵੀ ਮਿੱਤਰ ਪਿਆਰੇ ਦਾ ਸ਼ੁਕਰਾਨਾ ਕਰਨਾ ਇਸ ਦੇ ਸੁਨਹਿਰੀ ਇਤਿਹਾਸ ਦੇ ਪੱਤਰੇ ਹਨ। ਖਾਲਸਾ ਤਲਵਾਰ ਦੀ ਧਾਰ ਵਿੱਚੋਂ ਜਨਮਿਆਂ ਸੰਘਰਸ਼ ਅਤੇ ਘੱਲੂਘਾਰਿਆਂ ਵਿਚ ਜਵਾਨ ਹੋਇਆ ਅਤੇ ਜੰਗਾਂ-ਯੁੱਧਾਂ ਵਿਚ ਲਿਸ਼ਕਿਆ ਹੈ। ਸੱਚ ਦਾ ਲੜ ਫੜ ਕੇ ਸੀਸ ਤਲੀ 'ਤੇ ਟਿਕਾ ਕੇ ਧਰਮ, ਅਣਖ, ਇਨਸਾਫ਼, ਆਬਰੂ ਅਤੇ ਇਨਸਾਨੀਅਤ ਦੀ ਰੱਖਿਆ ਹੀ ਇਸ ਦਾ ਕਰਤਵ ਰਿਹਾ ਹੈ। ਜਦੋਂ ਕਦੇ ਵੀ ਸਮੇਂ ਦੀਆਂ ਨਿੱਘੀਆਂ, ਠੰਡੀਆਂ ਜਾਂ ਮਹਿਕਦੀਆਂ ਪੌਣਾਂ ਨੂੰ ਕਹਿਰ ਭਰੀਆਂ ਜ਼ੁਲਮੀ ਹਨੇਰੀਆਂ ਨੇ ਆਪਣੀ ਲਪੇਟ ਵਿਚ ਲਿਆ ਤਾਂ ਖ਼ਾਲਸਾ ਪਹਾੜ ਬਣ ਕੇ ਅੱਗੇ ਡਟ ਗਿਆ ਅਤੇ ਮੁਸੀਬਤਾਂ ਨੂੰ ਆਪਣੇ ਪਿੰਡੇ 'ਤੇ ਹੰਢਾ ਕੇ ਮਨੁੱਖਤਾ ਦਾ ਦਰਦ ਵੰਡਾਉਂਦਾ ਰਿਹਾ। ਸਾਰਾ ਸੰਸਾਰ ਇਸ ਦੀਆਂ ਅਮਰ ਸ਼ਹਾਦਤਾਂ ਅਤੇ ਇਖ਼ਲਾਕੀ ਉੱਚਤਾ ਦਾ ਕਾਇਲ ਰਿਹਾ ਹੈ। ਝੂਠ ਵਿਰੁੱਧ ਅੜਨਾ ਅਤੇ ਜ਼ੁਲਮ ਵਿਰੁੱਧ ਲੜਦਾ ਇਸ ਦਾ ਇਤਿਹਾਸਿਕ ਵਿਰਸਾ ਹੈ। ਇਸ ਦੀ ਵਡੇਰੀ ਅਤੇ ਅਨੋਖੀ ਸ਼ਾਨ ਕਲਗੀਆਂ ਵਾਲੇ ਪਾਤਸ਼ਾਹ ਜੀ ਦੀ ਨਦਰਿ ਰਹਿਮਤ ਕਰਕੇ ਬਣੀ ਹੈ। ਗੁਰੂ ਜੀ ਨੇ ਇਸ ਨੂੰ ਸੁਚੇਤ ਕਰਦਿਆਂ ਲਿਖਿਆ ਹੈ-

ਜਬ ਲਗ ਖਾਲਸਾ ਰਹਹਿ ਨਿਆਰਾ ਤਬ ਲਗ ਤੇਜ ਦੀਓ ਮੈ ਸਾਰਾ।
ਜਬ ਇਹ ਗਹੈ ਬਿਪ੍ਰਨ ਕੀ ਰੀਤਿ। ਮੈ ਨ ਕਰਉਂ ਇਨ ਕੀ ਪ੍ਰਤੀਤਿ।

ਇਸ ਲਈ ਖਾਲਸੇ ਨੂੰ ਸਦਾ ਹੀ ਆਪਣੇ ਸਿਰਜਣਹਾਰ ਦਾਤਾਰ ਜੀ ਦੇ ਭੈਅ ਅਤੇ ਹੁਕਮ ਵਿਚ ਰਹਿਣਾ ਬਣਦਾ ਹੈ। ਜਦ ਤਕ ਖਾਲਸਾ ਗੁਰੂ ਸਾਹਿਬ ਜੀ ਦੇ ਦੱਸੇ ਮਾਰਗ 'ਤੇ ਚਲਦਾ ਰਿਹਾ, ਇਸ ਦੇ ਦ੍ਰਿੜ੍ਹ ਇਰਾਦੇ, ਸਿਦਕ ਅਤੇ ਦਲੇਰੀ ਸਾਹਮਣੇ ਦੁਨੀਆ ਦੀ ਕੋਈ ਤਾਕਤ ਨਹੀਂ ਟਿਕ ਸਕੀ। ਜ਼ੁਲਮਾਂ ਦੀਆਂ ਭੱਠੀਆਂ ਇਸ ਦਾ ਸਿਰੜ ਨਾ ਸਾੜ ਸਕੀਆਂ, ਗੱਡੀਆਂ ਦੇ ਇੰਜਨ ਇਸ ਦਾ ਸਿਦਕ ਨਾ ਭੰਨ ਸਕੇ, ਗੋਲੀਆਂ ਤੇ ਡਾਂਗਾਂ ਇਸ ਦਾ ਮਨੋਬਲ ਨਾ ਤੋੜ ਸਕੀਆਂ ਅਤੇ ਕੈਦਾਂ ਇਸ ਦੀ ਆਵਾਜ਼ ਨੂੰ ਕੈਦ ਨਾ ਕਰ ਸਕੀਆਂ। ਇਸ ਨੇ ਜੀਵਨ ਦੇ ਹਰ ਖੇਤਰ ਵਿਚ ਮਾਅਰਕੇ ਮਾਰੇ ਹਨ। ਸਿਰੇ ਦੇ ਡਾਕਟਰ, ਸਾਇੰਸਦਾਨ, ਹਵਾਬਾਜ਼,

ਇਮਾਰਤਸਾਜ਼, ਬੁੱਧੀਜੀਵੀ, ਦਾਰਸ਼ਨਿਕ, ਸੰਗੀਤਕਾਰ, ਲੇਖਕ, ਅਧਿਆਤਮਿਕ ਖੋਜੀ, ਮਿਹਨਤੀ ਕਿਸਾਨ ਅਤੇ ਜਾਂਬਾਜ਼ ਸਿਪਾਹੀ ਖਾਲਸਈ ਸ਼ਾਨ ਦੇ ਪ੍ਰਤੀਕ ਰਹੇ ਹਨ। ਖਾਲਸਾ ਰਾਜ ਦੀਆਂ ਸ਼ਾਨਾਂ ਦੇ ਸੋਹਿਲੇ ਦੁਨੀਆ ਗਾਉਂਦੀ ਹੈ। ਪਰ ਜਦੋਂ ਇਹ ਆਪਹੁਦਰਾ ਹੋ ਕੇ ਗੁਰੂ ਸਾਹਿਬ ਜੀ ਦੀਆਂ ਬਖਸ਼ੀਆਂ ਨਿਸ਼ਾਨੀਆਂ ਅਤੇ ਸਿੱਖਿਆਵਾਂ ਤੋਂ ਮੁਨਕਰ ਹੋਇਆ, ਇਸ ਦੀ ਪਛਾਣ ਵੀ ਨਹੀਂ ਰਹਿਣੀ। ਇਸ ਲਈ ਆਪਣੇ ਮਰਦ-ਅਗੰਮੜੇ ਬਾਦਸ਼ਾਹ ਦਰਵੇਸ਼ ਪਿਤਾ ਜੀ ਦੀ ਵਿਰਾਸਤ ਨੂੰ ਸੰਭਾਲਣਾ ਸਾਡਾ ਕਰਤਵ ਹੈ।

ਮਹਾਰਾਜ ਜੀ ਦਾ ਸਾਜਿਆ ਖਾਲਸਾ ਸਾਫ਼-ਸੁਥਰੀ, ਪਾਕ-ਪੁਨੀਤ, ਸੁਲਝੀ ਸੰਵਰੀ, ਖਿੜੀ ਮੌਲੀ, ਚਹਿਕਦੀ ਮਹਿਕਦੀ, ਨਿਸ਼ਕਾਮ ਜੀਵਨ-ਜਾਚ ਦਾ ਧਾਰਨੀ ਹੈ। ਇਹ ਧਰਮ ਦਾ ਰਾਖਾ ਮਜ਼ਲੂਮਾਂ ਦਾ ਪਹਿਰੇਦਾਰ, ਦਰਦਮੰਦਾਂ ਦਾ ਦਰਦੀ ਅਤੇ ਜ਼ੁਲਮ ਦਾ ਨਾਸ਼ਕ ਹੈ। ਇਹ ਦਯਾ, ਧਰਮ, ਹਿੰਮਤ, ਮੁਹਕਮਤ ਅਤੇ ਸਾਹਿਬੀ ਦੇ ਗੁਣਾਂ ਦਾ ਮੁਜੱਸਮਾ ਹੈ। ਇਹੀ ਮਨੁੱਖੀ ਗੌਰਵ, ਸੁਤੰਤਰ ਸੋਚ, ਸਿਦਕਦਿਲੀ ਅਤੇ ਜ਼ਾਂਬਾਜ਼ੀ ਦੀ ਮਿਸਾਲ ਹੈ। ਮਹਾਰਾਜ ਜੀ ਨੇ ਇਸ ਨੂੰ ਸੰਵਾਰ ਸ਼ਿੰਗਾਰ ਕੇ ਆਪਾ ਇਸ ਵਿਚ ਅਭੇਦ ਕਰ ਦਿੱਤਾ ਅਤੇ ਆਪੇ ਗੁਰ-ਚੇਲਾ ਦੀ ਕਰਾਮਾਤ ਵਰਤਾਈ:

ਗੁਰੂ ਖਾਲਸਾ ਖਾਲਸਾ ਗੁਰੂ ਹੋਇਆ
ਰਿਸ਼ਤੇਦਾਰੀ ਵੀ ਕਿੰਨੀ ਕਮਾਲ ਦੀ ਏ।

ਖਾਲਸੇ ਦਾ ਇਤਿਹਾਸ ਲਹੂ ਭਿੱਜਿਆ ਅਤੇ ਸ਼ਾਨਾਂ ਭਰਿਆ ਹੈ। ਨੇਕੀ, ਧਰਮ ਤੇ ਸਚਿਆਰ ਜੀਵਨ ਵਾਲਾ ਕੇਸਾਧਾਰੀ ਖਾਲਸਾ ਸਾਡੀ ਮਹਾਨ ਵਿਰਾਸਤ ਅਤੇ ਪ੍ਰੇਰਨਾ ਹੈ। ਅੰਮ੍ਰਿਤ ਛਕ ਕੇ ਅਸੀਂ ਗੁਰੂ ਵਾਲੇ ਅਤੇ ਗੁਰੂ ਸਪੁੱਤਰ ਬਣਦੇ ਹਾਂ। ਅੰਮ੍ਰਿਤ ਪਰਮਾਤਮਾ ਦੀ ਸਿਖਰ ਦੀ ਬਖ਼ਸ਼ਿਸ਼ ਹੈ। ਇਸ ਲਈ ਸਾਰਿਆਂ ਨੂੰ ਅੰਮ੍ਰਿਤਧਾਰੀ ਖਾਲਸੇ ਬਣ ਕੇ ਜੀਵਨ ਦਾ ਅਸਲੀ ਮੰਤਵ ਪਛਾਣਨਾ ਅਤੇ ਗੁਰੂ ਉਪਦੇਸ਼ਾਂ ਨੂੰ ਕਮਾਉਣਾ ਬਣਦਾ ਹੈ। ਕਲਗੀਧਰ ਪਾਤਸ਼ਾਹ ਜੀ ਦੀ ਅਮਰ ਅਤੇ ਅਮਿੱਟ ਨਿਸ਼ਾਨੀ ਖਾਲਸਾ ਦੁਨੀਆ ਦਾ ਸਭ ਤੋਂ ਦਰਸ਼ਨੀ ਅਤੇ ਮਾਣਯੋਗ ਮੁਕਾਮ ਹੈ:

ਅਸੀਂ ਵਾਰਸ ਹਾਂ ਪੰਥ ਦੀ ਆਤਮਾ ਦੇ,
ਅਸੀਂ ਗੱਜੇ ਹਾਂ ਸਦਾ ਹੀ ਸਿੰਘ ਬਣ ਕੇ।
ਕਦੇ ਚੜ੍ਹੇ ਹਾਂ ਚਰਖੀਆਂ ਸੂਲੀਆਂ 'ਤੇ,
ਕਦੇ ਚੱਲੇ ਹਾਂ ਤੀਰ ਤੁਫੰਗ ਬਣ ਕੇ।
ਅਸੀਂ ਪ੍ਰਗਟੇ ਤਾਂ ਸ਼ਮ੍ਹਾਂ ਨੂੰ ਰੂਪ ਚੜਿਆ,
ਅਸੀਂ ਸੜੇ ਹਾਂ ਸਦਾ ਪਤੰਗ ਬਣ ਕੇ।
ਮੌਤ ਸਦਾ ਸੁਹਾਗਣ ਏ ਖ਼ਾਲਸੇ ਦੀ,
ਜਿਊਂਦੀ ਅੰਗ ਬਣ ਕੇ ਮਰਦੀ ਸੰਗ ਬਣ ਕੇ।

ਖਾਲਸੇ ਦੀ ਵੈਸਾਖੀ ਦੇ ਬ੍ਰਹਿਮੰਡੀ ਸਰੋਕਾਰ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਸਿੱਖ ਧਰਮ ਵਿਚ ਵੈਸਾਖੀ ਸਿਧਾਂਤਕ ਅਤੇ ਇਤਿਹਾਸਿਕ ਮਹੱਤਤਾ ਵਾਲਾ ਗੌਰਵਮਈ ਤਿਉਹਾਰ ਹੈ। ਸਿੱਖ ਧਰਮ ਵਿਚ ਇਸ ਦਾ ਸਥਾਨ ਇਕ ਮੌਸਮੀ ਤੇ ਭਾਰਤੀ ਤਿਉਹਾਰ ਵਜੋਂ ਨਾ ਹੋ ਕੇ ਖ਼ਾਲਸਾ ਪੰਥ ਦੀ ਸਿਰਜਣਾ ਦੇ ਦਿਵਸ ਵਜੋਂ ਮਹੱਤਵਪੂਰਨ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਾਜਨਾ ਲਈ ਇਹ ਦਿਨ (੧ ਵੈਸਾਖ, ੧੭੫੬ ਬਿਕ੍ਰਮੀ) ਵੈਸਾਖੀ ਦੀ ਮਹਾਨਤਾ ਕਰਕੇ ਨਹੀਂ ਸੀ ਚੁਣਿਆ, ਉਸ ਦੀ ਵਜ੍ਹਾ ਇਹ ਸੀ ਕਿ ਸੰਗਤ ਨੂੰ ਇਕ ਦਿਨ ਦੀ ਸ਼ਨਾਖ਼ਤ ਕਰਵਾਉਣਾ ਸੀ ਅਤੇ ਦਿਨ ਲੱਭਣਾ ਆਸਾਨ ਹੁੰਦਾ ਸੀ। ਵੈਸਾਖੀ ਦੇ ਤਿਉਹਾਰ ਨੂੰ ਗੁਰਦਰਸ਼ਨ ਲਈ ਇਕੱਤਰ ਹੋਣ ਦੀ ਰਿਵਾਇਤ ਅਰਥਾਤ ਵੈਸਾਖੀ ਦਾ ਮੇਲਾ ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਆਗਿਆ ਨਾਲ ਮਨਾਇਆ।

੧੭੫੬ ਬਿਕ੍ਰਮੀ ਦੀ ਵੈਸਾਖੀ ਨੇ ਇਸ ਸਿੱਖ ਤਿਉਹਾਰ ਨੂੰ ਸਿਖਰਲਾ ਰੂਪ ਪ੍ਰਦਾਨ ਕੀਤਾ। ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਨਾਨਕ ਨਿਰਮਲ ਪੰਥ ਨੂੰ 'ਖ਼ਾਲਸਾ ਪੰਥ' ਦਾ ਅੰਤਿਮ ਅਤੇ ਮੁਕੰਮਲ ਸਰੂਪ ਦੇ ਕੇ ਜਿੱਥੇ ਸਿੱਖ ਧਰਮ ਵਿਚ 'ਗੁਰੂ ਗ੍ਰੰਥ ਤੇ ਪੰਥ' ਦਾ ਵਿਲੱਖਣ ਸਿਧਾਂਤ ਸਿਰਜਿਆ, ਖ਼ਾਲਸਈ ਪਛਾਣ ਤੇ ਸਰੂਪ ਨਿਸਚਿਤ ਕੀਤਾ, ਸੰਤ-ਸਿਪਾਹੀ ਦੇ ਸੁਮੇਲ 'ਤੇ ਆਧਾਰਿਤ ਧਰਮ ਤੇ ਰਾਜਨੀਤੀ ਨੂੰ ਇੱਕਠਿਆਂ ਕੀਤਾ, ਉੱਥੇ ਮਨੁੱਖੀ ਏਕਤਾ ਦੇ ਲਾਸਾਨੀ ਆਦਰਸ਼ ਨੂੰ ਐਲਾਨੀਆ ਤੌਰ 'ਤੇ ਰੂਪਮਾਨ ਕੀਤਾ। ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਭੇਦ-ਭਾਵ, ਊਚ-ਨੀਚ ਦੀ ਕੰਧ ਤੋੜਨ ਹਿੱਤ ਸਥਾਪਿਤ ਸਿੱਖ ਸਿਧਾਂਤ ਦੀ ਖਾਲਸਾ ਪੰਥ ਦੀ ਸਾਜਨਾ ਵੇਲੇ ਸਿਖਰ ਸੀ, ਜਦ 'ਇੱਕੋ ਪੰਗਤ ਵਿਚ ਵੰਡ ਛਕਣ' ਤੋਂ ਵੀ ਅੱਗੇ 'ਇੱਕੋ ਬਾਟੇ' (ਬਰਤਨ) ਵਿਚ ਖੰਡੇ ਦੀ ਪਾਹੁਲ ਛਕਾਈ ਗਈ। ਇਸੇ ਪ੍ਰਸੰਗ ਅਤੇ ਰੂਪ ਦੀ ਦੁਨੀਆ ਵਿਚ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ। ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਤਿਆਰ-ਬਰ-ਤਿਆਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਇੱਕੋ ਲੋਹੇ ਦੇ ਬਾਟੇ ਵਿੱਚੋਂ ਅੰਮ੍ਰਿਤ ਛਕਣ ਲਈ ਕਿਹਾ ਤਾਂ ਜੋ ਡੂੰਘੇ ਘੁਟਾਂ ਰਾਹੀਂ ਉਹ ਭਰਾਤਰੀਅਤ ਦੇ ਪ੍ਰੇਮ ਨੂੰ ਪੀ ਛਕਣ।

ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਸਿਰਜਣਾ ਦੀ

* *ਕਾਰਜਕਾਰੀ ਪ੍ਰਿੰਸੀਪਲ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਗਰਲਜ, ਆਕੜ, ਜ਼ਿਲ੍ਹਾ ਪਟਿਆਲਾ-੧੪੦੭੦੧; ਮੋ. ੯੪੬੬੩੮-੬੧੩੧੬*

ਸਮੁੱਚੀ ਪ੍ਰਕਿਰਿਆ ਇਤਿਹਾਸ ਦੀ ਲਾਮਿਸਾਲ ਘਟਨਾ ਹੈ। ਧਾਰਮਿਕ ਜਗਤ ਵਿਚ ਪਹਿਲੀ ਵਾਰ 'ਆਪੇ ਗੁਰ ਚੇਲਾ' ਦਾ ਸਿਧਾਂਤ ਤੇ ਅਮਲ ਦਾ ਵਰਤਾਰਾ, ਗੁਰੂ ਸਾਹਿਬ ਦੁਆਰਾ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਫਿਰ ਆਪ ਉਨ੍ਹਾਂ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕਰਨ ਨਾਲ ਵਰਤਿਆ। ਇਸ ਤਰ੍ਹਾਂ ਭਾਰਤੀ ਪਰੰਪਰਾ ਵਿਚਲਾ ਵੈਸਾਖੀ ਦਾ ਮੌਸਮੀ ਤਿਉਹਾਰ ਖ਼ਾਲਸਾ ਪੰਥ ਦੀ ਸਾਜਨਾ ਦੀ ਮਹਾਨ ਘਟਨਾ ਨਾਲ ਇਤਿਹਾਸਿਕ ਤੌਰ 'ਤੇ ਇਕ ਇਨਕਲਾਬੀ ਉਤਸਵ ਵਜੋਂ ਪ੍ਰਸਿੱਧ ਹੋ ਗਿਆ ਅਤੇ ਵਿਸ਼ਵ ਭਰ ਦੇ ਸਿੱਖਾਂ ਦਾ ਹਰ ਸਾਲ ਵੈਸਾਖੀ ਦਾ ਉਤਸਵ ਸ਼ਰਧਾ ਭਾਵਨਾ ਅਤੇ ਧੂਮ-ਧਾਮ ਨਾਲ ਮਨਾਉਣਾ ਇਸ ਦਾ ਪ੍ਰਮਾਣ ਹੈ।

ਅਜੋਕੇ ਦੌਰ ਵਿਚ ਵਿਸ਼ਵੀਕਰਨ ਦੀ ਧਾਰਨਾ ਦਾ ਪ੍ਰਮੁੱਖ ਵਾਸਤਾ ਇਹ ਹੈ ਕਿ ਵਿਭਿੰਨ ਧਰਮਾਂ, ਜਾਤਾਂ, ਸੱਭਿਆਚਾਰਾਂ, ਰਾਸ਼ਟਰਾਂ ਅਤੇ ਸਮਾਜਾਂ ਦੀ ਪਕੜ ਢਿੱਲੀ ਕਰਕੇ ਵਿਸ਼ਵ ਦੇ ਏਕੀਕਰਣ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਜਾਵੇ। ਏਕੀਕਰਣ ਦੀ ਇਸ ਪ੍ਰਕਿਰਿਆ ਦੇ ਮੂਲ ਆਧਾਰ ਤਾਰਕਿਕ, ਵਿਗਿਆਨਿਕ ਜ਼ਿਆਦਾ ਹਨ ਅਤੇ ਧਾਰਮਿਕ ਘੱਟ ਹਨ। ਇਸ ਪ੍ਰਸੰਗ ਵਿਚ ਦੋ ਗੱਲਾਂ ਬੜੀਆਂ ਮਹੱਤਵਪੂਰਨ ਹਨ। ਇਕ ਤਾਂ ਇਹ ਕਿ ਘੱਟ ਗਿਣਤੀ ਦੇ ਧਰਮਾਂ, ਜਾਤਾਂ ਅਤੇ ਵਿਕਾਸਸ਼ੀਲ ਰਾਸ਼ਟਰਾਂ ਦਾ ਵਿਸ਼ਵੀਕਰਨ ਦੀ ਧਾਰਨਾ ਅਤੇ ਇਸ ਦੇ ਸਰੂਪ ਨੂੰ ਨਿਰਧਾਰਿਤ ਤੇ ਪ੍ਰਭਾਵਿਤ ਕਰਨ ਵਿਚ ਕੋਈ ਵਿਸ਼ੇਸ਼ ਯੋਗਦਾਨ ਨਹੀਂ। ਇੱਥੇ ਵੀ 'ਤਕੜੇ ਦਾ ਸੱਤੀਂ ਵੀਹੀਂ ਸੌ' ਦੀ ਕਹਾਵਤ ਢੁਕਦੀ ਹੈ। ਦੂਸਰੀ ਗੱਲ ਇਹ ਕਿ ਸਮੁੱਚੇ ਵਿਸ਼ਵ ਨੂੰ ਇਕ ਇਕਾਈ ਦੇ ਰੂਪ ਵਿਚ ਵਿਵਸਥਿਤ ਕਰਨ ਦੇ ਇਨ੍ਹਾਂ ਤਾਰਕਿਕ ਯਤਨਾਂ ਵਿੱਚੋਂ ਧਾਰਮਿਕ ਅਤੇ ਸੱਭਿਆਚਾਰਕ ਵਖਰੇਵਿਆਂ ਅਤੇ ਪਛਾਣਾਂ ਦੀ ਅਣਦੇਖੀ ਹੋਣ ਦੀ ਸੰਭਾਵਨਾ ਲਗਾਤਾਰ ਬਣੀ ਰਹਿੰਦੀ ਹੈ।

ਕੁਦਰਤ ਦਾ ਨਿਯਮ ਏਕਤਾ ਹੈ, ਇਕਮਿਕਤਾ ਨਹੀਂ, ਇਕਸੁਰਤਾ ਹੈ, ਇਕਸਾਰਤਾ ਨਹੀਂ। ਇਸ ਨਿਯਮ ਦੇ ਅਨੁਸਾਰ ਸਿੱਖ ਧਰਮ ਬਹੁ-ਮੁਖੀ ਕੇਂਦਰਵਾਦ ਦਾ ਧਾਰਨੀ ਹੈ। ਇਸ ਦਾ ਉਦੇਸ਼ ਏਕਤਾ ਹੈ ਨਾ ਕਿ ਇਕਮਿਕਤਾ, ਇਹ ਸਾਂਝੀਵਾਲਤਾ ਅਤੇ ਵਿਸ਼ਵ ਭਾਈਚਾਰੇ ਦਾ ਭਰਪੂਰ ਸੁਨੇਹਾ ਦਿੰਦਾ ਹੈ, ਨਾ ਕਿ ਸਾਂਝ ਖਤਮ ਕਰ ਕੇ ਸੁਆਰਥਮਈ ਏਕੀਕਰਨ ਦਾ ਮੁਦੱਈ ਹੈ। ਗੁਰੂ ਸਾਹਿਬਾਨ ਅਨੁਸਾਰ ਧਰਮਾਂ, ਸੱਭਿਆਚਾਰਾਂ, ਸੱਭਿਆਤਾਵਾਂ ਅਤੇ ਰਾਸ਼ਟਰਾਂ ਦੀ ਵਿਲੱਖਣ ਪਹਿਚਾਣ ਸਹਿਹੋਂਦ ਅਤੇ ਵਿਸ਼ਵ ਭਾਈਚਾਰੇ ਲਈ ਕੋਈ ਰੁਕਾਵਟ ਨਹੀਂ। ਸੱਚਾ ਮੁਸਲਮਾਨ, ਸੱਚਾ ਹਿੰਦੂ ਅਤੇ ਧੁਰ ਆਪੇ ਨਾਲ ਜੁੜਿਆ ਯੋਗੀ ਗੁਰੂ ਸਾਹਿਬ ਲਈ ਉਨ੍ਹਾਂ ਦੀ ਬਾਹਰੀ ਰਹਿਤ ਦੇ ਵਖਰੇਵੇਂ ਸਹਿਤ ਵੀ ਪ੍ਰਵਾਨ ਹਨ। ਇਹ ਮਨੋਂਤ ਧਾਰਮਿਕ ਸਹਿਹੋਂਦ ਅਤੇ ਮਨੁੱਖੀ ਭਾਈਚਾਰੇ ਲਈ ਬੇਹੱਦ ਮਹੱਤਵ ਰੱਖਦੀ ਹੈ। ਜਗਤ ਜਲੰਦੇ ਦੇ ਕਲਿਆਣ ਲਈ *ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ* ਦੀ ਸਿੱਖ ਅਰਦਾਸ ਧਾਰਮਿਕ ਵੰਨ-ਸੁਵੰਨਤਾ ਨੂੰ ਪ੍ਰਵਾਨ ਹੀ ਨਹੀਂ ਕਰਦੀ ਸਗੋਂ *ਜੋ ਪ੍ਰਭ ਕੀਨੋ ਸੋ ਭਲ ਮਾਨਿਓ* ਦੇ ਇਲਾਹੀ ਸ਼ਬਦਾਂ ਨਾਲ ਵਿਸ਼ਵ ਧਰਮਾਂ ਦੀ ਨਿੱਜ-ਹੋਂਦ ਨੂੰ ਵੀ

ਪਰਮਾਤਮਾ ਦੀ ਕਿਰਤ ਕਹਿ ਕੇ ਪ੍ਰਵਾਨ ਕੀਤਾ ਗਿਆ ਹੈ।

ਖ਼ਾਲਸਾ ਪੰਥ ਦੇ ਰਹਿਬਰਾਂ ਦੁਆਰਾ ਜਾਰੀ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ*ਦਾ ਨਾਅਰਾ ਅਜੋਕੀ ਵਿਸ਼ਵ ਏਕੀਕਰਨ ਦੀ ਧਾਰਨਾ ਦੇ ਪ੍ਰਸੰਗ ਵਿਚ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਗੁਰੂ ਸਾਹਿਬਾਨ ਦੁਆਰਾ ਸੁਝਾਏ ਗਏ ਏਕਤਾ ਦੇ ਇਸ ਸੰਦੇਸ਼ ਪਿੱਛੇ ਧਾਰਮਿਕ ਅਤੇ ਰਾਜਨੀਤਿਕ ਸੱਤਾ ਦੁਆਰਾ ਲਤਾੜੇ ਅਤੇ ਪਛਾੜੇ ਲੋਕਾਂ ਨੂੰ ਸਮਾਨਤਾ ਦਿਵਾਉਣ ਦੀ ਭਾਵਨਾ ਵਿਦਮਾਨ ਹੈ। ਵਰਤਮਾਨ ਸਮੇਂ ਵਿਚ ਘੱਟ-ਗਿਣਤੀ ਧਰਮਾਂ, ਸਮਾਜਾਂ ਅਤੇ ਵਰਗਾਂ ਨੂੰ ਇਸ ਸ਼੍ਰੇਣੀ ਵਿਚ ਰੱਖ ਸਕਦੇ ਹਾਂ। *ਗਰੀਬੀ ਗਦਾ ਹਮਾਰੀ* ਅਤੇ *ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ* ਦੇ ਗੁਰ-ਹੁਕਮਾਂ ਅਨੁਸਾਰ ਗੁਰਮਤਿ ਵਿਚਾਰਧਾਰਾ ਮਜ਼ਲੂਮ ਧਿਰਾਂ ਦੀ ਪਿੱਠ ਪੂਰਦੀ ਹੈ ਅਤੇ ਇਨ੍ਹਾਂ ਦੀ ਸਾਮੂਹਿਕ ਮੁਕਤੀ ਲਈ ਵਚਨਬੱਧ ਹੈ। ਧਰਮ-ਦਰਸ਼ਨ ਦੇ ਖੇਤਰ ਵਿਚ ਸਿੱਖ ਧਰਮ ਦੀ ਇਕ ਵਿਲੱਖਣ ਵਿਸ਼ੇਸ਼ਤਾ 'ਰੱਬ ਦੀ ਏਕਤਾ' ਦੇ ਸੰਕਲਪ ਦੀ ਹੈ। ਭਾਵੇਂ ਹੋਰ ਧਰਮ ਵੀ ਇਕੀਸ਼ਵਰਵਾਦੀ ਧਰਮਾਂ ਦੀ ਸ਼੍ਰੇਣੀ ਵਿਚ ਸ਼ਾਮਲ ਹਨ, ਪ੍ਰੰਤੂ ਤਾਤਵਿਕ (Ontological) ਦ੍ਰਿਸ਼ਟੀ ਤੋਂ ਇਹ monotheistic ਧਰਮ, ਅਸਲ ਵਿਚ ਦਵੈਤਵਾਦੀ ਹਨ। ਖ਼ੈਰ, ਇੱਥੇ ਇਹ ਵਿਚਾਰ ਚਰਚਾ ਸਾਡਾ ਵਿਸ਼ਾ ਨਹੀਂ। ਇੱਥੇ ਵਿਸ਼ਾ 'ਏਕ ਓਅੰਕਾਰ ਦਰਸ਼ਨ' ਦੇ ਧਾਰਨੀ ਖਾਲਸਾ ਪੰਥ ਦੀ ਮਾਨਵੀ ਏਕਤਾ ਦੇ ਆਦਰਸ਼ ਸਬੰਧੀ ਅਦਾ ਕੀਤੀ ਭੂਮਿਕਾ ਬਾਰੇ ਹੈ। ਪਹਿਲਾਂ ਇਹ ਵਿਚਾਰ ਜ਼ਰੂਰੀ ਹੈ ਕਿ ਏਕਤਾ ਤੇ ਇਕਸੁਰਤਾ, ਇਕਮਿਕਤਾ ਤੇ ਇਕਸਾਰਤਾ ਦੇ ਉਲਟ ਕੁਦਰਤ ਦਾ ਨਿਯਮ ਹੈ। ਪੂਰਵ ਸਿੱਖ ਧਰਮ ਮਨੁੱਖੀ ਸੱਭਿਆਚਾਰ ਵਿਚ ਇਸ ਨਿਯਮ ਬਾਰੇ ਖੁਲ੍ਹ ਕੇ ਸਿਧਾਂਤਕ ਚਰਚਾ ਨਹੀਂ ਹੋਈ ਤੇ ਨਾ ਹੀ ਇਸ ਨੂੰ ਰੂਪਮਾਨ ਕਰਦਾ ਕੋਈ ਵਿਵਹਾਰਕ ਪੈਂਤੜਾ ਅਪਣਾਇਆ ਗਿਆ, ਸਗੋਂ ਬਹੁ-ਪੱਖੀ ਇਕਮਿਕਤਾ ਤੇ ਮਜ਼ਬੂਤੀ ਇਕਸਾਰਤਾ ਕਰਨ ਦੇ ਕੁਝ ਦੋਸ਼ਪੂਰਨ ਯਤਨ ਜ਼ਰੂਰ ਹੋਏ। ਸਿੱਟੇ ਵਜੋਂ ਵਿਭਿੰਨ ਸਮਾਜਾਂ ਦੀ ਸਮਾਜਿਕ ਏਕਤਾ ਅਤੇ ਰਾਜਸੀ ਇਕਸਾਰਤਾ ਦਾ ਕੋਈ ਠੋਸ ਬਾਨਣੂੰ ਸੁਲਝਾਉਂਦਾ ਵਿਚਾਰ ਨਾਕਾਫ਼ੀ ਹੀ ਰਿਹਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਸਿਖਰ ਨੂੰ ਪਹੁੰਚੀ ਸਮਾਜਿਕ, ਧਾਰਮਿਕ ਅਸਮਾਨਤਾ ਅਤੇ ਤਤਕਾਲੀ ਸ਼ਾਸਕਾਂ ਵੱਲੋਂ ਭਾਰਤੀ ਲੋਕਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਤੇ ਜ਼ਾਲਮਾਨਾ ਭਾਵਪੂਰਤ ਰਾਜਸੀ ਬੇਇਨਸਾਫ਼ੀ ਦਾ ਮੁਕੰਮਲ ਦੌਰ ਚੱਲ ਰਿਹਾ ਸੀ, ਜਿਸ ਦਾ ਬੇਬਾਕ ਉਲੇਖ ਆਸਾ ਦੀ ਵਾਰ ਵਿਚ ਕੀਤਾ ਗਿਆ ਹੈ। ਗੁਰੂ ਸਾਹਿਬਾਨ ਧਾਰਮਿਕ ਅਨੇਕਤਾ ਤੇ ਬਹੁਕੇਂਦ੍ਰਿਤ ਸਮਾਜ ਦੇ ਪੱਕੇ ਸਮਰਥਕ ਸਨ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਧਾਰਮਿਕ ਏਕੀਕਰਣ ਦੇ ਪ੍ਰਸੰਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਧਾਰਮਿਕ ਅਨੇਕਤਾ ਖਤਮ ਹੋ ਜਾਣੀ ਸੀ *(ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ)*। ਇਸ ਪ੍ਰਸੰਗ ਵਿਚ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਦੂਸਰਾ ਪਹਿਲੂ ਸਮਾਜਿਕ ਏਕਤਾ ਤੇ ਭਾਈਚਾਰਾ ਸਥਾਪਿਤ ਕਰਨਾ ਸੀ।

ਗੁਰੂ ਸਾਹਿਬਾਨ ਸਾਹਮਣੇ ਸਮਾਜਿਕ ਤੇ ਮਨੁੱਖੀ ਏਕਤਾ ਦੇ ਆਦਰਸ਼ ਦੀ

ਸਥਾਪਤੀ ਹਿਤ ਵਰਣ ਆਸ਼ਰਮ 'ਤੇ ਅਧਾਰਿਤ ਜਾਤੀ-ਪਾਤੀ ਪ੍ਰਬੰਧ ਨੂੰ ਵੰਗਾਰਨਾ ਤੇ ਖਦੇੜਨਾ ਪ੍ਰਮੁੱਖ ਕਾਰਜ ਸੀ। ਜਾਤ-ਪਾਤੀ ਵਿਚਾਰਧਾਰਾ ਇਸ ਅਸੂਲ ਉਤੇ ਕਾਇਮ ਹੈ ਕਿ 'ਮਨੁੱਖ ਹਮੇਸ਼ਾ ਤੋਂ ਬਰਾਬਰ ਨਹੀਂ'। ਬੇਸ਼ਕ ਅਜਿਹੀ ਸਮਾਜਿਕ ਬਣਤਰ ਭਾਰਤ ਤੋਂ ਇਲਾਵਾ ਹੋਰ ਕਿਧਰੇ ਹੋਂਦ ਵਿਚ ਨਹੀਂ। ਖਾਲਸੇ ਦੀ ਸਾਜਨਾ ਜਾਤੀਵਾਦੀ ਸਮਾਜ ਨਾਲੋਂ ਮੁਕੰਮਲ ਤੋੜ-ਵਿਛੋੜਾ ਸਾਬਤ ਹੋਈ। ਜਾਤ-ਪਾਤ ਵਿਚ ਵਿਸ਼ਵਾਸ ਨਾ ਰੱਖਣ ਦਾ ਨਿਯਮ ਖ਼ਾਲਸਈ ਵਿਧਾਨ ਦਾ ਪ੍ਰਮੁੱਖ ਹਿੱਸਾ ਬਣਿਆ। ਦੂਸਰੇ ਸ਼ਬਦਾਂ ਵਿਚ ਜਾਤ ਪਛਾਣ ਵਾਲਾ ਜਾਂ ਇਸ ਵਿਚ ਵਿਸ਼ਵਾਸ ਦਾ ਧਾਰਨੀ ਹੀ ਹਿੰਦੂ ਅਖਵਾ ਸਕਦਾ ਸੀ, ਦੂਸਰੇ ਪਾਸੇ ਜਾਤ-ਪਾਤ ਵਿਚ ਵਿਸ਼ਵਾਸ ਰੱਖਣ ਵਾਲਾ ਮੂਲੋਂ ਹੀ ਸਿੱਖ ਨਹੀਂ ਅਖਵਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਖਾਲਸਾ ਪੰਥ' ਨੂੰ 'ਬਿਪਰਨ ਕੀ ਰੀਤ' ਤੋਂ ਕੀਤੀ ਵਰਜਣਾ ਇਸ ਵਿਸ਼ੇ ਦੇ ਸੰਬੰਧ ਵਿਚ ਦੋ ਪੱਖਾਂ ਤੋਂ ਬਹੁਤ ਮਹੱਤਵਪੂਰਨ ਹੈ। ਇਕ ਤਾਂ ਇਹ ਕਿ ਗੁਰੂ ਸਾਹਿਬ ਸਮਾਜਿਕ ਅਸਮਾਨਤਾ ਦਾ ਆਧਾਰ 'ਤੱਤ' ਇਸੇ ਰੀਤ ਨੂੰ ਮੰਨਦੇ ਹਨ, ਦੂਸਰਾ ਇਹ ਕਿ ਖਾਲਸੇ ਦਾ ਨਿਆਰਾਪਣ ਹੀ ਇਸ ਰੀਤ ਵਿਚ ਮੁਕੰਮਲ ਅਵਿਸ਼ਵਾਸ ਹੋਣ 'ਤੇ ਹੀ ਬਰਕਰਾਰ ਰਹਿ ਸਕੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਏਕਤਾ ਦੇ ਉਕਤ ਕਾਰਜ ਲਈ ਲੰਗਰ ਪ੍ਰਥਾ ਦਾ ਅਰੰਭ ਕਰ ਕੇ ਸਿੱਖ ਧਰਮ ਦੇ ਬੁਨਿਆਦੀ ਅਸੂਲ 'ਵੰਡ ਛਕੋ' ਨੂੰ ਅਮਲੀ ਜਾਮਾ ਪਹਿਨਾਇਆ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਇਸੇ ਅਸੂਲ ਤਹਿਤ ਮਨੁੱਖੀ ਨਾ ਬਰਾਬਰੀ ਤੋੜਨ ਦਾ ਹੋਕਾ ਦੇ ਕੇ 'ਸੰਗਤ ਤੇ ਪੰਗਤ' ਦੀ ਸੁਮੇਲਤਾ ਪ੍ਰਦਾਨ ਕਰਦਿਆਂ ਆਪਣੇ ਹਰ ਦਰਸ਼ਨ-ਅਭਿਲਾਸ਼ੀ ਨੂੰ 'ਪਹਿਲਾਂ ਪੰਗਤ ਪਾਛੈ ਸੰਗਤ' ਕਰਨ ਦਾ ਹੁਕਮ ਜਾਰੀ ਕੀਤਾ। ਉਪਰੰਤ ਗੁਰੂ ਦਰਬਾਰ ਵਿਚ ਹਰ ਸ਼ਰਧਾਲੂ ਬਿਨਾਂ ਕਿਸੇ ਭੇਦ-ਭਾਵ ਇੱਕ ਪੰਗਤ ਵਿਚ ਬੈਠ ਕੇ ਭੋਜਨ ਛਕਣ ਲਗਿਆ। ਭੇਦ-ਭਾਵ, ਊਚ-ਨੀਚ ਦੀ ਕੰਧ ਤੋੜਨ ਦਾ ਇਹ ਅਭਿਆਸ ਖਾਲਸਾ ਪੰਥ ਦੀ ਸਾਜਨਾ ਵੇਲੇ ਸਿਖਰ 'ਤੇ ਪਹੁੰਚ ਗਿਆ ਜਦ 'ਇੱਕੋ ਪੰਗਤ ਵਿਚ ਵੰਡ ਛਕਣ' ਤੋਂ ਵੀ ਅੱਗੇ 'ਇੱਕੋ ਬਾਟੇ' (ਬਰਤਨ) ਵਿਚ ਖੰਡੇ ਦੀ ਪਾਹੁਲ ਛਕਾਈ ਗਈ। ਇਸੇ ਪ੍ਰਸੰਗ ਅਤੇ ਰੂਪ ਦੀ ਦੁਨੀਆ ਵਿਚ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ। ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਤਿਆਰ-ਬਰ-ਤਿਆਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਇੱਕੋ ਲੋਹੇ ਦੇ ਬਾਟੇ ਵਿੱਚੋਂ ਅੰਮ੍ਰਿਤ ਛਕਣ ਲਈ ਕਿਹਾ ਤਾਂ ਜੋ ਡੁੰਘੇ ਘੁਟਾਂ ਰਾਹੀਂ ਉਹ ਭਰਾਤਰੀਅਤ ਦੇ ਪ੍ਰੇਮ ਨੂੰ ਪੀ ਛਕਣ। ਇੱਥੇ ਇਹ ਗੱਲ ਵੀ ਬਹੁਤ ਮਹੱਤਵਪੂਰਨ ਹੈ ਕਿ ਗੁਰੂ ਸਾਹਿਬ ਨੇ ਮਨੁੱਖੀ ਏਕਤਾ ਦੇ ਇਸ ਦਸਤੂਰ ਨੂੰ ਉਲਟਾਉਂਦੀ ਕਿਸੇ ਵੀ ਪੇਸ਼ਕਸ਼ ਨੂੰ ਹਕਾਰਤ ਨਾਲ ਠੁਕਰਾਇਆ। ਪਹਾੜੀ (ਹਿੰਦੂ) ਰਾਜਿਆਂ ਵੱਲੋਂ ਆਪਣੇ ਲਈ ਸਮਝੇ ਜਾਂਦੇ ਸ਼ੂਦਰਾਂ ਨਾਲੋਂ ਅਛੂਤ

ਰਹਿਣ ਦਾ ਵਾਸਤਾ ਪਾ ਕੇ ਵਖਰੇ ਤੌਰ 'ਤੇ ਤਿਆਰ ਖੰਡੇ ਦੀ ਪਾਹੁਲ ਛਕਣ ਦੀ ਉਨ੍ਹਾਂ ਦੀ ਪੇਸ਼ਕਸ਼ *'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ'* ਦੇ ਸ਼ਬਦਾਂ ਨਾਲ ਅਪ੍ਰਵਾਨ ਕਰਨੀ, ਜਿੱਥੇ ਮਨੁੱਖ-ਮਨੁੱਖ ਵਿਚ ਕਿਸੇ ਤਰ੍ਹਾਂ ਦਾ ਵਿਤਕਰਾ ਨਾ ਹੋਣ ਦਾ ਇਲਾਹੀ ਸੁਨੇਹਾ ਸੀ, ਉੱਥੇ ਗੁਰੂ ਸਾਹਿਬ ਨੇ ਜਾਤ ਅਭਿਮਾਨੀਆਂ ਨੂੰ ਇਹ ਵੀ ਦਰਸਾਇਆ ਕਿ 'ਖਾਲਸਾ ਪੰਥ' ਦੇ ਆਦਰਸ਼ ਨੂੰ ਸਮਰਪਿਤ ਇਹ ਲੋਕ ਹਰ ਤਰ੍ਹਾਂ ਦੇ ਕੁਪ੍ਰਬੰਧ ਨਾਲ ਟੱਕਰ ਲੈਣ ਦੀ ਅਥਾਹ ਸਮਰੱਥਾ ਰੱਖਦੇ ਹਨ। ਇਸੇ ਕੜੀ ਦੀ ਇਕ ਹੋਰ ਉਘੜ੍ਹਵੀਂ ਮਿਸਾਲ ਦਿੱਤੀ ਜਾ ਸਕਦੀ ਹੈ, ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਹਕੂਮਤ ਖ਼ਿਲਾਫ਼ ਯੁੱਧਨੀਤਿਕ ਮੰਤਕ ਵਿਚ ਬਾਈਧਾਰ ਦੇ ਰਾਜਪੂਤ ਰਾਜਿਆਂ ਵੱਲੋਂ ਸਹਾਇਤਾ ਦੇ ਮੌਕੇ ਨੂੰ ਤਰਜੀਹੀ ਤੌਰ 'ਤੇ ਤਿਆਗਦਿਆਂ ਆਪਣੇ ਜਾਤ-ਪਾਤੀ ਵਿਚਾਰਧਾਰਾ ਅਤੇ ਜਗੀਰੂ ਅਮਲਾਂ ਵਿਰੋਧੀ ਅਸੂਲਾਂ ਵਿਚ ਛੋਟ ਦੇਣ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ ਸੀ। ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ (ਉੱਚੀਆਂ ਜਾਤੀਆਂ ਦਾ ਨੀਵੀਆਂ ਜਾਤਾਂ ਨਾਲ ਮਿਲ ਕੇ ਬੈਠਣਾ ਅਤੇ 'ਨੀਚਾਂ' ਹਥ ਰਾਜਸੀ ਸੱਤਾ ਸੌਂਪਣੀ) ਅਚੰਭੇ ਵਾਲੀ ਲੱਗੀ ਅਤੇ ਇਸ ਨਾਲ ਉਨ੍ਹਾਂ ਨੂੰ ਆਪਣੀ ਸਾਰੀ ਚੌਧਰ ਤੇ ਸ਼ਾਨ ਵੀ ਖੁੱਸਦੀ ਦਿਸਦੀ ਸੀ (ਹਮਰੋ ਰਾਜ ਖੋਹ ਜਗ ਹਾਸੀ)। ਇਸ ਕਰਕੇ ਉਨ੍ਹਾਂ ਨੇ ਮੁਗ਼ਲ ਹਕੂਮਤ ਵਿਰੁੱਧ ਗੁਰੂ ਸਾਹਿਬ ਦਾ ਸਾਥ ਦੇਣ ਦੀ ਬਜਾਇ, ਗੁਰੂ ਸਾਹਿਬ ਖ਼ਿਲਾਫ਼ ਮੁਗ਼ਲ ਹਾਕਮਾਂ ਦਾ ਪੱਖ ਲੈਣਾ ਵਧੇਰੇ ਠੀਕ ਸਮਝਿਆ। 'ਗੁਰ ਬਿਲਾਸ ਪਾਤਸ਼ਾਹੀ' ਦਸਵੀਂ (ਕੋਇਰ ਸਿੰਘ) ਵਿਚ ਇਸ ਘਟਨਾ-ਕ੍ਰਮ ਦਾ ਵੇਰਵਾ ਦਿੰਦਿਆਂ ਹੋਇਆਂ ਲਿਖਿਆ ਹੈ ਕਿ ਗੁਰੂ ਸਾਹਿਬ ਪਹਾੜੀ ਰਾਜਿਆਂ ਨੂੰ ਇਸ ਤਰ੍ਹਾਂ ਮੁਖਾਤਿਬ ਹੋਏ :

ਤਬ ਸਭ ਕੋ ਇਹ ਭਾਂਤਿ ਉਚਾਰੋ। "ਤੁਮ ਖ਼ਾਲਸ ਕੀ ਰਹਿਤ ਸੁਧਾਰੋ।
(ਭਾਵ ਖਾਲਸੇ ਬਣ ਜਾਓ)।
ਤੁਰਕਨ ਕੋ ਭਰੋ ਹਾਲਾ ਮਾਨੋ। ਲੇਵ ਤੁਰਕ ਕੋ ਅਬ ਪਹਿਚਾਨੋ॥੧੧੧॥
ਖੰਡੇ ਜੀ ਕੀ ਸਰਨੀ ਆਵੋ। ਯਮਨੀ ਸਭਾ ਸੁ ਮਾਰ ਗਵਾਵੋ॥
ਮੈ ਤੁਮ ਕੋ ਇਕ ਥਾਨ ਵਿਚਾਰਾ। ਮਤਿ ਤੁਮ ਦੇਉ ਉਲ੍ਹਾਮਾ ਭਾਰਾ॥੧੧੨॥
ਤਾ ਕਾਰਨ ਮੈ ਤੁਝੈ ਅਲਾਇਆ। ਤੁਝ ਕੋ ਖ਼ਾਲਸ ਚਰਨੀ ਲਾਇਆ।"

ਉਕਤ ਲਿਖਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨੂੰ ਮੁਗ਼ਲਾਂ ਖ਼ਿਲਾਫ਼ ਲੜਾਈ ਵਿਚ ਸ਼ਾਮਿਲ ਹੋਣ ਦਾ ਸੱਦਾ ਤਾਂ ਦਿੱਤਾ ਪਰ ਇਸ ਸ਼ਰਤ 'ਤੇ ਕਿ ਉਹ ਖਾਲਸੇ ਦੇ ਸਮਾਜਿਕ ਤੇ ਰਾਜਸੀ ਨਿਸ਼ਾਨਿਆਂ ਨੂੰ ਅਪਣਾਉਣ ਤੇ ਖਾਲਸੇ ਦੀ ਅਗਵਾਈ ਕਬੂਲ ਕਰਨ। ਗੁਰੂ ਸਾਹਿਬ ਦੇ ਇਸ ਸੱਦੇ ਦਾ ਪਹਾੜੀ ਰਾਜਿਆਂ ਨੇ ਜੋ ਜਾਤ-ਘੁਮੰਡ ਤੇ ਜਗੀਰੂ ਤੁਅਸਬ ਭਰਪੂਰ ਜੁਆਬ ਦਿੱਤਾ, ਇਸ ਤਰ੍ਹਾਂ ਹੈ:

ਚਾਰ ਬਰਨ ਤੁਮ ਇਕ ਜਾ ਕੀਨੇ। ਅੰਮ੍ਰਿਤ ਨਿਜ ਉਪਦੇਸ ਸੁ ਦੀਨੇ॥੧੧੪॥

ਹਮਰੀ ਜਾਤਿ ਅਧਿਕ ਜਗ ਮਾਹੀ। ਕਿਮ ਹਮ ਚਾਰ ਬਰਨ ਸੰਗ ਖਾਹੀ?...
ਨੀਚ ਜਾਤ ਕਹਿ ਨੀਹਲ ਵਾਸੀ। ਹਮਰੋ ਰਾਜ ਖੋਹ ਜਗ ਹਾਸੀ।
ਇਹ ਤੋ ਬਡ ਅਸਚਰਜ ਭੀ ਬਾਤਾ। ਦੁਆਦਸ ਜਾਤ ਸਨਾਤ ਕਾ ਨਾਤਾ॥੧੧੭॥

ਇਤਨਾ ਹੀ ਨਹੀਂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੇ 'ਖਾਲਸਾ ਪੰਥ' ਵਾਲੇ ਮਿਸ਼ਨ ਖ਼ਿਲਾਫ਼ ਔਰੰਗਜ਼ੇਬ ਪਾਸ ਵੀ ਸ਼ਿਕਾਇਤ ਕੀਤੀ ਸੀ ਕਿ :

ਚਾਰ ਬਰਨ ਇਕ ਬਰਨ ਪ੍ਰਕਾਰਾ, ਨਾਮ ਖਾਲਸਾ ਪੰਥ ਸੁਧਾਰਾ।
ਸੁਧਾ ਦੇਣ ਹਿਤ ਹਮੇ ਬਲਾਯੋ, ਹੋਹੁ ਖਾਲਸਾ ਯਹ ਫੁਰਮਾਯੋ।

ਪਹਾੜੀ ਰਾਜਿਆਂ ਦੇ ਪ੍ਰਤੀਕਰਮ ਦੇ ਜੁਆਬ ਵਿਚ ਗੁਰੂ ਸਾਹਿਬ ਨੇ ਫੁਰਮਾਇਆ ਕਿ ਉਹ (ਗੁਰੂ) ਸਾਹਿਬ ਐਸਾ ਭਾਈਚਾਰਕ ਤੇ ਰਾਜਸੀ ਇਨਕਲਾਬ ਲਿਆਉਣਗੇ ਜੋ ਪਹਾੜੀ ਰਾਜਿਆਂ ਨੂੰ ਨਾਮੁਮਕਿਨ ਜਾਪਦਾ ਹੈ :

ਚਿੜੀਅਨ ਪਰ ਅਬ ਖੁਸ਼ੀ ਹਮਾਰੀ। ਮਾਰੇ ਬਾਜ ਸੁ ਅਪਰ ਮੰਝਾਰੀ॥੧੨੦॥
ਮੈ ਅਸਿਪਾਨਸ ਤਦ ਸੁ ਕਹਾਊਂ। ਚਿੜੀਅਨ ਪੈ ਜੌ ਬਾਜ ਤੜਾਊਂ।

ਖਾਲਸਾ ਪੰਥ ਦੇ ਮਨੁੱਖੀ ਏਕਤਾ ਵਾਲੇ ਅਮਲ ਦੇ ਖਾਲਸਈ ਬੋਲਿਆਂ, ਨਾਅਰਿਆਂ ਵਿੱਚੋਂ ਵੀ ਦਰਸ਼ਨ ਹੁੰਦੇ ਹਨ। "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥" ਦੇ ਸਮੇਂ ਤੇ ਸਥਾਨ ਤੋਂ ਪਰ੍ਹੇ ਬ੍ਰਹਿਮੰਡੀ ਬੋਲੇ ਦਾ ਮਤਲਬ ਹੈ ਖਾਲਸਾ ਵਾਹਿਗੁਰੂ ਦਾ ਹੈ ਅਤੇ ਫ਼ਤਹ ਵੀ ਵਾਹਿਗੁਰੂ ਦੀ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੀ ਅਗਵਾਈ ਖਾਲਸੇ ਨੂੰ ਸੌਂਪੀ ਤਾਂ ਆਪਣੇ ਭਾਸ਼ਣ ਦੇ ਅਖੀਰ ਵਿਚ ਇਹ ਸ਼ਬਦ ਵਰਤੇ ਸਨ, ਜੋ ਖਾਲਸੇ ਦਾ ਨਾਅਰਾ ਬਣ ਗਏ। ਇਸ ਨੂੰ ਸਿੱਖਾਂ ਦੇ ਆਪਸੀ ਮਿਲਣੀ ਵੇਲੇ ਇਕ ਦੂਸਰੇ ਦੇ ਸਤਿਕਾਰ ਲਈ ਅਤੇ ਸਾਰੇ ਮੌਕਿਆਂ, ਰਸਮਾਂ 'ਤੇ ਬੋਲਿਆ ਜਾਂਦਾ ਹੈ। ਖਾਸ ਤੌਰ 'ਤੇ ਖੰਡੇ ਦੀ ਪਾਹੁਲ ਛਕਾਉਣ ਵੇਲੇ ਤਾਂ ਇਸ ਦਾ ਵਾਰ-ਵਾਰ ਦੁਹਰਾਓ ਕਰਾਇਆ ਜਾਂਦਾ ਹੈ। ਵਿਵਹਾਰਕ ਦ੍ਰਿਸ਼ਟੀ ਤੋਂ ਰੋਜ਼ਾਨਾ ਦੇ ਜੀਵਨ ਵਿਚ ਵਰਤਿਆ ਜਾਂਦਾ ਇਹ ਬੋਲਾ ਖਾਲਸੇ ਦੇ ਮਨੁੱਖੀ ਏਕਤਾ ਦੇ ਆਦਰਸ਼ ਨੂੰ ਮਾਨਸਿਕ ਤੌਰ 'ਤੇ ਡੂੰਘਾ ਉਕਾਰਦਾ ਹੈ। ਪਹਿਲਾਂ ਪਮਾਤਮਾ ਦਾ ਨਾਂ ਯਾਦ ਕਰਾ ਕੇ ਦੱਸਦਾ ਹੈ ਕਿ ਅਸੀਂ ਸਾਰੇ ਉਸ ਦੇ ਹਾਂ- *ਏਕੁ ਪਿਤਾ ਏਕਸ ਕੇ ਹਮ ਬਾਰਿਕ* ਆਪਸ ਵਿਚ ਸਕੇ ਭਾਈ ਹਾਂ, ਜਿਸ ਨਾਲ ਘ੍ਰਿਣਾ ਤੇ ਨਾ ਬਰਾਬਰੀ ਦੀ ਜੜ੍ਹ ਕਟ ਕੇ ਪ੍ਰੇਮ ਤੇ ਏਕਤਾ ਦੇ ਭਾਵ ਸੀਨੇ ਵਿਚ ਉਤਪੰਨ ਹੁੰਦੇ ਹਨ, ਲਹਿਰਦੇ ਹਨ। ਸੋ ਖਾਲਸਾ ਪੰਥ ਦੀ ਸਾਜਨਾ ਦੀ ਲਾਸਾਨੀ ਘਟਨਾ ਕਾਰਨ ਵੈਸਾਖੀ ਦੇ ਤਿਉਹਾਰ ਦੀ ਪ੍ਰਾਸੰਗਿਕਤਾ ਬਹੁਭਾਂਤੀ ਤੇ ਬਹੁਪਾਸਾਰੀ ਹੈ। ਇਹ ਮਨੁੱਖੀ ਸਮਾਨਤਾ ਅਤੇ ਸੁਤੰਤਰਤਾ ਦੇ ਬ੍ਰਹਿਮੰਡੀ ਸਰੋਕਾਰਾਂ ਨੂੰ ਧਰਤੀ 'ਤੇ ਅਮਲ ਵਿਚ ਲਿਆਉਣ ਦਾ ਸ਼ੁਭ ਦਿਹਾੜਾ ਹੈ।

ਅਠਾਰ੍ਹਵੀਂ ਸਦੀ ਦੇ ਸਿੱਖ ਗੱਭਰੂ
(ਅੰਮ੍ਰਿਤ ਦੀਆਂ ਬਰਕਤਾਂ)

-ਪ੍ਰਿੰਸੀਪਲ ਨਾਹਰ ਸਿੰਘ

ਇਕ ਜਨਵਰੀ, ੧੭੦੧ ਤੋਂ ੩੧ ਦਸੰਬਰ, ੧੮੦੦ ਈਸਵੀ ਤਕ ਇਕ ਸੌ ਸਾਲ ਨੂੰ ਅਠਾਰ੍ਹਵੀਂ ਸਦੀ ਆਖਿਆ ਜਾਂਦਾ ਹੈ। ਪਰ ਇਸ ਤੋਂ ਪਹਿਲਾਂ ਤੇ ਪਿੱਛੋਂ ਦੇ ਹਾਵਾਂ-ਭਾਵਾਂ, ਮੰਗਾਂ, ਉਮੰਗਾਂ, ਘਟਨਾਵਾਂ, ਲਹਿਰਾਂ, ਵਿਚਾਰ-ਧਾਰਾਵਾਂ, ਕਮਾਈਆਂ, ਕਮਜ਼ੋਰੀਆਂ ਨੂੰ ਵੀ ਧਿਆਨ ਗੋਚਰ ਰੱਖਣਾ ਜ਼ਰੂਰੀ ਹੈ। ਇਸ ਸਦੀ ਵਿਚ ਦਿੱਲੀ ਵਿਚ ਪਹਿਲੇ ੫੦, ੬੦ ਸਾਲ ਮੁਗ਼ਲ ਰਾਜ ਰਿਹਾ, ਪਰ ਮਰਹੱਟਿਆਂ ਦਾ ਕੋਰ ਵੀ ਰਿਹਾ। ਬੰਬਈ, ਮਦਰਾਸ ਤੇ ਬੰਗਾਲ ਅਤੇ ਹੋਰ ਟਾਵੇਂ-ਟਾਵੇਂ ਥਾਂਵਾਂ ਵਿਚ ਅੰਗਰੇਜ਼ਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ। ਪੰਜਾਬ ਵਿਚ ਮੁਗ਼ਲਾਂ ਤੋਂ ਬਿਨਾਂ ਉਨ੍ਹਾਂ ਦੇ ਸੂਬੇਦਾਰਾਂ, ਨਵਾਬਾਂ ਅਤੇ ਦਰਮਿਆਨੀ ਸਮੇਂ ਅੰਦਰ, ਪਠਾਣਾਂ ਤੇ ਸਿੱਖ ਮਿਸਲਾਂ ਦਾ ਰਾਜ ਭਾਗ ਰਿਹਾ। ਪਰ ਅੰਤਲੇ ਸਾਲਾਂ ਵਿਚ ਕਿਸੇ ਨਾ ਕਿਸੇ ਸੂਰਤ ਵਿਚ ਮਿਸਲਾਂ ਤੇ ਸਮੁੱਚੇ ਸਿੱਖ ਰਾਜ ਦਾ ਪ੍ਰਭਾਵ ਤੇ ਵਰਤ-ਵਰਤਾਰਾ ਪ੍ਰਤੱਖ ਸਥਾਪਿਤ ਹੋ ਗਿਆ।

ਸਰਕਾਰ ਤੇ ਧਰਮ-

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ੧ ਵੈਸਾਖ ੧੭੫੬ ਬਿਕ੍ਰਮੀ ਵੈਸਾਖੀ ੧੬੯੯ ਨੂੰ ਖਾਲਸਾ ਦੀ ਸਾਜਨਾ ਕੀਤੀ। ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹੀ ਲੱਖਾਂ ਸਿੱਖ, ਅੰਮ੍ਰਿਤਧਾਰੀ ਸਿੰਘ ਸੂਰਮੇ ਸਜ ਗਏ। ਹਥਿਆਰਬੰਦ ਸੰਤ ਉਹ ਪਹਿਲਾਂ ਹੀ ਸਨ, ਹੁਣ ਸੰਤ ਸਿਪਾਹੀ, ਸ਼ਮਸ਼ੀਰ ਬਹਾਦੁਰ ਤੇ ਅਕਾਲ ਪੁਰਖ ਕੀ ਫੌਜ ਦੇ ਥੰਮ੍ਹ ਉੱਸਰ ਕੇ ਖੜ੍ਹੇ ਹੋ ਗਏ। ਪਰ ਸਰਕਾਰਾਂ ਤੇ ਧਰਮਾਂ ਦਾ ਆਦਿ ਤੋਂ ਹੀ ਟਕਰਾਅ ਤੇ ਭੇੜ ਚਲਿਆ ਆਇਆ ਹੈ। ਹਕੂਮਤਾਂ ਦੀ ਨੀਂਹ, ਸੀਨਾਜੋਰੀ, ਜ਼ਬਰਦਸਤੀ, ਕਬਜ਼ਿਆਂ, ਹੱਕਮਾਰਾਂ, ਅਨਿਆਵਾਂ, ਲੁੱਟਾਂ-ਕੁੱਟਾਂ, ਕਤਲਾਮਾਂ, ਧਾਰਮਿਕ ਜ਼ੁਲਮਾਂ 'ਤੇ ਰੱਖੀ ਹੁੰਦੀ ਹੈ ਪਰ ਧਰਮਾਂ ਦੀਆਂ, ਨੀਹਾਂ, ਖ਼ੁਦਾਈ ਖੌਫ਼, ਨਿਆਂ, ਪ੍ਰੇਮ ਭਾਉ, ਸੱਚ, ਕੁਰਬਾਨੀ, ਇਨਸਾਨੀ ਕੀਮਤਾਂ, ਸੁੱਚੀਆਂ ਕਮਾਈਆਂ ਤੇ ਕਾਇਮ ਹੁੰਦੀਆਂ ਹਨ। ਟਕਰਾਵਾਂ ਤੇ ਸੰਘਰਸ਼ਾਂ ਵਿਚ ਨੌਜੁਆਨ ਗੱਭਰੂ ਸੂਰਮੇ, ਵੱਡਿਆਂ ਦੀ ਸੁਚੱਜੀ ਅਗਵਾਈ ਅੰਦਰ ਕਰਮਸ਼ੀਲ ਤੇ ਆਤਮ-ਪਰਮਾਤਮ ਵਿਸ਼ਵਾਸੀ ਹੋ ਕੇ ਜਿੱਤਾਂ ਜਿੱਤਦੇ ਹਨ ਤੇ ਮਾਰਾਂ ਮਾਰਦੇ ਹਨ। ਸੋ ਖਾਲਸੇ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ। ਨੌਜੁਆਨਾਂ ਤੇ ਮੁਟਿਆਰਾਂ ਨੇ ਕੁਰਬਾਨੀਆਂ ਕੀਤੀਆਂ, ਤਸੀਹੇ ਸਹੇ, ਸ਼ਹੀਦੀਆਂ ਪਾਈਆਂ ਤੇ ਫਲਸਰੂਪ ਸਿੱਖ ਰਾਜ ਕਾਇਮ ਹੋਇਆ। ਇਹੋ ਅੰਮ੍ਰਿਤ ਦੇ ਕ੍ਰਿਸ਼ਮੇ ਸਨ ਕਿ ਸਿੱਖਾਂ ਦੀ ਕਾਇਆ-ਕਲਪ ਹੋ ਚੁੱਕੀ ਸੀ।

ਅੰਮ੍ਰਿਤ ਦੀ ਸ਼ਕਤੀ-

ਸਿੱਖ, ਸਿੰਘ ਸਜ ਕੇ, ਸਜਣ, ਸੂਰੇ, ਸਿਰਲਥ, ਮਰਜੀਵੜੇ ਬਣ ਗਏ। ਵਾਹਿਗੁਰੂ ਜੀ ਕਾ ਖਾਲਸਾ ਬਣ ਗਏ। ਸੋ ਵਾਹਿਗੁਰੂ ਜੀ ਕੀ ਫ਼ਤਹ ਵੀ ਜ਼ਰੂਰੀ ਹੋ ਗਈ। ਇਹ ਅਕਾਲੀ ਪੰਥ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਜਿਆ ਸੀ। ਇਹ ਅਕਾਲ ਪੁਰਖ ਦੇ ਪੁੱਤਰ ਬਣ ਗਏ, ਸੰਤ ਸਿਪਾਹੀ ਬਣ, ਸਜ ਗਏ। ਅਠਾਰ੍ਹਵੀਂ ਸਦੀ ਦੇ ਪਹਿਲੇ ਚਾਰ ਸਾਲ, ਸਿੱਖ ਅਨੰਦਪੁਰ ਸਾਹਿਬ ਦੇ ਜੰਗ ਲੜਦੇ ਰਹੇ। ਕਲਗੀਆਂ ਵਾਲੇ ਆਪ ਅਗਵਾਈ ਕਰਦੇ ਸਨ। ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ, ਸਗੋਂ ਸਿੰਘਣੀਆਂ ਨੇ ਵੀ ਜਥੇਦਾਰਨੀ ਦਲੇਰ ਕੌਰ ਦੀ ਕਮਾਨ ਹੇਠ ਬਹਾਦਰੀ ਦੇ ਉਹ ਜੌਹਰ ਦਿਖਾਏ ਜਿਹੜੇ ਗਭਰੇਟਿਆਂ ਲਈ ਪਥ-ਪਰਦਰਸ਼ਕ ਬਣੇ। ਇਕ ਅਜਿਹਾ ਸਮਾਂ ਆਇਆ ਕਿ ਕਿਲ੍ਹੇ ਅੰਦਰ ਕੇਵਲ ਦਸ ਸਿੰਘ ਤੇ ਇਕ ਸੌ ਸਿੰਘਣੀਆਂ ਰਹਿ ਗਈਆਂ। ਬਾਹਰ ਜਰਵਾਣਿਆਂ ਦੇ ਕਟਕ ਉਤਰੇ ਹੋਏ ਸਨ। ਸਿੰਘਾਂ ਨੇ ਚਿੰਤਾ ਪਰਗਟ ਕੀਤੀ ਕਿ ਉਨ੍ਹਾਂ ਦੇ ਸ਼ਹੀਦ ਹੋਣ ਪਿੱਛੋਂ ਜ਼ਾਲਮ ਬੀਬੀਆਂ ਦੀ ਬੇਪਤੀ ਕਰਨਗੇ। ਇਹ ਆਮ ਕਹਾਵਤ ਹੈ ਕਿ ਅਜਿਹੇ ਸਮੇਂ ਰਾਜਪੂਤ ਇਸਤਰੀਆਂ ਆਪਣੀ ਆਬਰੂ ਬਚਾਉਣ ਲਈ, ਚਿਖਾ ਬਣਾ ਕੇ ਸੜ ਮਰਦੀਆਂ ਹਨ। ਇਸੇ ਨੂੰ 'ਜੌਹਰ' ਦੀ ਰਸਮ ਆਖਿਆ ਜਾਂਦਾ ਹੈ। ਪਰ ਸਾਬਾਸ਼ੇ ਦਸਮੇਸ਼ ਜੀ ਦੀਆਂ ਪੁੱਤਰੀਆਂ ਦੇ। ਆਪਣੇ ਚਿੰਤਾਤੁਰ ਵੀਰਾਂ ਨੂੰ ਲਲਕਾਰ ਕੇ ਆਖਿਆ, "ਭਰਾਵੋ, ਅਸੀਂ ਅਬਲਾ ਨਹੀਂ ਹਾਂ, ਦੁਸ਼ਮਣ ਨਾਲ ਦੋ ਹੱਥ ਕਰ ਕੇ ਸ਼ਹੀਦ ਹੋਵਾਂਗੀਆਂ। ਜਿਸ ਬਾਜਾਂ ਵਾਲੇ ਦਾ ਅੰਮ੍ਰਿਤ ਤੁਸੀਂ ਛਕਿਆ ਹੈ, ਉਸੇ ਦਾ ਉਹੀ ਅੰਮ੍ਰਿਤ ਅਸੀਂ ਵੀ ਛਕਿਆ ਹੈ, ਫਿਰ ਤੁਹਾਨੂੰ ਤੋਖਲੇ ਦਾ ਫੁਰਨਾ ਕਿਓਂ ਫੁਰਿਆ, ਅਸੀ ਸ਼ੀਹਣੀਆਂ ਹਾਂ। ਬੁੱਜ਼ਦਿਲ ਜ਼ਾਲਮਾਂ ਦੀਆਂ ਹੱਡੀਆਂ ਚੂਰ-ਚੂਰ ਕਰ ਦੇਵਾਂਗੀਆਂ। ਸੰਸਾਰ ਦੀ ਕੋਈ ਸ਼ਕਤੀ, ਸਾਡੀ ਬੇਪਤੀ ਨਹੀਂ ਕਰ ਸਕਦੀ, ਤੁਹਾਡੇ ਨਾਲੋਂ ਪਹਿਲਾਂ ਲੜ ਕੇ ਸ਼ਹੀਦ ਹੋਵਾਂਗੀਆਂ।" ਤੇ ਅਜਿਹਾ ਹੀ ਹੋਇਆ।

ਇਹ ਸਾਬਤ ਕਰ ਦਿੱਤਾ ਕਿ ਗੁਰੂ ਪਰੰਪਰਾ ਸਮੇਂ ਅਤੇ ਉਪਰੰਤ, ਸਿੱਖ ਪਰੰਪਰਾ ਨੇ ਵੀ ਆਪਣੀ ਅਜ਼ਾਦ ਹਸਤੀ, ਕੌਮੀ ਚਰਿੱਤਰ, ਨਿਆਰੇ ਸਰੂਪ ਤੇ ਸੁਤੰਤਰ ਵਿਚਾਰ-ਧਾਰਾ ਸਦਕਾ ਕਦੇ ਵੀ ਮੁਗ਼ਲ, ਪਠਾਣ ਸਰਕਾਰਾਂ ਨਾਲ ਸਮਝੌਤਾ ਨਹੀਂ ਕੀਤਾ। ਦਸਮੇਸ਼ ਜੀ ਨੇ ੬ ਪੋਹ ੧੭੬੧ ਬਿਕ੍ਰਮੀ ਭਾਵ ੨੦ ਦਸੰਬਰ, ੧੭੦੪ ਈ. ਦੀ ਰਾਤ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ। ਹਿੰਦੂ ਰਾਣਿਆਂ ਤੇ ਮੁਗ਼ਲ ਫੌਜਦਾਰਾਂ ਦੀਆਂ ਝੂਠੀਆਂ ਕਸਮਾਂ ਤੇ ਵਾਦਿਆਂ ਦਾ ਪੋਲ ਖੋਲ੍ਹਿਆ। ਇਸ ਸਮੇਂ ਸਤਿਗੁਰਾਂ ਦੀ ਆਯੂ ੩੯ ਸਾਲ ਸੀ। ਚੌਹਾਂ ਸਾਹਿਬਜ਼ਾਦਿਆਂ ਦੀਆਂ ਉਮਰਾਂ ੧੭, ੧੩, ੯ ਤੇ ੭ ਸਾਲ ਸਨ। ਅਨੇਕਾਂ ਹੀ ਅਜਿਹੇ ਹੋਰ ਗਭਰੇਟੇ ਸਨ ਜਿਨ੍ਹਾਂ ਦੀ ਟਰੇਨਿੰਗ ਮੁਟਿਆਰਾਂ, ਭੁਝੰਗੀਆਂ ਤੇ ਭੁਝੰਗਣਾਂ ਸਣੇ, ਕਿਲ੍ਹਾ ਅਨੰਦਪੁਰ ਸਾਹਿਬ ਵਿਚ ਸਤਿਗੁਰਾਂ ਦੀ ਆਪਣੀ ਦੇਖ-ਰੇਖ ਵਿਚ ਹੋਈ। ਇਸ ਤੋਂ ੨੫ ਸਾਲ ਪਹਿਲਾਂ ਹੀ ਸਤਿਗੁਰਾਂ ਨੇ ਹੋਲਾ ਮਹੱਲਾ ਪੁਰਬ ਜਾਰੀ ਕਰ ਕੇ ਮਸਨੂਈ ਲੜਾਈਆਂ ਕਰਵਾ ਕੇ ਨੌਜੁਆਨਾਂ ਨੂੰ ਕੇਵਲ ਜੰਗੀ ਕਾਰਵਾਈਆਂ ਹੀ ਨਹੀਂ ਸਗੋਂ ਜੰਗੀ ਜੀਵਨ ਜੀਉਣ ਤੇ

ਸੰਘਰਸ਼ੀ ਵਾਤਾਵਰਣ ਨੂੰ ਸਰ ਕਰਨ ਲਈ ਤਿਆਰ-ਬਰ-ਤਿਆਰ ਕਰ ਦਿੱਤਾ ਸੀ। ਤਦੇ ਤਾਂ ੧੭੦੯ ਈ. ਤੋਂ ਪਹਿਲਾਂ ਹੀ ਸਿੱਖਾਂ ਨੇ ਭੰਗਾਣੀ, ਨਦੌਣ, ਆਦਿ ਦੇ ਜੁੱਧ ਜਿੱਤੇ ਸਨ। ਸਰਸਾ ਨਦੀ ਦੇ ਮੋਰਚੇ ਫ਼ਤਹ ਕਰਦੇ ਹੋਏ, ਆਪ ਨੇ ਚਮਕੌਰ ਸਾਹਿਬ ਤੇ ਮੁਕਤਸਰ ਸਾਹਿਬ ਦੇ ਜੰਗ ਲੜੇ ਤੇ ਲੜਾਏ। ਹੁਣ ਨਾਲੋਂ ਉਸ ਸਮੇਂ ਅੰਦਰ ਜੀਵਨ ਨਿਭਾਉਣਾ ਵਧੇਰੇ ਕਠਨ ਤੇ ਕਰੜਾ ਸੀ ਪਰ ਸਿੰਘ ਵੀ ਪੂਰੇ ਉਤਰਦੇ ਰਹੇ। ਪੂਰੇ ਉਤਰਦੇ ਵੀ ਕਿਉਂ ਨਾ; ਪੂਰੇ ਗੁਰੂ ਦੇ ਪੂਰਨੇ ਪਾਏ ਹੋਏ ਸਨ। ਭਰਪੂਰ ਸੰਗਤ ਦੇ ਵੱਲ ਬਾਂਹ ਪਸਾਰ ਕੇ, ਦਮਦਮਾ ਸਾਹਿਬ ਅੰਦਰ ੧੭੦੬ ਵਿਚ ਆਪਣੇ ਮਹਿਲਾਂ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਨੂੰ ਦਰਸਾਉਂਦੇ ਹਨ:

ਇਨ ਪੁਤ੍ਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਭਇਆ, ਜੀਵਤ ਕਈ ਹਜ਼ਾਰ।

ਹੋਰ ਫੁਰਮਾਇਆ: "ਉਹ ਮਰੇ ਨਹੀਂ, ਆਪਣੇ ਵਰਗੇ ਹਜ਼ਾਰਾਂ ਹੀ ਆਪਾ-ਵਾਰੂ ਮਰਜੀਵੜੇ ਖੜ੍ਹੇ ਕਰ ਗਏ ਹਨ।

ਮੈਥਿਲੀ ਸ਼ਰਨ ਦੀ ਕੂਕ-

ਇਹ ਦੇਖ ਕੇ ਵਰਤਮਾਨ ਭਾਰਤ ਦਾ ਰਾਸ਼ਟਰ-ਕਵੀ, ਸ੍ਰੀ ਮੈਥਿਲੀ ਸ਼ਰਨ ਗੁਪਤ ਕੂਕ ਉਠਿਆ ਤੇ ਕੰਨਾਂ 'ਤੇ ਹੱਥ ਧਰ ਕੇ ਹੇਕ ਮਾਰੀ:-

ਜਿਸ ਕੁਲ, ਜਾਤਿ, ਦੇਸ਼ ਕੇ ਬੱਚੇ ਦੇ ਸਕਤੇ ਹੈਂ ਯੋਂ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿੱਸ਼ ਹੈ, ਮਹਾਂ ਮਹਾਨ।

ਜਦੋਂ ਸ਼ੇਰੇ-ਬੱਚਿਆਂ ਨੂੰ ਸਰਹੰਦ ਦੇ ਸੂਬੇ ਨੇ ਲਾਲਚ ਦਿੱਤੇ ਤੇ ਆਖਿਆ ਕਿ ਮੁਸਲਮਾਨ ਹੋ ਜਾਓ, ਨਹੀਂ ਤਾਂ ਮਾਰ ਦਿੱਤੇ ਜਾਵੋਗੇ ਤਾਂ ਸ਼ੇਰਾਂ ਨੇ ਭਬਕ ਮਾਰੀ:-

ਤੋ ਕਯਾ ਫਿਰ ਹਮ ਨਹੀਂ ਮਰੇਂਗੇ? ਅਮਰ ਰਹੋਗੇ ਕਯਾ ਤੁਮ ਆਪ?
ਕਿੰਤੂ ਅਮਰ ਹੋਂ ਤੋ ਭੀ ਹਮ ਤੋ ਨਹੀਂ ਕਰੇਂਗੇ ਐਸਾ ਪਾਪ।

ਇਹ ਬੂਟਾ ਸਰਹੰਦ ਦੀਆਂ ਕੰਧਾਂ ਦੀਆਂ ਨੀਂਹਾਂ, ਸਰਸਾ ਨਦੀ ਦੇ ਮੀਂਹਾਂ, ਚਮਕੌਰ ਤੇ ਮੁਕਤਸਰ ਦੇ ਮੈਦਾਨਾਂ ਵਿਚ ਪਲਦਾ ਰਿਹਾ ਅਤੇ ਅੰਤ ਛਾਂ-ਦਾਰ ਬੋਹੜ ਬਣਿਆ।

ਸਿੱਖਾਂ ਨੇ ਜਦ ਵੀ ਮਾਰ ਖਾਧੀ, ਆਪਣੀ ਫੁਟ ਤੋਂ ਖਾਧੀ। ਇਹ ਗੱਲ ਅੱਜ ਵੀ ਠੀਕ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ ਜਨਵਰੀ ੧੭੧੬ ਵਿਚ, ਗੁਰਦਾਸ ਨੰਗਲ ਦੀ ਗੜ੍ਹੀ ਵਿਚ, ੭੪੦ ਜੁਆਨਾਂ, ਜਿਨ੍ਹਾਂ ਵਿਚ ਬਹੁਤੇ ਮੁਛ-ਫੁਟ ਮੁੰਡੇ ਸਨ, ਸਮੇਤ ਬੰਦੀ ਬਣਾ ਲਏ ਗਏ। ਦਿੱਲੀ ਵਿਚ ਕਈ ਦਿਨ ਇਨ੍ਹਾਂ ਦਾ ਕਤਲਾਮ ਹੁੰਦਾ ਰਿਹਾ। ਬਾਬਾ ਜੀ ਦਾ ਪੰਜ ਸਾਲਾ ਪੁੱਤਰ ਸ਼ਹੀਦ ਹੋ ਗਿਆ। ਮੈਥਿਲੀ ਸ਼ਰਨ ਇਕ ਵਾਰੀ ਫਿਰ ਕੂਕਿਆ—ਬਾਦਸ਼ਾਹ ਫਰੁਖਸੀਅਰ, ਬਾਬਾ ਬੰਦਾ ਸਿੰਘ ਜੀ ਨੂੰ ਪੁੱਛਦਾ ਹੈ:

ਬਾਦਸ਼ਾਹ ਨੇ ਪੂਛਾ, "ਤੁਝ ਕੋ ਕੈਸੀ ਮੌਤ ਚਾਹੀਏ? ਬੋਲ!"

ਧੀਰੇ ਸੇ ਬੋਲਾ ਵੈਰਾਗੀ*-ਮੁੰਧੇ ਹੂਏ ਨੇਤ੍ਰ ਨਿਜ ਖੋਲ-

** ਬਾਬਾ ਬੰਦਾ ਸਿੰਘ ਬਹਾਦਰ*

"ਜੀਵਨ ਜਿਸ ਕੀ ਇਛਾ ਪਰ, ਉਸ ਕੀ ਇੱਛਾ ਪਰ ਹੈ ਮ੍ਰਿਤਯੂ"

ਛੋੜ ਜਾਏਗੀ ਸਵਯੇ ਤੁਝੈ ਭੀ, ਕਯਾ ਤੇਰੀ ਭਿਕਸ਼ਾ ਪਰ ਮ੍ਰਿਤਯੂ।

ਇਹ ਅੰਮ੍ਰਿਤ ਦੀ ਬਰਕਤ ਹੈ ਕਿ ਇਕ ਵੈਰਾਗੀ, ਤਿਆਗੀ ਸਾਧੂ, ਜਿਸ ਵਿਚ ਕੀੜਾ ਮਾਰਨ ਦੀ ਵੀ ਜੁਰਅੱਤ ਨਹੀਂ ਸੀ, ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਫੌਜਾਂ ਦਾ ਜਰਨੈਲ ਬਣ ਕੇ ਸਵਤੰਤਰ ਸਿੱਖ ਰਾਜ ਦੇ ਪਹਿਲੇ ਪੜਾਅ ਨੂੰ ਕਾਇਮ ਕਰ ਗਿਆ ਅਤੇ ਗੁਰੂ ਨਾਨਕ ਦੇ ਨਾਮ ਦਾ ਸਿੱਕਾ ਚਲਾ ਗਿਆ।

ਇਸ ਸਮੇਂ ਦੀ ਇਕ ਹੋਰ ਘਟਨਾ-

ਮੁਗ਼ਲ ਸਰਕਾਰੀ ਇਤਿਹਾਸ ਲੇਖਕ, ਖਾਫ਼ੀ ਖਾਨ ਆਪਣੀ ਕਿਤਾਬ "ਮੁੰਤਖਿਬ-ਉਲ-ਬਾਬ" ਵਿਚ ਇਕ ਅੱਲੜ ਮੁੰਡੇ ਦੇ ਸਿਦਕ ਦਾ ਜ਼ਿਕਰ ਕਰਦਾ ਹੈ। ਇਸ ਮੁੰਡੇ ਦਾ ਅਜੇ ਵਿਆਹ ਹੋਇਆ ਹੀ ਸੀ, ਗਾਨਾ ਅਜੇ ਬੰਨ੍ਹਿਆ ਹੀ ਹੋਇਆ ਸੀ। ਇਹ ਵਿਧਵਾ ਦਾ ਪੁੱਤਰ ਵੀ, ਫਰੁਖਸੀਅਰ ਦੇ ਹੁਕਮ ਅਧੀਨ, ਹੋਰ ਸਾਥੀ ਜੁਆਨਾਂ ਨੂੰ ਕਤਲ ਕੀਤੇ ਜਾਣ ਵਾਲਿਆਂ ਵਿਚ ਸ਼ਾਮਲ ਸੀ। ਵਿਧਵਾ ਨੂੰ ਵੀ ਇਸ ਕਾਰ ਦੀ ਸੂਹ ਮਿਲ ਗਈ। ਉਹ ਵਜ਼ੀਰ ਸਾਹਿਬ ਦੇ ਦੀਵਾਨ, ਰਤਨ ਚੰਦ ਕੋਲ ਪੁੱਜ ਗਈ ਤੇ ਬੇਨਤੀ ਕੀਤੀ, "ਮੇਰਾ ਪੁਤ੍ਰ ਸਿੱਖ ਨਹੀਂ ਹੈ, ਐਵੇਂ ਫੜ ਲਿਆ ਗਿਆ ਹੈ।" ਮੁਗ਼ਲ ਬਾਦਸ਼ਾਹ ਫਰੁਖਸੀਅਰ ਤਕ ਪਹੁੰਚ ਕੀਤੀ ਗਈ। ਉਸ ਨੇ ਇਕ ਅਹਿਲਕਾਰ ਨੂੰ ਹੁਕਮ ਕੀਤਾ ਕਿ ਬੱਚੇ ਨੂੰ ਛੱਡ ਕੇ ਮਾਂ ਦੇ ਹਵਾਲੇ ਕੀਤਾ ਜਾਵੇ। ਉਸ ਮੁੰਡੇ ਦੀ ਸ਼ਹੀਦੀ ਲਈ ਜੱਲਾਦ ਨੇ ਤਲਵਾਰ ਚੁੱਕੀ ਹੀ ਸੀ ਕਿ ਛੱਡਣ ਦਾ ਹੁਕਮ ਪੁੱਜ ਗਿਆ। ਮੁੰਡੇ ਨੂੰ ਛੱਡ ਦਿੱਤਾ ਗਿਆ। ਉਸ ਨੇ ਕਾਰਨ ਪੁੱਛਿਆ ਤਾਂ ਉੱਤਰ ਮਿਲਿਆ ਕਿ ਉਹ ਸਿੱਖ ਨਹੀਂ ਹੈ; ਤਾਂ ਮੁੰਡਾ ਉੱਚੀ-ਉੱਚੀ ਰੋਇਆ ਅਤੇ ਬੋਲਿਆ:-

"ਮਾਦਰਿ ਮਾ ਦਰੋਗ ਮੈ ਗੋਇਦ, ਮਨ ਬਦਿਲੋ ਜਾਨ ਅਜ
ਮੁਅਤਕਿਰਾਨਿ ਵ ਫਿਦਵੀਆਨ ਜਾਨਿਮਾਰਿ ਮੁਰਸ਼ਦੇ ਖੁਰਮ
ਮਵਾ ਜੂਦ ਬ ਫਰੀਕਾਨਿ ਮਨ ਵਸਾਨਦ"

ਪੰਜਾਬੀ ਤਰਜਮਾ ਇਸ ਪ੍ਰਕਾਰ ਹੈ:

"ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਦਿਲ ਅਤੇ ਜਾਨ ਤੋਂ ਆਪਣੇ ਮੁਰਸ਼ਦ ਭਾਵ ਗੁਰੂ ਜੀ ਦੇ ਪੱਕੇ ਸਿਦਕੀ, ਸ਼ਰਧਾਲੂ ਤੇ ਜਾਨ-ਵਾਰੂ ਸੇਵਕਾਂ ਵਿੱਚੋਂ ਹਾਂ, ਮੈਨੂੰ ਛੇਤੀ ਹੀ ਆਪਣੇ ਸਾਥੀਆਂ ਕੋਲ ਪਹੁੰਚਾ ਦਿਓ।"

ਮੁਹੰਮਦ ਸ਼ਾਹੀ ਇਤਿਹਾਸਕਾਰ ਲਿਖਦਾ ਹੈ ਕਿ ਮਾਂ ਨੇ ਵਾਸਤੇ ਪਾ ਪਾ ਕੇ ਮਿੰਨਤਾਂ ਕੀਤੀਆਂ, ਅਹਿਲਕਾਰਾਂ ਨੇ ਸਮਝਾਇਆ, ਦੇਖਣ ਵਾਲੇ ਮੂੰਹ ਵਿਚ ਉਂਗਲੀਆਂ ਪਾ ਕੇ ਹੈਰਾਨ ਸਨ ਕਿ ਇਹ ਮੁੰਡਾ ਕਿਹੜੀ ਪੱਕੀ ਮਿੱਟੀ ਦਾ ਬਣਿਆ ਹੋਇਆ ਹੈ। ਅੰਤ ਮੁੰਡੇ ਦੇ ਹੱਠ ਕਾਰਨ, ਜੱਲਾਦ ਦੀ ਤਲਵਾਰ ਨੂੰ ਸੀਸ ਜੁਦਾ ਕਰਨਾ ਹੀ ਪਿਆ। ਇਸ ਸਮੇਂ ਹਜ਼ਾਰਾਂ ਹੀ ਅਜਿਹੇ ਸਿਰਲੱਥ ਸਿੱਖ ਗੱਭਰੂ ਸਨ:

"ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨ ਜਾਵੇ"

ਸਿੱਖਾਂ 'ਤੇ ਜ਼ੁਲਮ ਦੇ ਕੜ ਟੁਟ ਪਏ-

੧੭੧੬ ਵਿਚ ਬਾਬਾ ਬੰਦਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਪਿੱਛੋਂ ਫਰੁਖਸੀਅਰ ਮੁਗ਼ਲ ਬਾਦਸ਼ਾਹ ਦੇ ਸੂਬੇਦਾਰਾਂ, ਅਬਦੁਲ ਸਮੱਦ ਖਾਂ ਤੇ ਹੋਰਾਂ ਨੇ ੧੭੩੯ ਈ. ਤਕ ਸਿੱਖਾਂ ਦਾ ਉਹ ਕਤਲਾਮ ਕੀਤਾ, ਜਿਵੇਂ ਇਨ੍ਹਾਂ ਦਾ ਖੁਰਾਖੋਜ ਹੀ ਮਿਟਾ ਦੇਣਾ ਹੁੰਦਾ ਹੈ।

੧੭੩੯ ਈ. ਵਿਚ ਨਾਦਰ ਸ਼ਾਹ ਦੇ ਦਿੱਲੀ ਦੇ ਕਤਲਾਮ ਪਿੱਛੋਂ ਜਦੋਂ ਕਰੋੜਾਂ, ਅਰਬਾਂ ਦਾ ਮਾਲ ਤੇ ਕਈ ਸੈਂਕੜੇ ਹਿੰਦੂ, ਮੁਸਲਮਾਨ ਤੇ ਮਰਹੱਟਾ ਸੁੰਦਰੀਆਂ ਨੂੰ ਲੁੱਟ ਕੇ ਮਾਲ ਵਜੋਂ ਲੈ ਕੇ ਪੰਜਾਬ ਵਿੱਚੋਂ ਲੰਘ ਰਿਹਾ ਸੀ ਤਾਂ ਸਿੰਘਾਂ ਨੇ ਮਾਲ ਵੀ ਲੁੱਟਿਆ ਤੇ ਸੁੰਦਰੀਆਂ ਨੂੰ ਛੁਡਾ ਕੇ ਘਰੋ-ਘਰੀ ਪਹੁੰਚਾਇਆ, ਸਿੰਘਾਂ ਦੇ ਕਾਰਨਾਮੇ ਦੇਖ ਕੇ ਨਾਦਰ ਸ਼ਾਹ ਨੇ ਭਵਿੱਖਬਾਣੀ ਕੀਤੀ ਤੇ ਯਾਹੀਆ ਖਾਂ ਨੂੰ ਤਾੜਨਾ ਕੀਤੀ-

ਤੋ ਇਹ ਮਾਰੈ ਨ ਮਰੈ, ਜੀਤ ਸਕੈ ਇਨ ਕੌਨ?

ਕੁਛ ਦਿਨ ਕੋ ਸਿੰਘ ਹੋਇ ਹੈ, ਭੂਪਤ ਮੁਲਕ ਮਝਾਰ। (ਗਿਆਨੀ ਗਿਆਨ ਸਿੰਘ)

ਹਿੰਦੂ ਇੰਨੇ ਬੇ-ਅਣਖ ਤੇ ਡਰਾਕਲ ਹੋ ਚੁਕੇ ਸਨ ਕਿ ਆਪਣੇ ਸਾਹਮਣੇ ਕੁੜੀਆਂ ਦੀ ਬੇਪਤੀ ਹੁੰਦੀ ਦੇਖ ਕੇ ਸਾਹ ਤਕ ਨਹੀਂ ਸਨ ਲੈਂਦੇ। ਸਿੱਖਾਂ ਦੀ ਦਲੇਰੀ ਤੇ ਸੱਚੇ-ਸੁੱਚੇ ਆਚਰਣ ਦੇ ਹਾਮੀ ਹੋ ਕੇ ਸਹਾਇਤਾ ਲਈ ਪੁਕਾਰਦੇ:

ਮੋੜੀਂ ਭਾਈ ਕੱਛ ਵਾਲਿਆ, ਰੰਨ ਗਈ ਬਸਰੇ ਨੂੰ।

ਪਠਾਣ ਧਾੜਵੀ ਸੋਹਣੀਆਂ ਸੁੰਦਰੀਆਂ ਨੂੰ ਇਰਾਕ ਦੇ ਸ਼ਹਿਰਾਂ ਬਸਰਾ ਤੇ ਬਗਦਾਦ ਦੀਆਂ ਮੰਡੀਆਂ ਵਿਚ ਅਮੀਰ ਸੈਬੀ ਤੇ ਖਵਾਜਿਆਂ ਕੋਲ ਵੇਚ ਦੇਂਦੇ ਸਨ। ਪਠਾਣਾਂ ਦੇ ਆਪਣੇ ਦੇਸ਼ ਕਾਬਲ, ਕੰਧਾਰ ਤੇ ਗਜ਼ਨੀ ਦੇ ਲੋਕ ਗਰੀਬ ਸਨ ਤਦੇ ਇਰਾਕ ਦੇਸ਼ ਵਿਚ ਲੈ ਜਾ ਕੇ, ਲੋਕਾਂ ਦੇ ਸਾਹਮਣੇ ਸੁੰਦਰੀਆਂ ਨੂੰ ਖੜਾ ਕਰ ਕੇ ਬਾਕਾਇਦਾ ਨੀਲਾਮੀ ਕੀਤੀ ਜਾਂਦੀ ਸੀ।

ਸਿੱਖ ਚਰਿੱਤਰ-

- ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)

- ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫)

- ਜੇ ਜੀਵੈ ਪਤਿ ਲਥੀ ਜਾਇ॥

ਸਭੁ ਹਰਾਮੁ ਜੇਤਾ ਕਿਛੁ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨)

- ਨਿਸਚੈ ਕਰ ਅਪਨੀ ਜੀਤ ਕਰੋਂ॥ (ਸ੍ਰੀ ਦਸਮ ਗ੍ਰੰਥ ਸਾਹਿਬ)

ਇਹ ਉਹ ਸਮਾਂ ਸੀ ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ੪੦-੪੦ ਰੁਪਏ ਪੈ ਰਿਹਾ ਸੀ। ਪਿੰਡਾਂ ਵਿੱਚੋਂ ਜ਼ਕਰੀਆ ਖਾਨ ਦੇ ਹੁਕਮ ਨਾਲ ਸਿੰਘਾਂ ਨੂੰ ਚੁਣ-ਚੁਣ ਕੇ ਕਤਲ ਕੀਤਾ ਜਾਂਦਾ ਸੀ। ਸ. ਰਤਨ ਸਿੰਘ ਭੰਗੂ ਅਨੁਸਾਰ:

ਦੱਸਣ ਵਾਲੇ ਦਸ ਰੁਪਏ ਔ ਮਾਰਨ ਵਾਲ ਪਚਾਸ।

ਯਹ ਲਾਲਚ ਤੁਰਕਨ ਦਯੋ, ਤਬ ਬਹੁਤ ਸਿੰਘਨ ਭਯੋ ਨਾਸ਼ ॥੧੫॥

(ਸ੍ਰੀ ਗੁਰ ਪੰਥ ਪ੍ਰਕਾਸ਼)

ਸਿੰਘ ਘਰ-ਘਾਟ ਛੱਡ ਕੇ ਜੰਗਲਾਂ, ਪਰਬਤਾਂ ਤੇ ਰੇਤਲੇ ਥਲਾਂ ਵਿਚ ਭੁੱਖੇ-ਭਾਣੇ, ਨੰਗੇ, ਪੋਹ-ਮਾਘ ਦੇ ਪਾਲੇ ਤੇ ਜੇਠ-ਹਾੜ ਦੀਆਂ ਧੁੱਪਾਂ ਮਾਣ ਰਹੇ ਸਨ। ਘੱਲੂਘਾਰੇ, ਉਜਾੜੇ, ਦੇਸ਼-ਨਿਕਾਲੇ, ਕਤਲਾਮਾਂ, ਤਸੀਹਿਆਂ, ਕੁਰਬਾਨੀਆਂ, ਸ਼ਹੀਦੀਆਂ ਨੂੰ ਸਿੰਘਾਂ ਨੇ ਖਿੜੇ-ਮੱਥੇ, ਗੁਰੂ ਸਦਕਾ ਝੱਲਿਆ। ਸਰਕਾਰ ਨੇ ਇਨ੍ਹਾਂ ਦਾ ਖੁਰਾ-ਖੋਜ ਮਿਟਾਉਣ ਲਈ ਅਤਿ ਚੁਕੀ ਹੋਈ ਸੀ। ਅਜਿਹੇ ਸਮੇਂ ਅੰਦਰ ਬਾਹੂ-ਬਲ ਤੇ ਗੁਰੂ ਭਰੋਸੇ ਨੇ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ੧੦ ਜੂਨ, ੧੭੪੬ ਈ. ਨੂੰ ਛੋਟਾ ਘੱਲੂਘਾਰਾ ਕਾਹਨੂੰਵਾਨ ਦੇ ਛੰਭ ਵਿਚ ਵਾਪਰਿਆ। ਸਿੰਘਾਂ ਦੇ ਨਾਲ ਸਿੰਘਣੀਆਂ ਨੇ ਵੀ ਪੂਰਾ ਪੱਖ ਪੂਰਿਆ। ਉਹ ਲਾਗਦੇ ਪਿੰਡਾਂ ਵਿੱਚੋਂ ਸੁਹਾਂ ਲਿਆ ਦਿੰਦੀਆਂ ਰਹਿੰਦੀਆਂ ਸਨ। ਛੰਭ ਨੂੰ ਚੌਹਾਂ ਪਾਸਿਆਂ ਤੋਂ ਮੁਗ਼ਲ, ਪਠਾਣ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਘੇਰ ਲਿਆ। ਸਿੰਘਾਂ ਨੇ ਮੁਕਾਬਲਾ ਕੀਤਾ। ਇਸ ਘਲੂਘਾਰੇ ਵਿਚ ਅੱਠ-ਦਸ ਹਜ਼ਾਰ ਸਿੰਘ ਸਿੰਘਣੀਆਂ ਸਮੇਤ ਭੁਝੰਗੀਆਂ ਦੇ ਸ਼ਹੀਦ ਹੋਈਆਂ।

ਮੰਨੂ ਦੇ ਕਹਿਰ-

ਉਪਰੰਤ ਮੰਨੂ ਦੇ ਕਹਿਰ ਦਾ ਦੌਰ ਅਰੰਭ ਹੋਇਆ। ਇਹ ਸਿੱਖ ਕੌਮ ਹੀ ਸੀ ਜਿਸ ਨੇ ਗੁਰੂ ਜੀ ਦੇ ਅੰਮ੍ਰਿਤ ਸਦਕਾ ਉਹ ਕਰਨੀਆਂ, ਕਮਾਈਆਂ, ਕੁਰਬਾਨੀਆਂ, ਕਾਰਨਾਮੇ ਕੀਤੇ ਕਿ ਕੇਵਲ ਜ਼ੁਲਮ ਦਾ ਨਾਸ਼ ਹੀ ਨਹੀਂ ਕੀਤਾ, ਸਗੋਂ ਜ਼ਾਲਮਾਂ ਦੇ ਰਾਜ-ਭਾਗ ਦੇ ਮਹਿਲਾਂ ਦੇ ਖੋਲੇ ਬਣਾਏ, ਢਹਿ-ਢੇਰੀ ਕੀਤਾ ਤੇ ਉੱਪਰ ਸਿੱਖ ਰਾਜ ਦੇ ਮਹਿਲ ਉਜਾਰੇ। ਅਸੀਂ ਨਿੱਤ ਪੜ੍ਹਦੇ ਹਾਂ:

-ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨)

-ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੯)

ਹੋਰ ਦੇਖੋ-ਜਿਨ੍ਹਾਂ ਸਿੰਘ-ਸਿੰਘਣੀਆਂ ਤੇ ਭੁਝੰਗੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹਾਏ ਗਏ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ, ਆਰਿਆਂ ਨਾਲ ਚੀਰੇ ਗਏ, ਖੂਹਾਂ, ਟੋਭਿਆਂ, ਨਦੀਆਂ ਵਿਚ ਡੋਬੇ ਗਏ, ਜਿਹਨਾਂ ਦੇ ਪਿੱਛੇ ਕੁੱਤੇ ਲਾ ਕੇ ਘੋੜ ਸਵਾਰਾਂ ਨੇ ਨੇਜਿਆਂ, ਤਲਵਾਰਾਂ ਨਾਲ ਸ਼ਿਕਾਰ ਖੇਡੇ, ਤੱਤੀਆਂ ਰੇਤਾਂ ਸਿਰ ਵਿਚ ਪਾਈਆਂ ਗਈਆਂ, ਤੱਤੀਆਂ ਤਵੀਆਂ 'ਤੇ ਬੈਠਾਏ ਗਏ, ਜਿਉਂਦੇ ਸਾੜੇ ਗਏ, ਜਿਉਂਦੇ ਨੀਹਾਂ ਵਿਚ ਚਿਣੇ ਗਏ, ਜਿਨ੍ਹਾਂ ਨੂੰ ਧਰਤੀ ਵਿਚ ਗੱਡ ਕੇ, ਗੁੜ, ਦਹੀਂ ਦਾ ਲੇਪਣ ਕਰ ਕੇ, ਕੁਤੇ ਛੱਡੇ ਗਏ, ਜਿਨ੍ਹਾਂ ਦੇ ਸਿਰਾਂ ਦਾ ਮੁੱਲ ਪਿਆ, ਸਰੀਰ ਤੇ ਲੋਗੜ ਬੰਨ੍ਹ ਕੇ, ਮਿੱਟੀ ਦਾ ਤੇਲ ਪਾ ਕੇ, ਜਿਉਂਦੇ ਸਾੜੇ ਗਏ। ਤਿਨ੍ਹਾਂ ਦੀਆਂ ਕਮਾਈਆਂ ਦਾ ਧਿਆਨ ਅਸੀਂ ਧਰਦੇ ਹਾਂ ਜਿਨ੍ਹਾਂ ਸਿੰਘਣੀਆਂ ਨੇ ਮੰਨੂ ਦੀਆਂ ਜੇਲ੍ਹਾਂ ਵਿਚ ਸਵਾ-ਸਵਾ ਮਣ ਦੇ ਪੀਹਣ ਪੀਹੇ, ਖੰਨੀ ਖੰਨੀ ਰੋਟੀ 'ਤੇ ਗੁਜ਼ਾਰਾ ਕੀਤਾ, ਟੋਟੇ-ਟੋਟੇ ਕਰਵਾ ਕੇ ਬੱਚੇ ਝੋਲੀਆਂ ਵਿਚ

ਪੁਆਏ, ਫਿਰ ਵੀ ਸ਼ੁਕਰ ਕੀਤਾ, ਭਾਣਾ ਮੰਨਿਆ, ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਈ, ਧਰਮ ਨਹੀਂ ਹਾਰਿਆ। ਸ਼ਾਮ ਨੂੰ ਰਹਰਾਸਿ ਸਮੇਂ ਹੱਥ ਜੋੜ, ਖੜੇ ਹੋ ਕੇ ਅਰਦਾਸ ਕੀਤੀ।

"ਚਾਰ ਪਹਿਰ ਤੇਰੇ ਭਾਣੇ ਅੰਦਰ ਸੁਖ ਦੇ ਬਤੀਤ ਹੋਏ, ਚਾਰ ਪਹਿਰ ਆਪ ਦੇ ਭਾਣੇ ਅੰਦਰ ਸਿਮਰਨ ਵਿਚ ਬਤੀਤ ਕਰਾਈਂ।" ਇਹ ਸੁਣ ਕੇ ਜ਼ਾਲਮ ਹੈਰਾਨ ਪਰੇਸ਼ਾਨ ਹੋ ਜਾਂਦੇ।

ਸਿੱਖ ਆਚਰਣ-

ਮੀਰ ਮੰਨੂ ਦੇ ਕਤਲਾਮਾਂ ਨੇ ਪਹਿਲੇ ਸਾਰੇ ਰੀਕਾਰਡ ਮਾਤ ਪਾ ਦਿੱਤੇ। ਪਰ ਸਿੱਖ ਕਿਰਦਾਰ ਨੇ ਇਕ ਸਾਂਝੇ ਭਾਈਚਾਰੇ ਦਾ ਨਿਕਾਸ ਤੇ ਵਿਕਾਸ ਕੀਤਾ:

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥

ਆਮ ਜਨਤਾ ਨੂੰ ਭਰੋਸਾ ਸੀ ਕਿ ਸਿੱਖ ਆਚਰਣ ਬਹੁਤ ਉੱਚਾ, ਸੱਚਾ-ਸੁੱਚਾ ਸੀ। ਸਿੰਘਾਂ ਦੀ ਕਥਨੀ ਕਰਨੀ ਸਦਕਾ ਆਮ ਹਿੰਦੂ-ਮੁਸਲਮਾਨ ਉਨ੍ਹਾਂ ਨੂੰ ਆਪਣੇ ਰੱਖਿਅਕ ਤੇ ਇੱਜ਼ਤ ਦੇ ਭਾਈਵਾਲ ਸਮਝਦੇ ਸਨ। ਆਮ ਬੰਦੇ ਨੂੰ, ਸਿੱਖ ਨੂੰ ਦੇਖ ਕੇ ਹੀ ਨਿਸ਼ਚਾ ਹੋ ਜਾਂਦਾ ਕਿ ਇਹ ਗ਼ਰੀਬ ਦਾ ਰਖਸ਼ਕ ਤੇ ਜਰਵਾਣੇ ਦਾ ਭਿਖਸ਼ਕ ਹੈ। ਇਹ ਧਰਮੀਆਂ ਦੀ ਕੌਮ ਹਰ ਕਤਲਾਮ ਤੇ ਘੱਲੂਘਾਰੇ ਉਪਰੰਤ ਸ਼ਕਤੀ-ਪ੍ਰਚੰਡ ਹੋ ਕੇ ਉਭਰੀ ਤੇ ਉਸਰੀ ਅਤੇ ਆਪੋ ਵਿਚ ਇਨ੍ਹਾਂ ਦੇ ਦਿਲਾਂ ਦੀ ਧੜਕਣ ਇਕ ਸੀ।

ਬਿਪਤਾ ਵਿਚ ਸਿੱਖੀ ਜਜ਼ਬਾ-

ਮੰਨੂ ਦੇ ਜਬਰਾਂ ਤੇ ਸਿੱਖਾਂ ਦੇ ਸਬਰਾਂ ਦਾ ਨਿਰਨਾ ਕਰੋ-
ਮੰਨੂ ਅਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਮੰਨੂ ਵੱਢਦਾ, ਅਸੀਂ ਦੂਣ ਸਵਾਏ ਹੋਏ।

ਇਹ ਹੈ ਸੁਭਾਵਕ, ਕੁਦਰਤੀ ਸਿੱਖੀ ਸਪਿਰਟ, ਕੁਰਬਾਨੀ ਦਾ ਜਜ਼ਬਾ, ਸ਼ਹੀਦੀ ਦਾ ਚਾਉ, ਅੰਮ੍ਰਿਤ ਦੀ ਬਰਕਤ, ਸਰਬੰਸਦਾਨੀ ਦਾ ਥਾਪੜਾ; ਜਿਸ ਨੇ ਸਿੰਘਾਂ ਦੇ ਕਤਲਾਮਾਂ, ਘੱਲੂਘਾਰਿਆਂ ਦੇ ਬਾਵਜੂਦ ਇਨ੍ਹਾਂ ਨੂੰ ਦੂਣ-ਸਵਾਏ ਵਧਣ ਦੀ ਹਿੰਮਤ ਦਿੱਤੀ। ਇਹ ਸਿੱਖੀ ਟੀਚਾ ਹੈ, ਨਿਸ਼ਾਨਾ ਹੈ, ਮੰਜ਼ਿਲ ਹੈ:

ਸਿੱਖਨ ਕਾਜ ਸੁ ਗੁਰੂ ਹਮਾਰੇ, ਸੀਸ ਦੀਓ ਨਿਜ ਸਨ ਪਰਵਾਰੈ॥੨੭॥...
*ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈਂ ਕੌਣ ਬਡਾਈ॥੨੮॥**

ਸਿੰਘਾਂ ਦੀਆਂ ਕਮਾਈਆਂ ਪਹਾੜਾਂ ਨੂੰ ਸਰ ਕਰਦੀਆਂ ਸਨ ਪਰ ਇਨ੍ਹਾਂ ਦੇ ਵਸੀਲੇ ਨਾ ਹੋਣ ਦੇ ਬਰਾਬਰ ਸਨ। ਇਹ ਸਿੰਘ ਸੂਰਮੇ ਤਸੀਹਾਂ, ਜ਼ੁਲਮਾਂ ਕਤਲਾਂ ਨੂੰ ਦਸਮੇਸ਼ ਜੀ ਦੀਆਂ ਦਾਤਾਂ ਸਮਝ ਕੇ ਮਾਣਦੇ ਸਨ।

ਉਸ ਬਿਖੜੇ ਸਮੇਂ ਦੇ ਸਾਰੇ ਵਾਤਾਵਰਨ ਵਿਚ ਸਿੱਖ ਜੁਆਨਾਂ ਦੀ ਮੋਹਰ ਤੇ ਪਹਿਲ ਹੁੰਦੀ ਸੀ। ਸਿੱਖਾਂ ਦੇ ੬੫ ਜਥਿਆਂ ਨੂੰ ਮਿਲਾ ਕੇ ੨੫ ਜਥੇ ਕਾਇਮ ਕੀਤੇ।

** ਪੰਥ ਪ੍ਰਕਾਸ਼, ਭਾਈ ਰਤਨ ਸਿੰਘ, ਸੁਬੇਗ ਸਿੰਘ ਜੰਬਰ ਦੀ ਸ਼ਹੀਦੀ।*

੩੫ ਸਾਲ ਦੇ ਗਭਰੂਆਂ ਦਾ 'ਤਰਨਾ ਦਲ' ਬਣਿਆ, ਵਡੇਰਿਆਂ ਦਾ 'ਬੁੱਢਾ ਦਲ'। ਤਰਨਾ ਦਲ ਦੀ ਜ਼ਿੰਮੇਵਾਰੀ ਸਿੰਘਾਂ ਦੇ ਮਾਲ, ਜਾਇਦਾਦ, ਇੱਜ਼ਤ-ਆਬਰੂ ਤੇ ਵੱਕਾਰ ਅਤੇ ਧਰਮ ਤੇ ਧਰਮ ਅਸਥਾਨਾਂ ਦੀ ਪਵਿੱਤ੍ਰਤਾ ਬਰਕਰਾਰ ਰੱਖਣਾ ਸੀ ਜੋ ਤਰਨਾ ਦਲ ਨੇ ਆਪਣੀਆਂ ਜਾਨਾਂ ਤਕ ਵਾਰ ਕੇ ਭਲੀ-ਭਾਂਤ ਨਿਭਾਈ। ਬੁੱਢਾ ਦਲ, ਤਰਨਾ ਦਲ ਦੇ ਕਾਰਨਾਮਿਆਂ ਤੇ ਕਮਾਈਆਂ ਦੀ ਨਿਗਰਾਨੀ ਕਰਦਾ ਸੀ, ਤਰਨਾ ਦਲ ਨੂੰ ਸਲਾਹ ਦੇਣਾ, ਅਗਵਾਈ ਕਰਨਾ ਤੇ ਸਫਲਤਾ ਲਈ ਹਦਾਇਤਾਂ ਜਾਰੀ ਕਰਨਾ ਸੀ। ਸਭ ਨੇ ਆਪਣੇ ਫ਼ਰਜ਼ਾਂ ਨੂੰ ਅਤਿਅੰਤ ਚਾਉ ਤੇ ਦ੍ਰਿੜ੍ਹਤਾ ਨਾਲ ਨਿਭਾਇਆ।

"ਮੁੰਡੇ ਵੱਡਿਆਂ ਦਾ ਅਤੀ ਸਤਿਕਾਰ ਕਰਦੇ ਸਨ, ਆਪ-ਮੁਹਾਰੇ ਨਹੀਂ ਸਨ ਚਲਦੇ। ਲੰਗਰਾਂ ਵਿਚ ਵੀ ਵੱਡਿਆਂ ਨੂੰ ਪ੍ਰਸ਼ਾਦ ਛਕਾ ਕੇ, ਪਿੱਛੋਂ ਆਪ ਛਕਦੇ। ਮੁਗ਼ਲਾਂ ਦੀਆਂ ਜੇਲ੍ਹਾਂ ਵਿਚ ਵੱਡਿਆਂ ਦੀ ਵਡਿਆਈ ਦਾ ਆਦਰ ਕਰਦੇ।"

ਨਤੀਜਾ ਸਪੱਸ਼ਟ ਹੈ- ਮਿਸਲਾਂ ਦਾ ਰਾਜ ਪੱਕਾ ਹੋ ਗਿਆ। ਅਹਿਮਦ ਸ਼ਾਹ ਨੇ ਅੱਠ ਹਮਲੇ ਕੀਤੇ। ਸਿੱਖਾਂ ਨੇ ਡਟ ਕੇ ਮੁਕਾਬਲੇ ਕੀਤੇ ਅਤੇ ਹਰ ਹਮਲੇ ਉਪਰੰਤ ਪਹਿਲਾਂ ਨਾਲੋਂ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸਾਬਤ ਹੋਏ, ਜਨਵਰੀ ੧੭੬੨ ਈ. ਵਿਚ ਵੱਡੇ ਘੱਲੂਘਾਰੇ ਵਿਚ ੩੦ ਹਜ਼ਾਰ ਸ਼ਹੀਦੀਆਂ ਉਪਰੰਤ ਵੀ ਪੰਜਾਂ ਸਿੰਘਾਂ ਨੇ ਗੱਭਰੂ, ਜੁਝਾਰੂ ਤੇ ਖਾੜਕੂਆਂ ਦੀ ਸਹਾਇਤਾ ਨਾਲ ਪੰਜਾਬ ਵਿਚ ਸਿੱਖ ਹਕੂਮਤ ਦੀ ਸਥਾਪਨਾ ਸੰਭਵ ਬਣਾ ਦਿੱਤੀ। ਇਹ ਸਭ ਕੁਝ ਕਿਵੇਂ ਹੋਇਆ:

- ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)

- ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)
- ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੯)

ਇਹ ਸਿੰਘ ਦੂਲੇ, ਅੰਮ੍ਰਿਤ ਦੇ ਮਤਵਾਲੇ, ਮੌਤ ਨੂੰ ਆਖਦੇ ਹਨ। ਕੀ ਆਖ਼ਦੇ ਹਨ:

"ਚੜ੍ਹਾਈ ਕਰਨਾ, ਅਕਾਲ ਚਲਾਣਾ ਕਰਨਾ, ਮੌਤ ਲਾੜੀ ਨਾਲ ਫੇਰੇ ਲੈਣੇ, ਪ੍ਰਭੂ ਨੂੰ ਪਿਆਰੇ ਹੋਣਾ, ਸਵਾਸ ਪੂਰੇ ਕਰਨਾ, ਪੂਰਾ ਹੋਣਾ, ਜੀਵਨ ਯਾਤਰਾ ਸਫਲ ਕਰਨਾ, ਦਸਮੇਸ਼ ਦੀ ਗੋਦ ਵਿਚ ਬਿਰਾਜਣਾ, ਸੱਚ-ਖੰਡ ਵਾਸਾ ਕਰਨਾ, ਪ੍ਰਭੂ ਚਰਨਾਂ ਵਿਚ ਨਿਵਾਸ ਕਰਨਾ, ਲਿਵਲੀਨ ਹੋਣਾ, ਪ੍ਰਲੋਕ ਸਿਧਾਰਨਾ, ਸਵਰਗਵਾਸ ਹੋਣਾ, ਚਰਨ ਕੰਵਲਾਂ ਨਾਲ ਪ੍ਰੀਤ ਕਰਨਾ, ਨਿਜ ਘਰ ਪੁੱਜਣਾ ਤੇ (ਗੁਰੂ ਸਾਹਿਬਾਨ ਲਈ) ਜੋਤੀ ਜੋਤ ਸਮਾਉਣਾ।"

ਨੌਜੁਆਨਾਂ ਨੂੰ ਇਹ ਅਵਸਥਾ ਪ੍ਰਾਪਤ ਕਿਵੇਂ ਹੋਈ ? ਇਹ ਅੰਮ੍ਰਿਤ ਦੀ ਸੱਚੀ ਸੁੱਚੀ ਗੁੜ੍ਹਤੀ ਦੀ ਕਸਵੱਟੀ ਸੀ। ਇਹ ਗੁਰਬਾਣੀ ਦਾ ਕਰਾਮਾਤੀ ਚਮਤਕਾਰ ਸੀ। ਇਸ ਸਮੇਂ ਗੁਰਬਾਣੀ ਤੇ ਗੁਰੂ ਮਾਰਗ ਤੋਂ ਭਟਕ ਕੇ ਸੱਟਾਂ ਖਾਂਦੇ ਹਾਂ। ਉੱਪਰ ਬਿਆਨਿਆ ਜਜ਼ਬਾ, ਵਲਵਲਾ, ਰੀਝ ਤੇ ਸਪਿਰਟ, ਮਾਇਆ ਤੇ ਕੁਰਸੀ ਦੀ ਹਵਸ ਤੇ ਆਪੋ-ਧਾਪੀ ਨੇ ਅਧੋਗਤੀ ਵਿਚ ਬਦਲ ਕੇ ਰੱਖ ਦਿੱਤਾ।

ਇਤਿਹਾਸ ਗਵਾਹ ਹੈ-

ਵਾਰੇ ਜਾਈਏ, ਸੂਰਮਿਆਂ ਦੇ ਜਿਨ੍ਹਾਂ ਦੇ ਸਿਰੜ, ਅਣਖੀ ਭਾਵਨਾਵਾਂ ਅੱਤ ਪੱਕੇ ਨਿਸ਼ਚੇ, ਜ਼ੁਲਮ-ਸਿਤਮ ਦੇ ਤੂਫਾਨਾਂ ਅੱਗੇ ਹਿਮਾਲਿਆ ਬਣ ਕੇ ਡਟੇ ਰਹੇ ਅਤੇ ਤੂਫਾਨਾਂ ਦਾ ਮੂੰਹ ਭੰਨ ਕੇ ਰੁਖ ਮੋੜ ਦਿੱਤੇ। ਖਾਲਸਾ ਨਾ ਨਿਵਿਆ, ਨਾ ਝੁਕਿਆ, ਨਾ ਝੰਮਿਆ, ਨਾ ਹਾਰਿਆ, ਸਗੋਂ ਜਰਵਾਣਿਆਂ ਦੀਆਂ ਗੋਡੀਆਂ ਲੁਆ ਦਿੱਤੀਆਂ ਤੇ ਕੌੜੀ ਵੇਲ ਵਾਂਗੂੰ ਵਧਦਾ-ਚੜ੍ਹਦਾ ਰਿਹਾ। ਹੱਸ-ਹੱਸ ਸ਼ਹੀਦੀਆਂ ਪਾਈਆਂ ਤੇ ਸਤਿਗੁਰਾਂ, ਸਾਹਿਬਜ਼ਾਦਿਆਂ ਅਤੇ ਮਹਾਨ ਸ਼ਹੀਦ ਸਿੰਘਾਂ ਦੀਆਂ ਫੌਜਾਂ ਵਿਚ ਜਾ ਜੈਕਾਰੇ ਗਜਾਏ। ਜਿਉਂ-ਜਿਉਂ ਅਰੰਭ ਸਦੀ ਤੋਂ ਦੋ ਤਿਹਾਈ ਸਦੀ ਤਕ ਅੱਤਿਆਚਾਰੀ, ਨਿਰਦਈ ਹਾਕਮ ਅਤੇ ਉਨ੍ਹਾਂ ਦੇ ਚਾਟੜੇ ਤੇ ਤੁਅਸਬੀ ਮੌਲਾਣਿਆਂ ਨੇ ਸਿੰਘਾਂ ਦੇ ਕਤਲਾਮ ਕੀਤੇ, ਤਿਉਂ-ਤਿਉਂ ਸਿੰਘਾਂ ਦਾ ਸਿੱਖੀ ਸਿਦਕ ਤੇ ਆਪਾਵਾਰੂ ਜਜ਼ਬਾ ਵਧਦਾ ਗਿਆ, ਸਗੋਂ ਸੰਖਿਆ ਵਿਚ ਵੀ ਲੋਹੜੇ ਦਾ ਵਾਧਾ ਹੋਇਆ।

ਜਬੈ ਬਾਣ ਲਾਗਜੋ॥ ਤਬੈ ਰੋਸ ਜਾਗਜੋ॥ *(ਬਚਿਤ੍ਰ ਨਾਟਕ)*

ਜ਼ਾਲਮ ਹਾਕਮ, ਜੰਗਲਾਂ, ਬੇਲਿਆਂ ਤੇ ਪਹਾੜਾਂ ਵਿਚ ਦੇਸ਼ ਨਿਕਾਲਾ ਲਏ, ਸਿੰਘਾਂ ਦਾ ਪਿੱਛਾ ਕਰਦੇ ਰਹਿੰਦੇ। ਸਰਕਾਰੀ ਸੂਹੀਏ ਲਾਹੌਰ ਡਾਇਰੀਆਂ ਭੇਜਦੇ ਰਹਿੰਦੇ। ਅਜਿਹੀਆਂ ਲਿਖਤਾਂ ਤੋਂ ਜ਼ਾਹਰ ਹੁੰਦਾ ਹੈ ਕਿ ਸਿੰਘ ਢਿੱਡੋਂ ਭੁੱਖੇ, ਤਨੋਂ ਨੰਗੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ। ਜਦੋਂ ਅਜਿਹੀਆਂ ਸੋਆਂ ਲਾਹੌਰ ਰਾਜਧਾਨੀ ਵਿਚ ਪੁੱਜਦੀਆਂ ਤਾਂ ਨਵਾਬਾਂ ਤੇ ਗਵਰਨਰਾਂ ਦੇ ਘਰਾਂ ਵਿਚ ਸੋਗ ਪੈ ਜਾਂਦਾ। ਸਿੱਖ ਜੰਗਲ ਵਿਚ ਹੀ ਮੰਗਲ ਲਾ ਦਿੰਦੇ, ਪਹਾੜਾਂ ਵਿਚ ਬਹਾਰਾਂ ਬਣਾ ਲੈਂਦੇ, ਛੰਭਾਂ ਵਿਚ ਚੰਬਿਆਂ ਵਾਂਗੂੰ ਖਿੜਦੇ, ਬੇਲਿਆਂ ਵਿਚ ਹਰੀਆਂ ਵੇਲਾਂ ਦੀ ਤਰ੍ਹਾਂ ਵਧਦੇ। ਉਹ ਦੋਵੇਂ ਵੇਲੇ ਕੀਰਤਨ ਕਰਦੇ, ਨੌਜੁਆਨ ਬਜ਼ੁਰਗਾਂ ਦੀ ਮੁੱਠੀ ਚਾਪੀ ਕਰਦੇ, ਕੱਪੜੇ ਧੋਂਦੇ, ਲੰਗਰ ਤਿਆਰ ਕਰਦੇ, ਆਪਣੇ ਤੇ ਬਜ਼ੁਰਗਾਂ ਦਿਆਂ ਘੋੜਿਆਂ ਨੂੰ ਖਰਖਰਾ ਕਰਦੇ, ਵੱਡਿਆਂ ਦੀ ਮਾਲਿਸ਼ ਕਰਦੇ ਤੇ ਉਨ੍ਹਾਂ ਦੇ ਸ਼ਸਤਰਾਂ ਨੂੰ ਤੇਜ਼ ਕਰ ਦਿੰਦੇ। ਵੱਡੇ ਉਨ੍ਹਾਂ ਨੂੰ ਗੁਰਬਾਣੀ, ਇਤਿਹਾਸ ਤੇ ਆਪਣੇ ਜੀਵਨ ਦੀਆਂ ਕਮਾਈਆਂ ਦੁਆਰਾ ਉਪਦੇਸ਼ ਕਰਦੇ। ਛੋਟਿਆਂ ਨੂੰ ਸ਼ਸਤਰ ਵਿੱਦਿਆ ਤੇ ਜੰਗਾਂ ਅਤੇ ਲੜਾਈਆਂ ਦੇ ਭੇਦ ਤੇ ਤੌਰ-ਤਰੀਕੇ ਦੱਸਦੇ। ਬੰਦੂਕਾਂ, ਸ਼ਮਸ਼ੀਰਾਂ, ਤੀਰਾਂ ਦੁਆਰਾ ਨਿਸ਼ਾਨੇ ਫੁੰਡਦੇ, ਵਾਰ ਕਰਨੇ ਤੇ ਰੋਕਣੇ ਦੱਸਦੇ। ਗੱਭਰੂ ਜਿੱਥੇ ਮਨ, ਚਿਤ ਕਰ ਕੇ ਸਿਖਲਾਈ ਹਾਸਲ ਕਰਦੇ, ਉੱਥੇ ਵੱਡਿਆਂ, ਤਜਰਬਾਕਾਰਾਂ ਦੀ ਸੇਵਾ ਵੀ ਕਰਦੇ। ਗੱਭਰੂ ਸ਼ਿਕਾਰ ਖੇਡਣ ਵੀ ਨਿਕਲ ਜਾਂਦੇ। ਸ਼ਿਕਾਰੀ ਤੀਰਾਂ 'ਤੇ ਚੱਕਰ

ਚਲਾ ਕੇ ਸ਼ਿਕਾਰ ਕਰਦੇ। ਪੜ੍ਹਨ-ਪੜ੍ਹਾਉਣ ਦਾ ਕਾਰਜ ਵੀ ਜਾਰੀ ਰਹਿੰਦਾ। ਦੂਰੋਂ-ਦੂਰੋਂ ਮਾਰ-ਧਾੜ ਕਰ ਕੇ ਲੰਗਰ ਲਈ ਸਮੱਗਰੀ ਲੈ ਆਉਣਾ ਤੇ ਪਾਣੀ ਢੋਣਾ ਵੀ ਗੱਭਰੂਆਂ ਦੀ ਸਪੁਰਦਗੀ ਸੀ। ਦਾਤਣਾਂ ਲੈ ਆਉਣਾ ਤੇ ਪਾਟੇ-ਪੁਰਾਣੇ ਸਿਊਣ ਦਾ ਕੰਮ ਵੀ ਕਰਦੇ। ਵਡੇਰੇ ਵੀ ਮੁੰਡਿਆਂ ਨੂੰ ਪਿਆਰ ਕਰਦੇ ਤੇ ਗੁਰਬਾਣੀ ਇਤਿਹਾਸ ਦੇ ਪਾਬੰਦ ਰਹਿਣ 'ਤੇ ਜ਼ੋਰ ਦਿੰਦੇ। ਆਪੋ ਵਿਚ ਇਕ-ਦੂਜੇ ਦੀ ਸਹਾਇਤਾ ਕਰਨ ਦਾ ਮਾਹੌਲ ਬਣਿਆ ਰਹਿੰਦਾ। ਉਨ੍ਹਾਂ ਦਾ ਰੱਬ ਇੱਕ, ਗੁਰੂ ਇੱਕ, ਗ੍ਰੰਥ ਇੱਕ, ਪੰਥ ਇੱਕ, ਜਾਗ੍ਰਿਤ ਇੱਕ, ਲੰਗਰ ਇੱਕ, ਮਰਯਾਦਾ ਇੱਕ, ਰਹਿਣੀ ਇੱਕ, ਪਿਛੋਕੜ ਇਤਿਹਾਸ ਇੱਕ, ਦੁੱਖ-ਸੁੱਖ ਇੱਕ, ਮੰਗਾਂ-ਉਮੰਗਾਂ ਇੱਕ ਅਤੇ ਦਿਲ ਇੱਕ, ਟੀਚਾ ਇੱਕ, ਨਿਸ਼ਾਨਾ ਇੱਕ ਤੇ ਸੋਚ ਇੱਕ, ਵਿਚਾਰ ਦੀ ਧੜਕਣ ਇੱਕ। ਉਹ ਸਹਾਇਤਾ ਲਈ ਸ੍ਰੀ ਅੰਮ੍ਰਿਤਸਰ ਤੇ ਸ੍ਰੀ ਅਨੰਦਪੁਰ ਸਾਹਿਬ ਵੱਲ ਤੱਕਦੇ।

ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ!

ਅਠਾਰ੍ਹਵੀਂ ਸਦੀ ਦੇ ਗੱਭਰੂਆਂ ਦੀਆਂ ਕਰਨੀਆਂ, ਕਮਾਈਆਂ, ਸੇਵਾਵਾਂ ਪਰਉਪਕਾਰ, ਕਾਰਨਾਮੇਂ, ਕੁਰਬਾਨੀਆਂ, ਸ਼ਹੀਦੀਆਂ, ਤੁਹਾਡੇ ਲਈ ਪੱਥ-ਪਰਦਰਸ਼ਕ ਹਨ। ਜ਼ੁਲਮ ਅੱਗੇ ਸਿਰ ਨਹੀਂ ਝੁਕਾਉਣਾ, ਸੱਚ ਹੱਕ ਦਾ ਖੋਜੀ ਤੇ ਦਾਅਵੇਦਾਰ ਬਣੇ ਰਹਿਣਾ ਹੈ। ਮੌਤਾਂ, ਲੁੱਟਾਂ, ਨਿਰਾਦਰੀਆਂ, ਕੰਦਾਂ, ਕੁਰਕੀਆਂ, ਕਾਲੇ ਕਾਨੂੰਨਾਂ, ਜੇਲ੍ਹਾਂ, ਅਨਿਆਈ ਅਦਾਲਤਾਂ, ਤਸੀਹਿਆਂ, ਧੱਕਿਆਂ, ਸੀਨਾਜੋਰੀਆਂ, ਉਜਾੜਿਆਂ ਤੋਂ ਹਰਗਿਜ਼ ਨਹੀਂ ਘਬਰਾਉਣਾ।

ਇਹ ਅਠਾਰ੍ਹਵੀਂ ਸਦੀ ਦੇ ਆਪ ਜਿਹੇ ਗੱਭਰੂਆਂ ਦੇ ਅਣਖੀਲੇ ਕਾਰਨਾਮੇ ਤੇ ਗੈਰਤ-ਮੰਦ ਪ੍ਰਾਪਤੀਆਂ ਦਾ ਹੀ ਫਲਸਰੂਪ ਹੈ ਕਿ ਅਸੀਂ ਅੱਜ ਚੜ੍ਹਦੀ ਕਲਾ ਵਿਚ ਹਾਂ, ਨਹੀਂ ਤਾਂ ਅਠਾਰ੍ਹਵੀਂ ਸਦੀ ਵਿਚ ਹੀ ਸਾਡਾ ਭੋਗ ਪੈ ਜਾਂਦਾ।

ਐ ਨੌਜੁਆਨ ! ਆਪਣੇ ਗੌਰਵਮਈ ਵਿਰਸੇ ਵੱਲ ਤੱਕ ਕੇ ਤੂਫਾਨਾਂ ਦਾ ਟਾਕਰਾ ਕਰ ਤੇ ਤੂੰ ਕਰ ਵੀ ਰਿਹਾ ਹੈਂ। ਪ੍ਰੋਫ਼ੈਸਰ ਮੋਹਨ ਸਿੰਘ ਸੁਨੇਹਾ ਛੱਡ ਗਿਆ ਹੈ। ਫ਼ਤਹ ਤੇਰੇ ਚਰਨਾਂ ਵਿਚ ਹਾਜ਼ਰ ਹੋਵੇਗੀ। ਅਨੰਦਪੁਰ ਸਾਹਿਬ ਦਾ ਵਾਲੀ, ਸਰਬੰਸ ਦਾਨੀ ਆਸ ਰੱਖਦਾ ਹੈ ਕਿ ਤੂੰ ਜੂਝਾਰੂ* ਤੇ ਜ਼ੋਰਾਵਰ* ਦਾ ਵਾਰਿਸ ਹੁੰਦਾ ਹੋਇਆ, ਅਸਮਾਨਾਂ ਨੂੰ ਹਿਲੂਣਾ ਦੇ ਸਕਦਾ ਹੈਂ। ਤੇਰੀ ਕਿਸਮਤ ਸੁੱਤੀ ਨਹੀਂ, ਕੇਵਲ ਯੋਗ-ਵਿਧੀ ਨਾਲ ਹਰਕਤ, ਹਿਲੂਣਾ ਲੋੜਦੀ ਹੈ। ਸਰ-ਸੱਯਦ ਅਹਿਮਦ ਖਾਨ ਨੇ ਅਲੀਗੜ੍ਹ ਅੰਦਰ ਆਪਣੀ ਕੌਮ ਨੂੰ ੧੮੭੦ ਵਿਚ ਵੰਗਾਰਿਆ ਸੀ:-

ਉਠੋ ! ਵਰਨਾ ਹਸ਼ਰ ਨ ਹੋਗਾ ਫਿਰ ਕਭੀ, ਜ਼ਮਾਨਾ, ਚਾਲ ਕਿਆਮਤ ਕੀ ਚਲ ਗਿਆ। ਇਸ ਦਾ ਨਤੀਜਾ ਸਾਡੇ ਸਾਹਮਣੇ ਹੈ।

** ਖਾਲਸੇ ਦੇ ਗੁਣ*

ਸੁਖਮਨੀ

*-ਪ੍ਰਿੰ. ਨਰਿੰਦਰ ਸਿੰਘ ਸੋਚ**

ਕੀ ਤੁਸੀਂ ਨਹੀ ਜਾਣਦੇ, ਸਾਰੀਆਂ ਖਾਣ ਤੇ ਪੀਣ ਵਾਲੀਆ ਚੀਜ਼ਾਂ ਤੇ ਉਨ੍ਹਾਂ ਦੇ ਸੁਆਦ ਚਖਣ ਵਾਲੀ ਜ਼ਬਾਨ ਤੁਹਾਨੂੰ ਪ੍ਰਭੂ ਨੇ ਦਿੱਤੀ ਹੈ। ਜੇ ਜ਼ਬਾਨ ਸੁਆਦ-ਹੀਣ ਹੋ ਜਾਂਦੀ ਤਾਂ ਸਾਰੇ ਰਸ ਨਿਸਫਲ ਹੋ ਜਾਣੇ ਸਨ। ਜੇ ਜ਼ਬਾਨ ਤਾਂ ਸੁਆਦ ਲੈਣ ਵਾਲੀ ਹੁੰਦੀ ਪਰ ਪਦਾਰਥ ਖਟ-ਰਸ ਤੋਂ ਖਾਲੀ ਹੁੰਦੇ, ਫਿਰ ਕੀ ਹੁੰਦਾ? ਕਦੀ ਸੋਚਿਆ ਜੇ ਕਿ ਉਸ ਨੇ ਸੁਆਦ ਲੈਣ ਵਾਲੀ ਜ਼ਬਾਨ ਦਾ ਪਦਾਰਥਾਂ ਦੇ ਛੇ ਰਸਾਂ ਨਾਲ ਕੈਸਾ ਅਦਭੁਤ ਸੰਜੋਗ ਕੀਤਾ ਹੈ? ਕਦੀ ਖਿਆਲ ਕੀਤਾ ਜੇ ਕਿ ਪਦਾਰਥ ਦੇ ਜ਼ਬਾਨ 'ਤੇ ਲੱਗਣ ਪਿੱਛੋਂ ਉਸ ਨੂੰ ਕਿਤਨੀ ਯਾਤਰਾ ਕਰਨ ਪਿੱਛੋਂ ਸੁਆਦ ਦੇ ਮੰਡਲ ਵਿਚ ਪ੍ਰਵੇਸ਼ ਕਰਨ ਦਿੱਤਾ ਜਾਂਦਾ ਹੈ?

ਜੇ "ਸਰੀਰ ਅੰਦਰ ਪਾਣੀ ਘਟ ਗਿਆ ਹੈ, "ਇਹ ਦੱਸਣ ਵਾਲੀ ਗ੍ਰੰਥੀ ਮੂੰਹ ਵਿਚ ਨਾ ਹੁੰਦੀ ਤਾਂ ਸਾਰਾ ਸਰੀਰ ਕੜੱਲਾਂ ਨਾਲ ਇਸ ਤਰ੍ਹਾਂ ਨਿਚੋੜਿਆ ਜਾਂਦਾ, ਜਿਵੇਂ ਗਿੱਲਾ ਰੱਸਾ ਵੱਟ ਚੜਾਉਣ ਨਾਲ ਨਿਚੋੜਿਆ ਜਾਂਦਾ ਹੈ। ਇਸੇ ਤਰ੍ਹਾਂ ਦੀ ਹੀ ਗੱਲ 'ਭੁੱਖ ਦੀ ਹੈ, ਜੇ ਭੁੱਖ ਦੱਸਣ ਵਾਲਾ ਯੰਤਰ ਪੇਟ ਵਿਚ ਨਾ ਹੁੰਦਾ ਤਾਂ ਸਰੀਰ ਆਪਣੇ ਹੀ ਮਾਸ ਨੂੰ ਆਪ ਖਾ ਖਾ ਕੇ ਖਤਮ ਕਰ ਦੇਂਦਾ! ਮੈਂ ਸਦਕੇ ਜਾਂਦਾ ਹਾਂ, ਪਦਾਰਥ ਬਣਾਉਣ ਵਾਲੇ ਤੋਂ; ਪਦਾਰਥਾਂ ਵਿਚ ਛੇ ਰਸ ਪਾਉਣ ਵਾਲੇ ਤੋਂ; ਉਨ੍ਹਾਂ ਦਾ ਸੁਆਦ ਲੈਣ ਲਈ ਰਸਨਾ ਬਣਾਉਣ ਵਾਲੇ ਤੋਂ; ਅਤੇ ਪਿਆਸ ਦੱਸਣ ਵਾਲੇ ਯੰਤਰਾਂ ਤੋਂ ਅਤੇ ਇਨ੍ਹਾਂ ਆਪਸ ਵਿਲੇ ਸੰਜੋਗ ਬਣਾਉਣ ਵਾਲੇ ਸੰਬੰਧ ਕਰਤਾ ਤੋਂ!!

ਕੀ ਤੁਸੀ ਨਹੀਂ ਜਾਣੂੰ ਭਾਂਤ ਭਾਂਤ ਦੀਆਂ ਸੁਗੰਧੀਆਂ ਤੋਂ? ਕੀ ਤੁਸੀਂ ਨਹੀਂ ਜਾਣਦੇ ਨੱਕ ਦੀਆਂ ਬਾਰੀਆਂ ਵਿਚ ਬਚਾਅ ਵਾਲੇ ਥਾਂ 'ਤੇ ਲੁਕ ਕੇ ਬੈਠੀ ਹੋਈ ਸੁਗੰਧੀ ਲੈਣ ਵਾਲੀ ਨਾਜ਼ੋ ਨੂੰ? ਕੀ ਤੁਸੀਂ ਨਹੀਂ ਜਾਣਦੇ ਇਨ੍ਹਾਂ ਚੀਜ਼ਾਂ ਦਾ ਆਪਸ ਵਿਚ ਜੋੜਨ ਵਾਲਾ ਸੰਜੋਗ ਕਰਤਾ ਅਤੇ ਕਿੱਡੀ ਵੱਡੀ ਯਾਤਰਾ ਨੂੰ ਜਦੋਂ ਸੁਗੰਧੀ ਦਾ ਗਿਆਨ ਹੁੰਦਾ ਹੈ?

ਕੀ ਸੁਖਾਂ ਦੇ ਮੰਦਰ ਸਰੀਰ ਨੂੰ ਨਹੀਂ ਜਾਣਦੇ? ਕਿਤਨੀ ਮਿਹਨਤ ਨਾਲ ਇਹ ਬਣਾਇਆ ਗਿਆ ਹੈ? ਕਿਸ ਤਰ੍ਹਾਂ ਇਹ ਸਰੀਰ ਵਾਤਾਵਰਣ ਨੂੰ ਆਪਣੇ ਅਨੁਸਾਰ ਰੱਖਦਾ ਹੈ। ਭਾਵੇਂ ਬਰਫਾਂ ਵਿਚ ਇਸ ਨੂੰ ਰੱਖੋ ਅਤੇ ਭਾਵੇਂ ਭੱਠ ਵਾਂਗ ਤਪਦੀ ਰੇਤ ਵਿਚ ਰੱਖੋ, ਇਸ ਦਾ ਜੀਵਨ-ਤਾਪ ਆਪਣੇ ਥਾਂ ਅਡੋਲ ਖਲੋਤਾ ਰਹਿੰਦਾ ਹੈ। ਅਸੀਂ ਸੌਂ

---

* ਗੁਰਪੁਰਵਾਸੀ

ਜਾਂਦੇ ਹਾਂ, ਪਰ ਦਿਲ ਦੀ ਧੜਕਨ ਨਹੀਂ ਸੌਂਦੀ। ਪਾਚਨ ਸ਼ਕਤੀ ਨਹੀਂ ਰੁਕਦੀ। ਸੁੱਤਿਆਂ-ਸੁੱਤਿਆਂ ਹੀ ਭੱਜੇ-ਟੁੱਟੇ ਸਰੀਰ ਦੀ ਮੁਰੰਮਤ ਹੋ ਜਾਂਦੀ ਹੈ। ਆਪਣੇ ਆਪ ਰੋਜ਼ ਆਪਣੇ ਸੈੱਲ ਇਹ ਬਦਲ ਲੈਂਦਾ ਹੈ, ਆਪਣੇ ਆਪ ਜ਼ਹਿਰ ਬਾਹਰ ਕੱਢ ਕੇ ਸੁੱਟ ਦੇਂਦਾ ਹੈ ਅਤੇ ਜ਼ਰੂਰੀ ਚੀਜ਼ਾਂ ਨੂੰ ਹਰ-ਇਕ ਥਾਂ 'ਤੇ ਪਹੁੰਚਾ ਦੇਂਦਾ ਹੈ। ਸਾਡੇ ਘਰ ਵਾਲੇ ਦਾ ਕਿੱਡਾ ਸੋਹਣਾ ਘਰ ਹੈ। ਇਸ ਵਿਚ ਕਿਤਨਾ ਕੀਮਤੀ ਸਾਮਾਨ ਹੈ। ਇਸ ਦੀਆਂ ਬਾਰੀਆਂ ਕਿਤਨੀਆਂ ਸੁੰਦਰ ਹਨ, ਜਿਨ੍ਹਾਂ ਰਾਹੀਂ ਗਿਆਨ ਦੀ ਸੁਗੰਧੀ-ਭਰੀ ਹਵਾ ਅੰਦਰ ਆਉਂਦੀ ਹੈ। ਇਹੀ ਕਿੱਡੀ ਚੰਗੀ ਗੱਲ ਹੈ ਕਿ ਉਸ ਕੰਤ ਦੀ ਸੇਜਾ ਭੀ ਏਸੇ ਘਰ ਅੰਦਰ ਹੈ ਤੇ ਉਹ ਘਰੋਂ ਬਾਹਰ ਨਹੀਂ ਨਿਕਲਦਾ! ਬਾਹਰ ਨਿਕਲਣ ਨਾਲ ਘਰ ਵਾਲੀ ਵਿਧਵਾ ਹੋ ਜਾਂਦੀ ਹੈ।

ਸਾਨੂੰ ਸੁਖੀ ਰੱਖਣ ਲਈ ਉਸ ਨੇ ਸੁਖ ਦੇਣ ਵਾਲੇ ਸੰਗੀ-ਸਾਥੀ ਦਿੱਤੇ ਹਨ। ਹਰ ਸਮੇਂ ਅੰਗਾਂ ਵਾਂਗ ਰਹਿਣ ਵਾਲੇ ਸੰਗੀ ਅਤੇ ਰੱਖਿਆ ਕਰਨ ਵਾਲੀ ਸਾਥੀ। ਮਾਂ, ਪਿਓ, ਭਰਾ, ਪਤਨੀ, ਪੁੱਤਰ, ਭੈਣ, ਸਾਕ-ਸੈਨ ਤੇ ਸੱਜਣ ਮਿੱਤਰ। ਇਹ ਬਚਪਨ ਵਿਚ ਸਹਾਇਕ, ਜਵਾਨੀ ਵਿਚ ਸਾਥੀ ਅਤੇ ਬੁਢੇਪੇ ਵਿਚ ਰਾਖੇ, ਬੇਹੋਸ਼ ਪਏ ਨੂੰ ਪਾਣੀ ਦੇਣ ਵਾਲੇ, ਰਾਤਾਂ ਨੂੰ ਜਾਗਣ ਵਾਲੇ, ਬੋਲਾਂ ਨੂੰ ਤਰਸਣ ਵਾਲੇ ਤੇ ਸਦਕੇ ਜਾਣ ਵਾਲੇ!!

ਮਨੁੱਖੀ ਸਰੀਰ ਦੇ ਅੰਦਰ ਬੜਾ ਕੁਝ ਭਰਿਆ ਹੋਇਆ ਹੈ ਤੇ ਉੱਪਰ ਚਮੜੀ ਦੀ ਕਿਤਨੀ ਸੁੰਦਰ ਚਾਦਰ ਪਾਈ ਹੋਈ ਹੈ, ਜਿਸ ਨੇ ਜੀਅ-ਜੰਤੂਆਂ ਦਾ ਸਾਰਾ ਭਵਿੱਖ ਓਹਲੇ ਰੱਖਿਆ ਹੋਇਆ ਹੈ ਤਾਂਕਿ ਇਹ ਅੱਜ ਨੂੰ ਜਾਣ ਅਤੇ ਮਾਣ ਸਕੇ। ਕੌਣ ਨਹੀਂ ਜਾਣਦਾ ਕਿ ਮਨ ਵਿਚ ਕਿਤਨੇ ਭੈੜੇ ਫੁਰਨੇ ਫੁਰਦੇ ਹਨ? ਜੇ ਹਰ ਫੁਰਨੇ ਦਾ ਲੋਕਾਂ ਨੂੰ ਪਤਾ ਲੱਗ ਜਾਵੇ ਤਾਂ ਅਸੀਂ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਾ ਰਹੀਏ!

ਅਸੀਂ ਕਰਤੂਤਾਂ ਕਰਕੇ ਪਸ਼ੂ ਹਾਂ ਕਿ ਮਨੁੱਖ? ਦੇਵਤੇ ਹਾਂ ਕਿ ਦੈਂਤ? ਮਨੁੱਖੀ ਸਰੀਰ ਵਰਗਾ ਹੋਰ ਕਿਸੇ ਦਾ ਸਰੀਰ ਨਹੀਂ। ਹੋਰ ਕਿਸ ਕੋਲ ਇਤਨਾ ਬਿਬੇਕ ਹੈ? ਹੋਰ ਕਿਸ ਕੋਲ ਇਤਨੀ ਯਾਦ ਹੈ? ਹੋਰ ਕਿਸ ਕੋਲ ਭਵਿੱਖ ਜਾਣਨ ਦੀ ਇਤਨੀ ਸੋਝੀ ਹੈ?

ਸਾਡੇ ਕੰਨਾਂ ਦੇ ਅਖੀਰਲੇ ਸਿਰੇ ਦੇ ਹੇਠਾਂ ਸੁਣਨ ਵਾਲੀ ਸ਼ਕਤੀ ਲੁਕ ਕੇ ਬੈਠੀ ਹੋਈ ਹੈ? ਬਾਰਾਂ ਸੁਰਾਂ ਤੇ ੨੨ ਸੁਰਤੀਆਂ ਬਿਜਲੀ ਦੇ ਵੇਗ ਨਾਲ ਸਾਰੇ ਸੰਸਾਰ ਵਿਚ ਘੁੰਮ ਰਹੀਆਂ ਹਨ। ਇਨ੍ਹਾਂ ਸੁਰਾਂ ਅਤੇ ਸੁਣਨ-ਸ਼ਕਤੀ ਦਾ ਸੰਜੋਗ ਕਿਸ ਨੇ ਕੀਤਾ?

ਤਰੰਗਾਂ ਵਿੱਚੋਂ ਰੰਗਾਂ ਦਾ ਝੋਲਾ ਪੈਂਦਾ ਹੈ। ਅੱਖਵਾਨੇ ਵਿਚ ਅੱਖ ਹੈ ਅਤੇ ਅੱਖ ਵਿਚ ਇਕ ਪਰਦਾ ਹੈ, ਜਿਸ ਉੱਪਰ ਰੰਗਾਂ ਦੀ ਚਿੱਤਰਾਵਲੀ ਚਲਦੀ ਰਹਿੰਦੀ ਹੈ। ਲੰਮੀ ਯਾਤਰਾ ਤੋਂ ਪਿੱਛੋਂ ਹੀ ਨਜ਼ਾਰੇ ਗਿਆਨ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਸਾਨੂੰ ਕਿਸ ਨੇ ਸੁੰਦਰ ਅਤੇ ਸੋਨੇ ਵਰਗੀ ਦੇਹੀ ਦਿੱਤੀ ਹੈ? ਸਵਾਰੀ ਲਈ ਇਹ ਕਾਰਾਂ ਅਤੇ ਹਵਾਈ ਜਹਾਜ਼ ਕਿਸ ਨੇ ਦਿੱਤੇ ਹਨ? ਘੁੰਮਣ ਲਈ ਕਿੱਡੀ ਵੱਡੀ ਧਰਤੀ ਦਿੱਤੀ ਹੈ

ਅਤੇ ਮਨੁੱਖ ਨੂੰ ਕਿਤਨੀਆਂ ਮਿਲਖਾਂ ਦਾ ਮਾਲਕ ਬਣਾਇਆ ਹੈ!! ਕੀ ਤੂੰ ਨਹੀਂ ਜਾਣਦਾ ਕਿ ਦੋਹਾਂ ਲੋਕਾਂ—ਲੋਕ ਅਤੇ ਪ੍ਰਲੋਕ ਵਿਚ ਤੇਰਾ ਰਖਵਾਲਾ ਕੌਣ ਹੈ? ਕੀ ਤੂੰ ਨਹੀਂ ਜਾਣਦਾ, ਸਭ ਤੋਂ ਚੰਗੇ ਬੋਲ-ਤੰਤੂ ਤੈਨੂੰ ਕਿਸ ਨੇ ਤੇ ਚੰਗੇ ਨੈਣ-ਪ੍ਰਾਣ ਕਿਸ ਨੇ ਦਿੱਤੇ ਹਨ? ਵਿਸਮਾਦ ਵੇਖਣ ਵਾਲੀ ਅੱਖ ਤੈਨੂੰ ਕਿਸ ਨੇ ਦਿੱਤੀ ਹੈ? ਤੈਨੂੰ ਸੰਸਾਰ-ਪ੍ਰਸਿੱਧੀ ਦੀ ਦਾਤ ਕਿਸ ਨੇ ਦਿੱਤੀ ਹੈ? ਤੇਰੇ ਕੰਮਾਂ ਵਿਚ ਬਰਕਤ ਪਾਉਣ ਵਾਲਾ ਕੌਣ ਹੈ?

ਉਸ ਨੂੰ ਕਿਵੇਂ ਭੁਲਾਈਏ, ਜਿਹੜਾ ਮਿਹਨਤੀ ਦਾ ਮੁੜ੍ਹਕਾ ਸੁੱਕਣ ਤੋਂ ਪਹਿਲਾਂ ਹੀ ਉਸ ਨੂੰ ਸੇਵਾ-ਫਲ ਦੇ ਦਿੰਦਾ ਹੈ! ਉਸ ਨੂੰ ਕੌਣ ਵਿਸਾਰ ਸਕਦਾ ਹੈ, ਜਿਹੜਾ ਸਾਡੇ ਕੰਮਾਂ ਦੀ ਉਪਜ ਅਤੇ ਉਨ੍ਹਾਂ ਵਿਚ ਕਾਇਮ ਕੀਤੀ ਸੁੰਦਰਤਾ ਨੂੰ ਜਾਣਦਾ ਅਤੇ ਪਛਾਣਦਾ ਹੈ। ਉਸ ਨੂੰ ਯਾਦ ਵਿੱਚੋਂ ਕੌਣ ਵਗਾਹ ਕੇ ਮਾਰ ਸਕਦਾ ਹੈ, ਜੋ ਸ਼ਰਨ ਯੋਗ ਦੀ ਸ਼ਰਨ ਵਿਚ ਨਹੀਂ ਆਵੇਗਾ? ਸੱਪ ਆਪਣੀ ਮਣੀ, ਹਰਨ ਆਪਣੀ ਕਸਤੂਰੀ, ਸ਼ੇਰ ਆਪਣੀ ਮੁੱਛ ਦਾ ਵਾਲ ਆਪਣੇ ਜੀਉਂਦੇ ਜੀਅ ਨਹੀਂ ਦੇਂਦਾ। ਮੇਰਾ ਗੁਰੂ ਮੇਰੇ ਸਿਰ ਉੱਪਰ ਹੈ। ਗੁਰੂ ਦੀ ਮਤਿ ਪੂਰੀ ਹੈ, ਤੱਤ-ਬੁਧ ਹੈ। ਗੁਰੂ ਦੀ ਗੱਲ ਸੁਣ ਕੇ ਮਨ ਤ੍ਰਿਪਤ ਹੋ ਜਾਂਦਾ ਹੈ। ਗੁਰੂ ਦੇ ਹਿਰਦੇ ਵਿਚ ਨਾਮ ਦਾ ਹੀ ਵਾਸਾ ਹੈ। ਉਹ ਆਤਮਕ ਖ਼ਜ਼ਾਨਿਆਂ ਦਾ ਮਾਲਕ ਤੇ ਦਾਤਾ ਹੈ, ਜਿਸ ਦੇ ਬਚਨ ਸੁਣ ਕੇ ਕੰਨਾਂ ਨੂੰ ਹੋਰ ਕੁਝ ਸੁਣਨ ਦੀ ਕੋਈ ਖਿੱਚ ਨਹੀ ਰਹਿੰਦੀ। ਮਨ ਵਿਚ ਸੰਤੋਖ ਅਤੇ ਦ੍ਰਿੜ੍ਹਤਾ ਆਉਂਦੀ ਹੈ, ਜਿਹੜਾ ਤਪਦੇ ਮਨ ਵਿਚ ਠੰਢ ਪਾ ਦੇਵੇ। ਜਿਹੜਾ ਜਨਮ-ਮਰਨ ਦੇ ਸੰਸੇ ਦੂਰ ਕਰ ਦੇਵੇ। ਜਿਹੜਾ ਡਰ ਦੂਰ ਕਰ ਕੇ ਨਿਰਭਉ ਕਰੇ। ਗੁਰੂ, ਸਿੱਖ ਦਾ ਪਾਲਣ-ਪੋਸ਼ਨ ਕਰਦਾ ਹੈ। ਸਿੱਖ ਉੱਪਰ ਸਦਾ ਦਿਆਲੂ ਰਹਿੰਦਾ ਹੈ। ਸਿੱਖ ਦੀ ਭੈੜੀ ਮਤਿ ਗੁਰੂ ਦੂਰ ਕਰਦਾ ਹੈ; ਸਿੱਖ ਉੱਪਰ ਸਦਾ ਦਿਆਲੂ ਰਹਿੰਦਾ ਹੈ। ਸਿੱਖ ਦੀ ਭੈੜੀ ਮਤਿ ਗੁਰੂ ਦੂਰ ਕਰਦਾ ਹੈ; ਸਿੱਖ ਦੇ ਜਨਮ-ਜਨਮਾਂਤਰਾਂ ਦੇ ਬੰਧਨ ਕੱਟ ਦੇਂਦਾ ਹੈ; ਵਿਕਾਰ ਦੂਰ ਕਰਦਾ ਹੈ; ਨਾਮ ਦੀ ਦੌਲਤ ਸਿੱਖ ਦੀ ਬੁੱਧੀ ਦੀ ਝੋਲੀ ਵਿਚ ਪਾ ਦੇਂਦਾ ਹੈ, ਗੁਰੂ ਸਿੱਖ ਨੂੰ ਆਪਣੇ ਸੀਨੇ ਲਾ ਕੇ ਰੱਖਦਾ ਹੈ। ਉਹ ਮਰਿਆਂ ਨੂੰ ਜੀਉਂਦਾ ਕਰ ਦੇਂਦਾ ਹੈ, ਭੁੱਖਿਆਂ ਦਾ ਸਹਾਰਾ ਹੈ। ਉਸ ਦੀ ਨਜ਼ਰ ਵਿਚ ਸਾਰੀਆਂ ਬਰਕਤਾਂ ਹਨ। ਸਭ ਕੁਝ ਉਸ ਦੇ ਵੱਸ ਹੈ ਅਤੇ ਲੋੜ ਸਮੇਂ ਉਹ ਸਭ ਕੁਝ ਕਰ ਲੈਂਦਾ ਹੈ।

ਉਹ ਨਿਰਲੇਪ, ਨਿਰਦੋਖ, ਨਿਰਭਉ, ਨਿਰਵੈਰ, ਨਿਰਲੋਭ, ਉਪਕਾਰੀ ਅਤੇ ਸਮ-ਦ੍ਰਿਸ਼ਟੇਤਾ ਹੈ। ਉਸ ਦੀ ਫਿਤਰਤ ਵਿਚ ਬੁਰਿਆਈ ਦਾ ਬੀਜ ਹੀ ਨਹੀਂ ਹੁੰਦਾ। ਉਸ ਦੀ ਖੁਰਾਕ ਗਿਆਨ ਦੀ ਹੁੰਦੀ ਹੈ। ਉਹ ਇੰਦਰੇ-ਜਿੱਤ ਹੁੰਦਾ ਹੈ। ਗੁਰੂ ਮੁਕਤੀ ਅਤੇ ਜੁਗਤੀ ਦੋਵੇਂ, ਚੀਜ਼ਾਂ ਇਕੱਠੀਆਂ ਹੀ ਦੇਂਦਾ ਹੈ। ਗੁਰੂ ਦਾ ਸਿੱਖ ਕਦੇ ਝੂਠ ਨਹੀਂ ਬੋਲਦਾ, ਪਰ-ਨਾਰੀ ਵੱਲ ਅੱਖ ਭਰ ਕੇ ਤੱਕਦਾ ਨਹੀਂ, ਕਰਮ ਕਰਦਾ ਹੈ, ਪਰ ਫ਼ਲ ਨਹੀ ਮੰਗਦਾ। ਸਾਰਿਆਂ ਉੱਪਰ ਦਇਆ ਕਰਦਾ ਹੈ।

ਉਹ ਆਪਣੇ ਹੀ ਮਨ ਨੂੰ ਉਪਦੇਸ਼ ਦਿੰਦਾ ਹੈ। ਉਸ ਦਾ ਮੇਲ-ਜੋਲ ਕਦੇ ਭੀ

ਦੁਸ਼ਟ ਆਤਮਾ ਨਾਲ ਨਹੀਂ ਹੁੰਦਾ। ਉਸ ਦੇ ਮਨ ਵਿਚ ਭਰਮ ਅਤੇ ਸੰਦੇਹ ਨਹੀਂ ਰਹਿ ਸਕਦੇ। ਉਹ ਚਾਰੇ ਵਰਨਾਂ ਲਈ ਸਾਂਝਾ ਉਪਦੇਸ਼ ਕਰਦਾ ਹੈ। ਉਹ ਇਹ ਭੀ ਜਾਣਦਾ ਹੈ ਕਿ ਇਹ ਅਸਥੂਲ ਸੰਸਾਰ ਸੂਖਮ ਵਿਚ ਹੈ। ਹਰ ਮਨੁੱਖ ਨੂੰ ਰੱਬ ਨੂੰ ਜਾਣਨ ਜਿੰਨੀ ਸੋਝੀ ਦਿੱਤੀ ਗਈ ਹੈ।

ਗੁਰੂ ਦਾ ਸੇਵਕ ਬਣਨ ਲਈ ਕੁਝ ਗੁਣ ਆਪਣੇ ਵਿਚ ਪੈਦਾ ਕਰਨੇ ਜ਼ਰੂਰੀ ਹਨ। ਆਗਿਅਕਾਰੀ ਹੋਣਾ ਪਹਿਲੀ ਸ਼ਰਤ ਹੈ। ਗੁਰੂ ਉੱਪਰ ਅਡਿਗ ਭਰੋਸਾ ਚਾਹੀਦਾ ਹੈ। ਸੇਵਕ ਦਾ ਆਚਾਰ ਨਿਰਮਲ ਹੋਣਾ ਜ਼ਰੂਰੀ ਹੈ। ਸੇਵਕ ਉੱਤੇ ਨਾਮ ਦਾ ਗੂੜ੍ਹਾ ਰੰਗ ਚੜ੍ਹਿਆ ਹੋਵੇ। ਉੱਠਦਿਆਂ-ਬੈਠਦਿਆਂ ਨਾਮ ਨਾਲ ਜੁੜਿਆ ਰਹੇ। ਜੋ ਹੋ ਗਿਆ ਹੈ ਉਹ ਸਮਝ ਲਵੋ ਕਿ ਇਹ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਸੀ। ਆਪਣੇ ਆਪ ਨੂੰ ਕੁਝ ਭੀ ਨਾ ਜਣਾਵੇ। ਆਪਣਾ ਮਨ ਗੁਰੂ ਕੋਲ ਵੇਚ ਦੇਵੇ। ਨਿਸ਼ਕਾਮ ਹੋ ਕੇ ਗੁਰੂ ਦੀ ਸੇਵਾ ਕਰੇ, ਉਸ ਨੂੰ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ।

ਜਦੋਂ ਸੇਵਕ ਦੇ ਉੱਪਰ ਗੁਰੂ ਮਨ ਪ੍ਰਸੰਨ ਹੋ ਜਾਵੇ ਤਾਂ ਉਹ ਉਸ ਦੀ ਸ਼ਰਧਾ ਦੀ ਝੋਲੀ ਵਿਚ ਨਾਮ ਪਾ ਦੇਂਦਾ ਹੈ। ਉਹ ਨਾਮ ਕੀ ਹੈ?

ਕਰਤਾ, ਸਤਿ, ਨਾਮੁ ਤੇ ਹੁਕਮ ਵੱਖ-ਵੱਖ ਚੀਜ਼ਾਂ ਨਹੀਂ ਹਨ। ਇਹ ਉਸ ਇਕ ਦੇ ਅਨੇਕਾਂ ਭੇਖ ਅਤੇ ਰੰਗ ਹਨ। ਪਸਾਰੇ ਵਿਚ ਅਨੇਕਤਾ ਹੈ, ਪਰ ਹੈ ਉਹ ਪ੍ਰਭੂ ਅਬਿਨਾਸੀ ਆਪ ਹੀ। ਸਾਰੇ ਸਰੀਰ ਉਸ ਦੇ ਹਨ, ਸਾਰੇ ਸਰੀਰਾਂ ਵਿਚ ਉਸ ਦਾ ਆਪਣਾ ਘਰ ਹੈ। ਉਸ ਨਾਮ ਦੇ ਸਹਾਰੇ ਹੀ ਤਾਂ ਸਾਰੇ ਜੀਵ-ਜੰਤਾਂ ਦੀ ਹੋਂਦ ਹੈ। ਖੰਡਾਂ-ਬ੍ਰਹਿਮੰਡਾਂ ਦੀ ਢੋਅ ਭੀ ਨਾਮ ਹੈ। ਨਾਮ ਦੇ ਸਹਾਰੇ ਹੀ ਸਾਰੇ ਧਾਰਮਿਕ ਗ੍ਰੰਥ ਬਣੇ। ਨਾਮ ਦੇ ਸਦਕੇ ਹੀ ਸੁਣਨਾ ਤੇ ਗਿਆਨ ਧਿਆਨ ਹੈ। ਚੌਥੀ ਅਵਸਥਾ ਵਿਚ ਉਹੋ ਹੀ ਪਹੁੰਚ ਸਕਦਾ ਹੈ, ਜਿਸ ਉੱਪਰ ਕਿਰਪਾ ਹੋਵੇ ਅਤੇ ਉਹ ਨਾਮ ਵਿਚ ਜੁਟ ਪਏ। 'ਆਦਿ ਸਚੁ' ਨਾਮ ਹੈ, 'ਜੁਗਾਦਿ ਸਚੁ' ਨਾਮ ਹੈ, ਸਤਿ ਦੇ ਚਰਨ ਹਨ, ਸਤਿ ਦੀ ਛੁਹ ਹੈ, ਸਤਿ ਦੇ ਦਰਸ਼ਨ ਹਨ, ਵੇਖਣਹਾਰ ਭੀ ਸਤਿ ਹਨ। ਨਾਮ ਹੀ ਸਤ ਹੈ, ਧਿਆਵਨਹਾਰ ਭੀ ਸਤਿ ਹਨ। ਸਤਿ ਦੀ ਸੁਰਤੀ ਹੈ, ਸਤਿ ਦਾ ਜਸ ਹੈ, ਸਤਿ ਦੀ ਸੁਣਨਹਾਰ ਹੈ, ਸ਼ਬਦ ਭੀ ਸਤਿ ਦਾ ਹੈ, ਸਤਿ ਹੀ ਕਹਿਣ ਵਾਲਾ ਹੈ। ਬੁਝਣਹਾਰ ਲਈ ਸਭ ਸਤਿ ਹੋ ਨਿਬੜਦਾਰ ਹੈ। ਜਿਸ ਨੇ ਸਤਿ ਸਰੂਪ ਨੂੰ ਹਿਰਦੇ ਵਿਚ ਮਹਿਸੂਸ ਕਰ ਲਿਆ ਹੈ, ਉਸ ਨੇ ਕਰਤਾ ਪੁਰਖ ਦੇ ਮੁੱਢ ਨੂੰ ਪਛਾਣ ਲਿਆ ਹੈ। ਸਤਿ ਕਰਤਾ ਹੈ, ਸਤਿ ਕਿਰਤ ਹੈ। ਜਿਸ ਦੇ ਹਿਰਦੇ ਵਿਚ ਵਿਸ਼ਵਾਸ ਆ ਗਿਆ, ਉਸ ਦੇ ਮਨ ਵਿਚ ਤੱਤ-ਗਿਆਨ, ਸਰਬ-ਪੱਖੀ ਗਿਆਨ ਹੀ ਸੰਪੂਰਨ ਗਿਆਨ ਪ੍ਰਗਟ ਹੋ ਗਿਆ ਹੈ। ਉਹ ਡਰਾਂ ਤੋਂ ਬਾਹਰ ਆ ਕੇ ਨਿਰਭਉ ਵਿਚ ਵਸਦਾ ਹੈ। ਸਤਿ, ਸਤਿ ਵਿਚ ਹੀ ਸਮਾਉਂਦਾ ਹੈ। ਸਤਿ, ਸਤਿ ਵਿਚ ਮਿਲ ਜਾਵੇ ਤਾਂ ਉਹ ਵੱਖਰਾ ਨਹੀਂ ਕੀਤਾ ਜਾ ਸਕਦਾ।

ਉਸ ਨੇ ਆਪ ਹੀ ਆਪਣਾ ਵਿਸਥਾਰ ਕੀਤਾ ਹੈ। ਉਸ ਤੋਂ ਵੱਖਰਾ ਕੀ ਹੋ ਸਕਦਾ ਹੈ? ਉਹ ਆਪਣੇ ਚੋਜ ਆਪ ਹੀ ਕਰਦਾ ਹੈ। ਉਸ ਵਿਚ ਸਾਰੇ ਮਨ ਹਨ ਅਤੇ ਸਾਰੇ ਮਨਾਂ ਵਿਚ ਉਸ ਦਾ ਆਪਣਾ ਮਨ ਹੈ। ਸਤਿ ਦਾ ਸੁਆਮੀ ਹੈ, ਸੱਚੇ ਨੇ ਸਭ ਸੱਚ ਕੀਤਾ ਹੈ।

ਨਾਮ ਹੀ ਕਾਮਧੇਨ ਅਤੇ ਪਾਰਜਾਤ ਹੈ। ਨਾਮ ਪ੍ਰਭੂ ਦਾ ਆਪਣਾ ਖ਼ਜ਼ਾਨਾ ਹੈ। ਜਿੱਥੇ ਸਾਰੇ ਸਾਥ ਛੱਡ ਜਾਂਦੇ ਹਨ, ਉਥੇ ਨਾਮ ਡਟ ਕੇ ਸਾਥ ਦੇਂਦਾ ਹੈ; ਅੰਨ੍ਹੇਰੇ ਵਿਚ ਚਾਨਣ ਬਣਦਾ ਹੈ; ਕਰੋੜਾਂ ਪਾਪ ਨਾਮ ਦੀ ਅੱਗ ਨਾਲ ਸੜ ਜਾਂਦੇ ਹਨ। ਪੂਰੀ ਤ੍ਰਿਪਤੀ ਨਾਮ ਨਾਲ ਹੁੰਦੀ ਹੈ। ਨਾਮ ਸਦੀਵੀ ਸਾਥੀ ਅਤੇ ਰੱਖਿਅਕ ਹੈ। ਨਾਮ ਸੁਖਾਂ ਦੀ ਪੂੰਜੀ ਹੈ। ਮਨ ਦੀ ਪਿਆਸ ਲਈ ਨਾਮ ਵਰ੍ਹਦਾ ਬੱਦਲ ਹੈ। ਨਾਮ ਸਿਮਰਨ ਵਾਲਿਆਂ ਦੀ ਬਿਰਤੀ ਬਿਬੇਕ ਵਿਚ ਚਲਦੀ ਹੈ। ਨਾਮ ਹੀ ਭਗਤਾਂ ਦੇ ਸੁੰਦਰ ਨਕਸ਼-ਨੈਣ ਹਨ।

ਮੁੜ-ਮੁੜ ਸਿਮਰਨ ਵਿੱਚੋਂ ਸੁਖ ਪ੍ਰਾਪਤ ਕਰਦਾ ਹਾਂ। ਮੈਂ ਵਿਸ਼ਵ ਵਿਚ ਵਿਆਪਕ ਇਕ ਦਾ ਨਾਮ ਜਪਦਾ ਹਾਂ। ਵੇਦ, ਪੁਰਾਣ ਤੇ ਸੋਧੀਆਂ ਹੋਈਆਂ ਸਿਮਰਤੀਆਂ; ਨਾਮ ਦੀ ਨੇੜ੍ਹਤਾ ਤੇ ਸਿਮਰਨ ਵਿੱਚੋਂ ਪੈਦਾ ਹੋਈਆਂ ਹਨ ਅਤੇ ਨਾਮ ਦੇ ਸਿਮਰਨ 'ਤੇ ਜ਼ੋਰ ਦੇਂਦੀਆਂ ਹਨ। ਸੁਖਮਨੀ ਵਿਚ ਪ੍ਰਭੂ ਦੇ ਨਾਮ-ਅੰਮ੍ਰਿਤ ਦਾ ਸੁਖ ਹੈ। ਇਹ ਨਾਮ ਅੰਮ੍ਰਿਤ ਦਾ ਸੁਖ ਭਗਤਾਂ ਦੇ ਮਨ ਵਿਚ ਵਸਦਾ ਹੈ। ਪ੍ਰਭੂ ਦੀ ਯਾਦ ਜਨਮਾਂ ਨੂੰ ਦੂਰ ਕਰਦੀ ਹੈ, ਦੁਖ ਦੂਰ ਕਰਦੀ ਹੈ। ਕਾਲ ਦੂਰ ਹੋ ਜਾਂਦਾ ਹੈ, ਵੈਰੀ ਟਲ ਜਾਂਦੇ ਹਨ। ਸਿਮਰਨ ਨਾਲ ਤਾਕਤਾਂ ਪ੍ਰਾਪਤ ਹੋ ਜਾਂਦੀਆਂ ਹਨ। ਯਾਦ ਰੱਖਣ ਨਾਲ ਗਿਆਨ ਧਿਆਨ ਅਤੇ ਤੱਤ-ਬੁੱਧ ਪ੍ਰਾਪਤ ਅਤੇ ਈਰਖਾ ਦੂਰ ਹੁੰਦੀ ਹੈ।

ਸਿਮਰਨ ਵਿਚ ਨਿਰੰਕਾਰ ਦਾ ਵਾਸਾ ਹੈ। ਸਿਮਰਨ ਹੀ ਸੱਚ-ਖੰਡ ਹੈ। ਸਿਮਰਨ ਸ਼ਕਤੀ ਹੈ, ਧੀਰਜ ਹੈ, ਕੁਰਬਾਨੀ ਹੈ, ਵਿਗਾਸ ਹੈ। ਚੜ੍ਹਦੀ ਕਲਾ ਨਾਮ ਦੀ ਹੈ, ਨਾਮ-ਹੀਣ ਦੀ ਚੜ੍ਹਦੀ ਕਲਾ ਕਿਵੇਂ ਹੋਵੇਗੀ? ਉਪਕਾਰ ਦਾ ਚਾਅ ਨਾਮ ਨਾਲ ਹੁੰਦਾ ਹੈ। ਸਿਮਰਨ ਵਾਲਾ ਹੀ ਬੰਦ ਬੰਦ, ਕਟਾ ਸਕਦਾ ਹੈ। ਨਾਮ ਸਿਮਰਨ ਵਾਲਾ ਹੀ ਖੋਪਰੀ ਉਤਰਵਾ ਸਕਦਾ ਹੈ। ਨਾਮ ਦੀ ਠੰਢ ਦੇ ਸਹਾਰੇ ਤੋਂ ਬਿਨਾਂ ਕੋਈ ਨਾ ਦੇਗ ਵਿਚ ਉਬਲ ਸਕਦਾ ਹੈ, ਨਾ ਤੱਤੀ ਰੇਤ ਪਵਾ ਸਕਦਾ ਹੈ, ਨਾ ਤੱਤੀ ਲੋਹ ਉੱਪਰ ਆਸਣ ਲਾ ਸਕਦਾ ਹੈ, ਸ਼ਰਾਬੀ ਦੀ ਚੜ੍ਹਦੀ ਕਲਾ ਕਿਸ ਤਰ੍ਹਾਂ ਹੋਵੇਗੀ? ਅਫ਼ੀਮੀ ਦੀ ਢਹਿੰਦੀ ਕਲਾ ਹੁੰਦੀ ਹੈ, ਸੁਖਈ ਦੀ ਢਹਿੰਦੀ ਕਲਾ ਹੁੰਦੀ ਹੈ। ਕੇਸਾਂ ਦੀ ਬੇਅਦਬੀ ਕਰਨ ਵਾਲੇ ਨੀਚ ਦੀ, ਚੜ੍ਹਦੀ ਕਲਾ ਕਿਸ ਤਰ੍ਹਾਂ ਹੋ ਸਕਦੀ ਹੈ? ਜਵਾਰੀ ਦੀ ਭੀ ਜੇ ਚੜ੍ਹਦੀ ਕਲਾ ਹੋ ਜਾਵੇ ਫਿਰ ਢਹਿੰਦੀ ਕਲਾ ਕਿਸ ਦੀ ਹੋਣੀ ਹੈ? ਉੱਚਿਆਂ ਦੀਆਂ ਲੱਤਾਂ ਖਿੱਚਣੀਆਂ ਨੀਚਤਾ ਦੀਆਂ ਨਿਸ਼ਾਨੀਆਂ ਹਨ। ਨਾਮ ਵਾਲਾ ਨਿਉਂਦਾ ਹੈ; ਨਾਮ-ਹੀਣ ਆਕੜਦਾ ਹੈ ਨਾਮ-ਹੀਣ ਈਰਖਾ ਵਿਚ ਰਹਿੰਦਾ ਹੈ, ਇਸ ਕਰਕੇ ਹਰ ਵੇਲੇ ਉਸ ਦੇ ਸੱਤੀਂ ਕਪੜੀਂ ਅੱਗ ਲੱਗੀ ਰਹਿੰਦੀ ਹੈ। ਨਾਮ-ਹੀਣ ਲਾਲਚੀ ਹੁੰਦਾ ਹੈ, ਇਸ ਲਈ ਉਹ ਕਿਸੇ ਦਾ ਭੀ ਯਾਰ ਨਹੀਂ ਹੁੰਦਾ। ਉਹ ਗੁਰੂ ਅੱਗੇ ਭੀ ਆਕੜ ਕੇ ਖੜ੍ਹਾ ਹੋ ਜਾਂਦਾ ਹੈ, ਜਿਹੜਾ

ਨਾਮ-ਹੀਣ ਹੈ, ਉਹ ਸਭ ਬਰਕਤਾਂ ਤੋਂ ਵਾਂਝਾ ਰਹਿ ਜਾਂਦਾ ਹੈ। ਉਸ ਦੀ ਝੋਲੀ ਵਿਚ ਦਇਆ ਦੀ ਬਰਕਤ ਨਹੀਂ ਪੈਂਦੀ। ਉਸ ਨੂੰ ਖਿਮਾ ਕਰਨ ਦੀ ਦੈਵੀ-ਦਾਤ ਨਹੀਂ ਮਿਲਦੀ। ਉਸ ਨੂੰ ਨਿਮ੍ਰਤਾ ਦਾ ਮਿੱਠਾ ਫਲ ਨਹੀਂ ਮਿਲਦਾ, ਉਸ ਦੀ ਜ਼ਬਾਨ ਵਿੱਚੋਂ ਸ਼ਹਿਦ ਦੀਆਂ ਬੂੰਦਾਂ ਨਹੀਂ ਟਪਕਦੀਆਂ। ਉਸ ਦੀਆਂ ਅੱਖਾਂ ਵਿਚ ਕਰੁਣਾ ਦੀ ਦੇਵੀ ਵਾਸ ਨਹੀਂ ਕਰਦੀ। ਉਸ ਦੀਆਂ ਬਾਂਹਵਾਂ ਵਿਚ ਡਿੱਗਿਆਂ ਨੂੰ ਗਲ ਲਾਉਣ ਦੀ ਵਡਿਆਈ ਦੀ ਤਾਕਤ ਨਹੀਂ ਹੁੰਦੀ, ਉਸ ਨੂੰ ਸਮ-ਦ੍ਰਿਸ਼ਟੀ ਨਹੀਂ ਮਿਲਦੀ, ਸਮ-ਦ੍ਰਿਸ਼ਟੀ ਤੋਂ ਬਿਨਾਂ ਸਾਰੀ ਕੁਦਰਤ ਟੋਏ-ਟਿੱਬੇ ਬਣ ਜਾਂਦੀ ਹੈ, ਦ੍ਰਿਸ਼ਟੀ ਖੰਡਿਤ ਹੋ ਜਾਂਦੀ ਹੈ। ਸਾਰੇ ਚਿੱਤਰ ਉਲਟੇ-ਪੁਲਟੇ ਹੋ ਜਾਦੇ ਹਨ। ਸਾਰੇ ਮਾਰਗ ਠੋਕਰਾਂ ਅਤੇ ਰੋਕਾਂ ਨਾਲ ਅੱਟੇ ਹੋ ਜਾਂਦੇ ਹਨ। ਨਾਮ-ਹੀਣ ਦੇ ਅੰਦਰੋਂ ਜਨਮਾਂ-ਜਨਮਾਂ ਦੇ ਸੁੱਤੇ ਹੋਏ ਕੁੱਤੇ ਜਾਗ ਕੇ ਭੌਂਕਣ ਲੱਗ ਜਾਂਦੇ ਹਨ। ਜਨਮਾਂ-ਜਨਮਾਂ ਦੀ ਗੁੱਛੀਦਾਰ ਅਤੇ ਖੜੱਪੇ ਸੱਪ ਡੰਗ ਮਾਰਨ ਲੱਗ ਜਾਂਦੇ ਹਨ। ਜਨਮਾਂ-ਜਨਮਾਂ ਦੇ ਸੂਰ ਗੰਦੇ ਚਲ੍ਹੇ ਅੰਦਰ ਲੇਟਣ ਲੱਗ ਜਾਂਦੇ ਹਨ। ਜਨਮਾਂ-ਜਨਮਾਂ ਦੇ ਕਾਂ, ਕਾਵਾਂ-ਰੋਲੀ ਪਾਉਣ ਲੱਗ ਪੈਂਦੇ ਹਨ। ਜਨਮਾਂ-ਜਨਮਾਂ ਦੇ ਖੋਤੇ ਉਠ ਕੇ ਰੀਂਗਣ ਲੱਗ ਜਾਂਦੇ ਹਨ। ਜਨਮਾਂ-ਜਨਮਾਂ ਦੇ ਸੰਢੇ ਭਰਾ-ਮਾਰੂ ਭੇੜ ਭਿੜਦੇ ਹਨ। ਕੇਵਲ ਸਰੀਰ ਮਨੁੱਖੀ ਹੁੰਦਾ ਹੈ। ਕਰਤੂਤਾਂ ਸਾਰੀਆਂ ਪਸ਼ੂਆਂ ਵਾਲੀਆਂ ਹੁੰਦੀਆਂ ਹਨ।

ਅਸੀਂ ਵਾਤਾਵਰਣ ਦੇ ਘੇਰੇ ਵਿਚ ਹਾਂ, ਇਹ ਵਾਤਾਵਰਣ ਜਿਉਂਦਿਆਂ ਅਤੇ ਨਿਰਜਿੰਦ ਪਦਾਰਥਾਂ ਦਾ ਹੈ। ਜਿਉਂਦੀਆਂ ਚੀਜ਼ਾਂ ਵਿਚ ਪਚਾਨਵੇਂ ਹਜ਼ਾਰ ਸ਼੍ਰੇਣੀਆਂ ਤਾਂ ਪਸ਼ੂਆਂ ਦੀਆਂ ਹਨ ਅਤੇ ਤਿੰਨ ਸੌ ਤਿਰਤਾਲੀ ਬ੍ਰਿਛਾਂ ਦੀਆਂ ਹਨ। ਇੱਕ-ਇੱਕ ਸ਼੍ਰੇਣੀ ਵਿਚ ਹਜ਼ਾਰਾਂ ਪਸ਼ੂ ਅਤੇ ਦਰੱਖਤ ਆ ਜਾਂਦੇ ਹਨ। ਨਿਰਜਿੰਦ ਪਦਾਰਥਾਂ ਦਾ ਘੇਰਾ ਇਸ ਤੋਂ ਭੀ ਵੱਡਾ ਹੈ। ਪਾਣੀ ਸਭ ਪਸ਼ੂਆਂ ਅਤੇ ਬ੍ਰਿਛਾਂ ਦੇ ਜੀਵਨ ਦਾ ਮੂਲ ਹੈ। ਪਾਣੀ ਨੇ ਸਾਰੀ ਧਰਤੀ ਨੂੰ ਪਰੇਰਿਆ ਹੋਇਆ ਹੈ। ਉਹ ਰੁੱਤਾਂ ਨੂੰ ਅੱਗੇ ਲਾਈ ਫਿਰਦਾ ਹੈ। ਸੂਰਜ ਸ਼ਕਤੀ ਦਾ ਭੰਡਾਰ ਹੈ, ਉਹ ਕਈਆਂ ਨੂੰ ਸਾੜ ਕੇ ਸਵਾਹ ਕਰ ਦੇਂਦਾ ਹੈ ਅਤੇ ਅਨੇਕਾਂ ਨੂੰ ਜੀਵਨ ਦੇਂਦਾ ਹੈ, ਪਰ ਆਪ ਨਿਰਜਿੰਦ ਹੈ। ਹਵਾ ਨੇ ਸਾਰੀ ਧਰਤੀ ਦੇ ਪਿੰਡੇ ਉੱਤੇ ਆਪਣੀ ਮੋਟੀ ਰਜਾਈ ਲਈ ਹੈ, ਉਹ ਸੂਰਜ ਨਾਲ ਮਿਲ ਕੇ ਸਾਗਰ ਨੂੰ ਰਿੜਕਦੀ ਰਹਿੰਦੀ ਹੈ। ਧਰਤੀ ਉੱਪਰ ਖੋਰੂ ਪਾਉਂਦੀ ਰਹਿੰਦੀ ਹੈ, ਆਪ ਨਿਰਜਿੰਦ ਹੈ ਪਰ ਸਾਰੇ ਜਿਉਂਦੇ ਜਾਨਵਰਾਂ ਤੇ ਦਰੱਖਤਾਂ ਦਾ ਪਿਤਾ ਹੈ, ਜਨਮ-ਦਾਤਾ ਹੈ। ਧਰਤ ਭੀ ਆਪ ਨਿਰਜਿੰਦ ਹੈ, ਪਰ ਇਸ ਮਾਂ ਦੀ ਝੋਲੀ ਜ਼ਿੰਦਗੀ ਦੀਆਂ ਬਰਕਤਾਂ ਨਾਲ ਭਰੀ ਪਈ ਹੈ।

ਇਨ੍ਹਾਂ ਹੂਕਾਂ ਦਾ ਆਪਣਾ ਹੀ ਵਾਤਾਵਰਣ ਹੈ, ਇਹ ਕੁਦਰਤ ਦੇ ਵਾਤਾਵਰਣ ਨਾਲ ਇਕਸੁਰਤਾ ਪੈਦਾ ਕਰਕੇ ਸਾਰੇ ਕਲੇਸ਼ ਦੂਰ ਕਰ ਦਿੰਦਾ ਹੈ ਅਤੇ ਪ੍ਰਭੂ ਨਾਲ ਜੋੜ ਦੇਂਦਾ ਹੈ।

ਅੰਮ੍ਰਿਤ ਵੇਲਾ

-ਪ੍ਰਿੰ. ਹਰਭਜਨ ਸਿੰਘ

ਸਿੱਖ ਧਰਮ ਵਿਚ ਅੰਮ੍ਰਿਤ ਵੇਲੇ ਦੀ ਬਹੁਤ ਮਹਾਨਤਾ ਹੈ। ਜਦੋਂ ਅਸੀਂ ਪੁਰਾਤਨ ਗੁਰਸਿੱਖਾਂ ਦੇ ਜੀਵਨ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਨ੍ਹਾਂ ਦੇ ਜੀਵਨ ਵਿਚ ਇਕ ਖਾਸ ਗੱਲ ਇਹ ਮਿਲਦੀ ਹੈ ਕਿ ਉਹ ਅੰਮ੍ਰਿਤ ਵੇਲੇ ਉੱਠਣ ਦੇ ਨੇਮ ਦੇ ਪਾਬੰਦ ਸਨ। ਅੱਜ, ਜੇ ਸਾਡੇ ਜੀਵਨ ਵਿਚ ਆਤਮਿਕ ਪੱਖ ਤੋਂ ਗਿਰਾਵਟ ਆ ਰਹੀ ਹੈ ਤਾਂ ਇਸ ਦਾ ਇਕ ਕਾਰਨ, ਅੰਮ੍ਰਿਤ ਵੇਲੇ ਉੱਠਣ ਦੇ ਨੇਮ ਦੀ ਉਲੰਘਣਾ ਕਰਨਾ ਹੈ। ਜੇ ਅੱਜ, ਸਾਡਾ ਮਨ ਗੁਰਬਾਣੀ ਸੁਣਨ, ਪੜ੍ਹਨ ਵਿਚ ਇਕਾਗਰ ਨਹੀਂ ਹੋ ਰਿਹਾ, ਤਾਂ ਇਸ ਦਾ ਕਾਰਨ ਅੰਮ੍ਰਿਤ ਵੇਲਾ ਖੁੰਝਾ ਦੇਣਾ ਹੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਸਿੱਖ ਦੇ ਜੀਵਨ ਦਾ ਜੋ ਰੋਜ਼ਾਨਾ ਟਾਈਮ-ਟੇਬਲ ਉਲੀਕਿਆ ਹੈ, ਉਸ ਅਨੁਸਾਰ ਅੰਮ੍ਰਿਤ ਵੇਲੇ ਉੱਠਣਾ ਸਭ ਤੋਂ ਪਹਿਲਾ ਨੇਮ ਹੈ। ਆਪ ਜੀ ਦਾ ਫੁਰਮਾਨ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)

ਸਿੱਖ ਧਰਮ ਦੇ ਮਹਾਨ ਵਿਦਵਾਨ ਤੇ ਉੱਚੇ-ਸੁੱਚੇ ਗੁਰਮਤਿ ਪ੍ਰਚਾਰਕ ਭਾਈ - ਗੁਰਦਾਸ ਜੀ ਨੇ ਗੁਰੂ ਸਾਹਿਬ ਦੇ ਉਪਰੋਕਤ ਫੁਰਮਾਨ ਨੂੰ ਆਪਣੀਆਂ ਵਾਰਾਂ ਵਿਚ ਦਰਜ ਕਰ ਕੇ, ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ:

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।
ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ। (ਵਾਰ ੪੦:੧੧)

ਉਪਰੋਕਤ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਸਾਹਿਬ ਉਸ ਵਿਅਕਤੀ ਨੂੰ ਹੀ ਸਿੱਖ ਮੰਨਣ ਲਈ ਤਿਆਰ ਹਨ ਜੋ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦਾ ਹੈ ਤੇ ਫਿਰ ਅਕਾਲ ਪੁਰਖ ਵਾਹਿਗੁਰ ਦੀ ਸਿਫਤ ਸਲਾਹ, ਉਸ ਦੇ ਨਾਮ ਸਿਮਰਨ ਵਿਚ ਜੁੜ ਜਾਂਦਾ ਹੈ। ਇਸ ਲਈ ਜਿਸ ਵੀ ਮਨੁੱਖ ਨੇ ਆਪਣੇ ਆਪ ਨੂੰ ਸਿੱਖ ਅਖਵਾਉਣਾ ਹੈ ਉਸ ਵਾਸਤੇ ਅੰਮ੍ਰਿਤ ਵੇਲੇ ਉੱਠਣਾ ਤੇ ਆਤਮਿਕ ਰਹਿਤ ਰੱਖਣੀ ਉਤਨੀ ਹੀ ਜ਼ਰੂਰੀ ਹੈ, ਜਿੰਨੀ ਕਿ ਪੰਜ ਕਕਾਰਾਂ ਦੀ ਰਹਿਤ ਰੱਖਣੀ।

ਅੰਮ੍ਰਿਤ ਵੇਲਾ ਐਸਾ ਸਮਾਂ ਹੈ ਜਦੋਂ ਮਨੁੱਖ ਦਾ ਮਨ ਇਕਾਗਰ ਹੁੰਦਾ ਹੈ ਤੇ ਪਰਮਾਤਮਾ ਦੀ ਯਾਦ ਵਿਚ ਸਹਿਜੇ ਹੀ ਜੁੜ ਸਕਦਾ ਹੈ। ਫਿਰ ਜਿਵੇਂ-ਜਿਵੇਂ ਦਿਨ ਚੜ੍ਹਦਾ ਹੈ, ਮਨੁੱਖ ਦੇ ਮਨ ਦੀ ਬਿਰਤੀ ਖਿੱਲਰ ਜਾਂਦੀ ਹੈ। ਮਨ ਕਈ ਪਾਸੇ ਦੌੜਨਾ ਸ਼ੁਰੂ ਕਰ ਦਿੰਦਾ ਹੈ। ਮਨੁੱਖ ਦੁਨੀਆ ਦੇ ਧੰਦਿਆਂ ਵਿਚ ਐਸਾ ਖੱਚਿਤ ਹੋ ਜਾਂਦਾ ਹੈ ਕਿ ਫਿਰ ਉਨ੍ਹਾਂ ਵਿੱਚੋਂ, ਉਸ ਦਾ ਨਿਕਲਣਾ ਔਖਾ ਹੋ ਜਾਂਦਾ ਹੈ। ਦਿਨ ਚੜ੍ਹੇ ਭੁੱਖ ਅਤੇ ਤੇਹ ਨੇ ਵੀ ਚਮਕਣਾ ਹੋਇਆ। ਇਸ ਤਰ੍ਹਾਂ ਖਾਣ-ਪੀਣ ਦਾ ਰੁਝੇਵਾਂ ਵੀ ਬਣਨਾ ਕੁਦਰਤੀ ਗੱਲ ਹੈ। ਸਾਰਾ ਦਿਨ ਮਨੁੱਖ ਕੰਮ-ਕਾਰ ਕਰਦਾ ਹੈ। ਕੰਮ-ਕਾਰ ਵਿਚ ਥਕਾਵਟ ਵੀ ਹੁੰਦੀ ਹੈ। ਇਸ ਥਕਾਵਟ ਦੇ ਕਾਰਨ ਮਨੁੱਖ ਨੂੰ ਐਸੀ ਨੀਂਦਰ ਆਉਂਦੀ ਹੈ ਕਿ ਰਾਤ ਸੁੱਤਿਆਂ ਹੀ ਬੀਤ ਜਾਂਦੀ ਹੈ। ਸੋ ਸਾਰੇ ਸਮਿਆਂ ਵਿਚ ਇਕ 'ਅੰਮ੍ਰਿਤ ਵੇਲਾ' ਹੀ ਐਸਾ ਸਮਾਂ ਹੈ, ਜਿਸ ਸਮੇਂ ਮਨੁੱਖ ਦਾ ਮਨ ਇਕਾਗਰ ਹੋ ਕੇ ਪਰਮਾਤਮਾ ਦੀ ਯਾਦ ਵਿਚ ਜੁੜ ਸਕਦਾ ਹੈ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ:

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥
ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)

ਭਾਵ ਜੋ ਮਨੁੱਖ ਸਵੇਰੇ ਅੰਮ੍ਰਿਤ ਵੇਲੇ ਹੀ ਪ੍ਰਭੂ ਦੀ ਸਿਫ਼ਤ-ਸਲਾਹ ਕਰਦੇ ਤੇ ਇਕ ਮਨ ਹੋ ਕੇ ਪ੍ਰਭੂ ਨੂੰ ਸਿਮਰਦੇ ਹਨ ਤੇ ਇਸ ਤਰ੍ਹਾਂ ਅੰਮ੍ਰਿਤ ਵੇਲੇ ਉੱਠ ਕੇ ਆਪਣੇ ਮਨ ਨਾਲ ਜੰਗ ਕਰਦੇ ਹੋਏ, ਆਲਸ ਵਿੱਚੋਂ ਨਿਕਲ ਕੇ ਬੰਦਗੀ ਦਾ ਆਹਰ ਕਰਦੇ ਹਨ, ਅਸਲ ਵਿਚ ਉਹੀ ਮਨੁੱਖ ਪੂਰੇ ਸ਼ਾਹ ਹਨ।

ਜਦੋਂ ਅੰਮ੍ਰਿਤ ਵੇਲੇ ਦਾ ਇਹ ਅਭਿਆਸ ਪੱਕਾ ਹੋ ਜਾਏ ਤਾਂ ਫਿਰ ਅੱਠੇ ਪਹਿਰ ਪਰਮਾਤਮਾ ਦੀ ਯਾਦ ਮਨ ਵਿਚ ਟਿਕੀ ਰਹਿੰਦੀ ਹੈ। ਅੰਮ੍ਰਿਤ ਵੇਲੇ ਦੀ ਕੀਤੀ ਇਸ ਕਮਾਈ ਦਾ ਸਦਕਾ, ਮਨੁੱਖ ਵਿਕਾਰਾਂ ਦੇ ਹੱਲਿਆਂ ਤੋਂ ਬਚਦਾ ਹੋਇਆ ਆਤਮਿਕ ਅਡੋਲਤਾ ਵਿਚ ਜਾ ਟਿਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)

ਜੋ ਵਿਧ ਜੀਵ ਦੀ ਪਰਮਾਤਮਾ ਨਾਲ ਬਣੀ ਹੋਈ ਹੈ. ਉਹ ਕਿਸੇ ਪੁੰਨ-ਦਾਨ ਕਰਨ ਨਾਲ ਨਹੀਂ ਮਿਟ ਸਕਦੀ। ਜੇ ਕੋਈ ਮਨੁੱਖ ਮਾਇਕ ਭੇਟਾ ਪੇਸ਼ ਕਰ ਕੇ ਪ੍ਰਭੂ ਨਾਲੋਂ ਆਪਣੀ ਵਿੱਥ ਮਿਟਾਉਣ ਦਾ ਯਤਨ ਕਰੇ ਤਾਂ ਉਹ ਆਪਣੇ ਮਨੋਰਥ ਵਿਚ ਸਫ਼ਲ ਨਹੀਂ ਹੋ ਸਕਦਾ। ਕਿਉਂਕਿ ਦਾਤਾਂ ਤਾਂ ਸਾਰੀਆਂ ਉਸ ਪਰਮਾਤਮਾ ਦੀਆਂ ਹੀ ਦਿੱਤੀਆਂ ਹੋਈਆਂ ਹਨ। ਵਿੱਥ ਮਿਟਾਉਣ ਦਾ ਇੱਕੋ ਇੱਕ ਵਸੀਲਾ ਹੈ, ਅੰਮ੍ਰਿਤ ਵੇਲੇ

ਉਠ ਕੇ ਪ੍ਰਭੂ ਦੇ ਨਾਮ-ਸਿਮਰਨ ਵਿਚ ਜੁੜਨਾ ਤੇ ਉਸ ਦੀ ਸਿਫ਼ਤ-ਸਲਾਹ ਕਰਨੀ। ਜੋ ਮਨੁੱਖ ਐਸੀ ਕਾਰ ਕਰਦਾ ਹੈ ਉਸ 'ਤੇ ਪ੍ਰਭੂ ਦੀ ਬਖ਼ਸ਼ਿਸ਼ ਹੁੰਦੀ ਹੈ ਤੇ ਉਸ ਨੂੰ ਪ੍ਰੇਮ-ਪਟੋਲਾ ਮਿਲਦਾ ਹੈ ਜਿਸ ਨਾਲ ਮਨੁੱਖ,ਪ੍ਰਭੂ ਨੂੰ ਸਾਰਿਆਂ ਵਿਚ ਵਸਦਾ ਵੇਖਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜਪੁ ਜੀ ਸਾਹਿਬ ਵਿਚ ਅੰਮ੍ਰਿਤ ਵੇਲੇ ਦੀ ਮਹਾਨਤਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨)*

ਜੋ ਮਨੁੱਖ ਅੰਮ੍ਰਿਤ ਵੇਲੇ ਨੂੰ ਨਹੀਂ ਸੰਭਾਲਦੇ, ਉਹ ਆਲਸੀ ਹੁੰਦੇ ਹਨ। ਉਨ੍ਹਾਂ ਦਾ ਮਨ ਬਾਣੀ ਪੜ੍ਹਨ, ਸੁਣਨ ਵਿਚ ਨਹੀਂ ਲਗਦਾ। ਜੇ ਮਨ ਹੀ ਨਾ ਜੁੜਿਆ - ਤਾਂ ਰਸ ਕਿੱਥੋਂ ਆਉਣਾ ਹੋਇਆ ? ਗੁਰੂ ਅਰਜਨ ਸਾਹਿਬ ਨੇ ਸਰੀਰਕ ਰੋਗ ਤੇ ਮਾਨਸਿਕ ਰੋਗ, ਦੋਹਾਂ ਦਾ ਇਲਾਜ ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਦੀ ਸਿਫ਼ਤ-ਸਲਾਹ ਕਰਨ ਨੂੰ ਹੀ ਦੱਸਿਆ ਹੈ। ਆਪ ਫੁਰਮਾਉਂਦੇ ਹਨ:

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੫)*

ਅੰਮ੍ਰਿਤ ਵੇਲੇ ਦਾ ਨਜ਼ਾਰਾ ਕੁਦਰਤੀ ਤੌਰ 'ਤੇ ਅਜਿਹਾ ਹੁੰਦਾ ਹੈ ਕਿ ਮਨ ਦੀ ਇਕਾਗਰਤਾ ਆਪਣੇ ਆਪ ਬਣਦੀ ਹੈ। ਅਜਿਹੇ ਸੁਹਾਵਣੇ ਸਮੇਂ ਜਦੋਂ ਪੰਛੀ ਚਹਿਕਦੇ ਹਨ, ਮਨੁੱਖਾਂ ਦੀ ਆਵਾਜਾਈ ਜਾਂ ਆਮ ਰੌਲਾ-ਗੌਲਾ ਬਿਲਕੁਲ ਨਹੀਂ ਹੁੰਦਾ। ਇਸ ਇਕਾਂਤ ਸਮੇਂ ਪੰਛੀਆਂ ਦਾ ਚਹਿਕਣਾ ਮਨ ਨੂੰ ਸੁਹਾਵਣਾ ਲੱਗਦਾ ਹੈ। ਕੁਦਰਤ ਵੱਲੋਂ ਇਨ੍ਹਾਂ ਪੰਛੀਆਂ ਦੇ ਰਾਹੀਂ ਇਨਸਾਨ ਨੂੰ ਇਹ ਪ੍ਰੇਰਨਾ ਦਿੱਤੀ ਗਈ ਹੈ ਕਿ ਪਹੁ-ਫੁਟਾਲੇ ਦਾ ਸਮਾਂ ਸੁੱਤੇ ਰਹਿਣ ਦਾ ਨਹੀਂ ਹੈ। ਇਹ ਸਮਾਂ ਪ੍ਰਭੂ ਦੀ ਯਾਦ ਵਿਚ ਜੁੜਨ ਦਾ ਹੈ। ਇਸ ਸਮੇਂ ਪ੍ਰਭੂ ਦੇ ਸੱਚੇ ਪਿਆਰ ਦੇ ਤਰੰਗ ਮਨੁੱਖ ਦੇ ਮਨ ਵਿਚ ਉਠ ਸਕਦੇ ਹਨ। ਗੁਰੂ ਅਰਜਨ ਸਾਹਿਬ ਜੀ ਦਾ ਫੁਰਮਾਨ ਹੈ:

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੯)

ਜਿਵੇਂ ਤ੍ਰੇਲ ਭਿੱਜੀ ਰਾਤ ਨੂੰ ਆਕਾਸ਼ ਵਿਚ ਤਾਰੇ ਡਲ੍ਹਕਾਂ ਮਾਰਦੇ ਹਨ, ਇਸੇ ਤਰ੍ਹਾਂ ਜੋ ਪਰਮਾਤਮਾ ਦੇ ਪ੍ਰੇਮ ਵਿਚ ਭਿੱਜੇ ਹੋਏ ਹਿਰਦੇ ਹਨ, ਉਹ ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ-ਸਿਮਰਨ ਦਾ ਅਭਿਆਸ ਕਰਦੇ ਹਨ। ਇਸ ਅਭਿਆਸ ਦਾ ਸਦਕਾ ਉਨ੍ਹਾਂ ਅੰਦਰ ਅਜਿਹੇ ਆਤਮਿਕ ਗੁਣ ਲਿਸ਼ਕਾਂ ਮਾਰਦੇ ਹਨ, ਜਿਨ੍ਹਾਂ ਸਦਕਾ ਵਿਕਾਰਾਂ ਦੇ ਹੱਲੇ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ। ਅਜਿਹੇ ਗੁਰਮੁਖ-ਜਨ ਹਰ ਸਮੇਂ

ਵਿਕਾਰਾਂ ਵੱਲੋਂ ਸੁਚੇਤ ਰਹਿੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੯)

ਜਿਵੇਂ ਹਰ ਇਕ ਫ਼ਸਲ ਦੇ ਬੀਜਣ ਦਾ ਸਮਾਂ ਵੱਖੋ-ਵੱਖਰਾ ਹੁੰਦਾ ਹੈ ਤੇ ਜੇਕਰ ਫ਼ਸਲ ਠੀਕ ਸਮੇਂ ਸਿਰ ਨਾ ਬੀਜੀ ਜਾਏ ਤਾਂ ਕਿਸਾਨ ਨੂੰ ਉਸ ਦਾ ਪੂਰਾ-ਪੂਰਾ ਲਾਭ ਨਹੀਂ ਹੋ ਸਕਦਾ, ਇਸੇ ਤਰ੍ਹਾਂ ਨਾਮ ਦਾ ਬੀਜ ਬੀਜਣ ਵਾਸਤੇ ਅਨੁਕੂਲ ਸਮਾਂ ਅੰਮ੍ਰਿਤ ਵੇਲਾ ਹੀ ਹੈ। ਅੰਮ੍ਰਿਤ ਵੇਲੇ ਦਾ ਬੀਜਿਆ ਹੋਇਆ ਇਹ ਨਾਮ ਬੀਜ ਇੰਨਾ ਪ੍ਰਫੁਲਿਤ ਹੁੰਦਾ ਹੈ ਕਿ ਫਿਰ ਮਨੁੱਖ ਨੂੰ ਆਤਮਿਕ ਭੋਜਨ ਦੀ ਤੋਟ-ਘਾਟ ਨਹੀਂ ਆਉਂਦੀ। ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:

ਹਰਿ ਧਨੁ ਰਤਨੁ ਜਵੇਹਰੁ ਮਾਣਕੁ
ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ
ਹਰਿ ਭਗਤੀ ਹਰਿ ਲਿਵ ਲਾਈ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥
ਹਲਤਿ ਪਲਤਿ ਹਰਿ ਧਨੈ ਕੀ
ਭਗਤਾ ਕਉ ਮਿਲੀ ਵਡਿਆਈ॥੩॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੪)*

ਭਗਤ ਸੇਖ ਫਰੀਦ ਜੀ ਵੀ ਮਨੁੱਖ ਨੂੰ ਅੰਮ੍ਰਿਤ ਵੇਲੇ ਉੱਠਣ ਵਾਸਤੇ ਪ੍ਰੇਰਨਾ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਜੋ ਮਨੁੱਖ ਅੰਮ੍ਰਿਤ ਵੇਲੇ ਨਹੀਂ ਜਾਗਦਾ, ਉਹ ਮਨੁੱਖ ਜੀਉਂਦਿਆਂ ਵਿਚ ਨਹੀਂ ਗਿਣਿਆ ਜਾ ਸਕਦਾ। ਅਜਿਹਾ ਮਨੁੱਖ ਮਰਿਆ ਹੋਇਆ ਹੀ ਸਮਝਣਾ ਚਾਹੀਦਾ ਹੈ, ਕਿਉਂ ਅਜਿਹਾ ਮਨੁੱਖ ਵੇਖਣ ਨੂੰ ਤਾਂ ਜੀਊਂਦਾ ਹੈ, ਪਰ ਅਸਲ ਵਿਚ ਉਸ ਨੇ ਆਤਮਿਕ ਮੌਤ ਸਹੇੜੀ ਹੋਈ ਹੈ। ਅਜਿਹਾ ਮਨੁੱਖ ਬੇਸ਼ਕ ਪਰਮਾਤਮਾ ਨੂੰ ਭੁਲਾ ਬੈਠਾ ਹੈ, ਪਰ ਪਰਮਾਤਮਾ ਤਾਂ ਮਨੁੱਖ ਦੇ ਕੀਤੇ ਹੋਏ ਅਮਲਾਂ ਨੂੰ ਚੰਗੀ ਤਰ੍ਹਾਂ ਵੇਖ ਰਿਹਾ ਹੈ। ਭਗਤ ਜੀ ਫੁਰਮਾਉਂਦੇ ਹਨ:

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥੧੦੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੩)

ਸੋ ਆਤਮਿਕ ਮੌਤ ਤਦੋਂ ਹੀ ਦੂਰ ਹੋ ਸਕਦੀ ਹੈ, ਜੇਕਰ ਮਨੁੱਖ ਆਤਮਿਕ ਜੀਵਨ ਦੇ ਸੋਮੇ ਪਰਮਾਤਮਾ ਨਾਲ ਜੁੜ ਕੇ ਆਪਣਾ ਆਪਾ ਲੀਨ ਕਰੇ। ਇਸ ਉੱਦਮ

ਵਾਸਤੇ ਅਸਲ ਵਕਤ ਹੈ, 'ਅੰਮ੍ਰਿਤ ਵੇਲਾ'। ਸਵੇਰੇ ਦੇ ਚੌਥੇ ਪਹਿਰ ਦਾ ਇਹ ਸਮਾਂ ਗੁਰਮੁਖਾਂ ਲਈ ਬੜੀ ਮਹਾਨਤਾ ਵਾਲਾ ਹੈ, ਕਿਉਂਕਿ ਇਸ ਸਮੇਂ ਉਨ੍ਹਾਂ ਦੇ ਮਨ ਵਿਚ ਨਉ ਨਿਧਿ ਨਾਮ ਲਈ ਚਾਉ ਪੈਦਾ ਹੁੰਦਾ ਹੈ। ਇਸ ਸਮੇਂ ਉਨ੍ਹਾਂ ਦੀ ਸਾਂਝ ਅਜਿਹੇ ਗੁਰਮੁਖਾਂ ਨਾਲ ਹੁੰਦੀ ਹੈ ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦੀ ਸਿਫਤ-ਸਲਾਹ ਦਾ ਪ੍ਰਵਾਹ ਚੱਲ ਰਿਹਾ ਹੁੰਦਾ ਹੈ। ਅਜਿਹੇ ਗੁਰਮੁਖਾਂ ਦੇ ਮਨ ਵਿਚ ਤੇ ਰਸਨਾ ਉੱਪਰ ਵੀ ਪਰਮਾਤਮਾ ਦਾ ਸੱਚਾ ਨਾਮ ਹੀ ਵੱਸਦਾ ਹੈ। ਅੰਮ੍ਰਿਤ ਵੇਲੇ ਦਾ ਸਮਾਂ ਐਸਾ ਸਮਾਂ ਹੈ ਜਦੋਂ ਸਤਿਸੰਗ ਵਿਚ ਨਾਮ ਅੰਮ੍ਰਿਤ ਦੀ ਦਾਤ ਮਿਲਦੀ ਹੈ। ਜਿਵੇਂ ਸੋਨੇ ਨੂੰ ਕੁਠਾਲੀ ਵਿਚ ਪਾ ਕੇ ਤਾਉ ਦੇ ਕੇ ਸ਼ੁਧ ਕਰ ਲਈਦਾ ਹੈ, ਇਸੇ ਤਰ੍ਹਾਂ ਅੰਮ੍ਰਿਤ ਵੇਲੇ ਦੀ ਕੀਤੀ ਹੋਈ ਕਰੜੀ ਘਾਲ-ਕਮਾਈ ਗੁਰਮੁਖਾਂ ਦੇ ਸਰੀਰ ਨੂੰ ਸ਼ੁੱਧ ਕਰਦੀ ਹੈ ਤੇ ਵਿਕਾਰਾਂ ਦੇ ਖੋਟ ਨੂੰ ਦੂਰ ਕਰਦੀ ਹੈ। ਉਨ੍ਹਾਂ ਉੱਪਰ ਭਗਤੀ ਦਾ ਐਸਾ ਸੋਹਣਾ ਰੰਗ ਚੜ੍ਹਦਾ ਹੈ ਕਿ ਉਹ ਗੁਰਮੁਖ-ਜਨ ਸਾਧ ਸੰਗਤ ਵਿਚ ਸ਼ੋਭਾ ਪਾਉਂਦੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ:

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੯)

ਜਦੋਂ ਜੀਵ ਰੂਪੀ ਪਪੀਹਾ ਅੰਮ੍ਰਿਤ ਵੇਲੇ ਪਰਮਾਤਮਾ ਦੇ ਦਰ 'ਤੇ ਅਰਜੋਈ ਕਰਦਾ ਹੈ ਤਾਂ ਉਸ ਦੀ ਅਰਦਾਸ ਪ੍ਰਭੂ ਦੀ ਦਰਗਾਹ ਵਿਚ ਸੁਣੀ ਜਾਂਦੀ ਹੈ। ਪ੍ਰਭੂ ਵੱਲੋਂ ਗੁਰੂ ਰੂਪੀ ਬੱਦਲ ਨੂੰ ਹੁਕਮ ਹੁੰਦਾ ਹੈ, ਕਿ ਇਸ ਅਰਜੋਈ ਕਰਨ ਵਾਲੇ ਜੀਵ-ਰੂਪੀ ਪਪੀਹੇ ਉੱਤੇ ਮਿਹਰ ਕਰੋ ਤੇ ਨਾਮ ਅੰਮ੍ਰਿਤ ਜਲ ਦੀ ਵਰਖਾ ਕਰੋ ! ਜਦੋਂ ਜੀਵ-ਪਪੀਹੇ ਨੂੰ ਅੰਮ੍ਰਿਤ-ਬੂੰਦ ਮਿਲਦੀ ਹੈ ਤਾਂ ਉਹ ਤ੍ਰਿਪਤ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੫)

ਮਨ ਨੂੰ ਇਕਾਗਰ ਕਰ ਕੇ ਪ੍ਰਭੂ ਭਗਤੀ ਵਿਚ ਲਾਉਣ ਲਈ ਅੰਮ੍ਰਿਤ ਵੇਲੇ ਦਾ ਸਮਾਂ ਸਭ ਤੋਂ ਉੱਤਮ ਸਮਾਂ ਹੈ। ਮਨੁੱਖ ਦਾ ਜੰਮਣ-ਮਰਨ ਦਾ ਗੇੜ ਤਾਂ ਹੀ ਕੱਟਿਆ ਜਾ ਸਕਦਾ ਹੈ ਜੇ ਮਨੁੱਖ ਹਰ ਵੇਲੇ ਪਰਮਾਤਮਾ ਨਾਲ ਜੁੜਿਆ ਰਹੇ। ਹਰ ਸਮੇਂ ਜੁੜ

ਸਕਣਾ ਤਦ ਹੀ ਸੰਭਵ ਹੈ ਜੇ ਮਨੁੱਖ ਅੰਮ੍ਰਿਤ ਵੇਲੇ ਜੁੜਨ ਦੀ ਦਾਤ ਦੀ ਪ੍ਰਾਪਤੀ ਕਰੇ। ਸ੍ਰੀ ਗੁਰੂ ਅਰਜਨ ਸਾਹਿਬ ਐਸੀ ਪ੍ਰੇਰਨਾ ਕਰਦੇ ਹੋਏ ਫੁਰਮਾਉਂਦੇ ਹਨ:

– ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ॥
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੯੯)
– ਪ੍ਰਾਤਹਕਾਲਿ ਹਰਿ ਨਾਮੁ ਉਚਾਰੀ॥
ਈਤ ਊਤ ਕੀ ਓਟ ਸਵਾਰੀ॥੧॥
ਸਦਾ ਸਦਾ ਜਪੀਐ ਹਰਿ ਨਾਮ॥
ਪੂਰਨ ਹੋਵਹਿ ਮਨ ਕੇ ਕਾਮ॥੧॥ ਰਹਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੩)

ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ:

ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩੦)

ਭਾਈ ਗੁਰਦਾਸ ਜੀ ਨੇ ਵੀ ਸਿਫ਼ਤ-ਸਲਾਹ ਕਰਨ ਦਾ ਉੱਤਮ ਸਮਾਂ ਅੰਮ੍ਰਿਤ ਵੇਲਾ ਹੀ ਦੱਸਿਆ ਹੈ। ਆਪ ਜੀ ਦੱਸਦੇ ਹਨ:

ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ॥ (ਵਾਰ ੭:੨੦)

ਭਾਈ ਸਾਹਿਬ ਬਚਨ ਕਰਦੇ ਹਨ ਕਿ ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਜਾਂਦਾ ਹਾਂ ਜੋ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰ ਕੇ, ਸਾਵਧਾਨ ਹੋ ਕੇ ਅਕਾਲ ਪੁਰਖ ਨਾਲ ਜੁੜ ਜਾਂਦੇ ਹਨ। ਭਾਈ ਸਾਹਿਬ ਜੀ ਵਾਰਾਂ ਵਿਚ ਫੁਰਮਾਉਂਦੇ ਹਨ:

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ॥
(ਵਾਰ ੧੨ : ੨)

ਸੋ ਸਾਡਾ ਫਰਜ਼ ਬਣਦਾ ਹੈ ਕਿ ਉਪਰੋਕਤ ਪ੍ਰਮਾਣਾਂ ਅਨੁਸਾਰ ਅੰਮ੍ਰਿਤ ਵੇਲੇ ਦੀ ਮਹਾਨਤਾ ਨੂੰ ਸਮਝੀਏ ਤੇ ਅੰਮ੍ਰਿਤ ਵੇਲੇ ਉੱਠਣ ਦੇ ਨੇਮ ਨੂੰ ਆਪਣੇ ਜੀਵਨ ਵਿਚ ਪੱਕਾ ਕਰੀਏ।

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਗਿਆਨੀ ਦਿੱਤ ਸਿੰਘ ਰਚਿਤ 'ਨਕਲੀ ਸਿੱਖ ਪ੍ਰਬੋਧ'

*-ਡਾ. ਸੁਖਜਿੰਦਰ ਕੌਰ**

ਗਿਆਨੀ ਦਿੱਤ ਸਿੰਘ ਜੀ ਉਹ ਸ਼ਖ਼ਸੀਅਤ ਸਨ ਜਿੰਨ੍ਹਾਂ ਨੇ ਸਿੱਖਾਂ ਦੇ ਔਖੇ ਸਮੇਂ ਅਪਣੀ ਅਵਾਜ਼ ਬੁਲੰਦ ਕੀਤੀ। ਉਨ੍ਹਾਂ ਦੇ ਜੀਵਨ ਦੀ ਸ਼ੁਰੂਆਤ ਭਾਵੇਂ ਕਿਸੇ ਵੀ ਸੰਸਥਾ ਨਾਲ ਹੋਈ ਪਰ ਬਾਅਦ ਵਿਚ ਉਨ੍ਹਾਂ ਨੇ 'ਸਿੰਘ ਸਭਾ ਲਹਿਰ' ਨਾਲ ਜੁੜ ਕੇ ਸਿੱਖ ਧਰਮ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਅਹਿਮ ਭੂਮਿਕਾ ਨਿਭਾਈ। ਗਿਆਨੀ ਦਿੱਤ ਸਿੰਘ ਸਿੱਖੀ ਅਤੇ ਸਿੱਖ ਰਹਿਤ ਪ੍ਰਤੀ ਚੈਤੰਨ ਸਨ, ਇਸੇ ਕਰਕੇ ਉਨ੍ਹਾਂ ਨੇ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਰਾਹੀਂ ਸਿੱਖ ਵਿਚਾਰਧਾਰਾ ਨੂੰ ਸਿੱਖਾਂ ਤਕ ਪਹੁੰਚਾਇਆ ਤਾਂ ਜੋ ਉਨ੍ਹਾਂ ਨੂੰ ਆਪਣੇ ਧਰਮ ਦੀ ਸ੍ਰੇਸ਼ਠਤਾ ਦਾ ਪਤਾ ਲੱਗ ਸਕੇ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਈਸਾਈ ਮਿਸ਼ਨਰੀਆਂ ਦਾ ਬੋਲਬਾਲਾ ਸੀ। ਈਸਾਈ ਮਿਸ਼ਨਰੀ ਆਪਣੇ ਧਰਮ ਨੂੰ ਫੈਲਾਉਣ ਹਿੱਤ ਸਿੱਖਾਂ ਨੂੰ ਕਈ ਤਰ੍ਹਾਂ ਦੇ ਲਾਲਚ ਦਿੰਦੇ ਸਨ। ਇਨ੍ਹਾਂ ਨੇ ਆਪਣੇ ਧਰਮ ਦੇ ਪ੍ਰਸਾਰ ਲਈ ਕਈ ਲੋਕ ਭਲਾਈ ਦੇ ਕੰਮ ਸ਼ੁਰੂ ਕਰ ਦਿੱਤੇ ਸਨ ਜਿਵੇਂ- ਹਸਪਤਾਲ, ਯਤੀਮਖਾਨੇ ਅਤੇ ਸਕੂਲ, ਕਾਲਜ ਆਦਿ। ਇਸਾਈ ਮਿਸ਼ਨਰੀਆਂ ਦੇ ਪ੍ਰਭਾਵ ਤਹਿਤ ਕਈ ਸਿੱਖ ਨੌਜਵਾਨਾਂ ਨੇ ਆਪਣਾ ਧਰਮ ਬਦਲਣ ਦਾ ਵਿਚਾਰ ਬਣਾ ਲਿਆ ਸੀ। ਇਸ ਸੰਬੰਧ ਵਿਚ ਗਿਆਨੀ ਦਿੱਤ ਸਿੰਘ ਦਾ ਇਹ ਕਥਨ ਵਿਚਾਰਨਯੋਗ ਹੈ- "ਈਸਾਈ ਮਿਸ਼ਨਰੀਆਂ ਨੂੰ ਵੱਡੀ ਸਫਲਤਾ ਓਦੋਂ ਦਿੱਸਣ ਲਗੀ ਜਦੋਂ ਖ਼ਾਲਸਾ ਦਰਬਾਰ ਦੀ ਸਵਾ ਕ੍ਰੋੜ ਸਮਝੀ ਜਾਂਦੀ ਗਿਣਤੀ ਪਿਚਕ ਕੇ ਵੀਹ ਲੱਖ ਰਹਿ ਗਈ। ਜਾਪਦਾ ਇਉਂ ਸੀ ਕਿ ਬਸ ਆਖਰੀ ਹੰਭਲਾ ਮਾਰਨਾ ਹੀ ਬਾਕੀ ਹੈ ਤੇ ਰਹਿੰਦੇ ਵੀਹ ਲੱਖ ਸਿੱਖ ਵੀ ਖਤਮ ਹੋ ਜਾਣਗੇ। ਮੁੱਖ ਢੰਗ ਇੱਕੋ ਸੀ, ਸਿੱਖ ਅਮੀਰਾਂ ਅਤੇ ਸਰਦੇ, ਪੁਜਦੇ ਘਰਾਣਿਆਂ ਨੂੰ ਈਸਾਈ ਬਣਾ ਲਿਆ ਜਾਵੇ। ਤਰਨਤਾਰਨ, ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਅਤੇ ਬੁੰਗਿਆਂ 'ਚ ਈਸਾਈ ਪਰਚਾਰਕ ਆਸਨ ਜਮਾਈ ਬੈਠੇ ਸਨ। ਹਰਿਮੰਦਰ ਸਾਹਿਬ ਨੂੰ ਮੁੱਲ ਖਰੀਦ ਲੈਣ ਦੀ ਪੁਜਾਰੀਆਂ ਨਾਲ ਗੱਲਬਾਤ ਚੱਲ ਰਹੀ ਸੀ ਤਾਂ ਜੁ ਇਸ ਥਾਂ ਗਿਰਜਾ ਬਣਾਇਆ ਜਾਵੇ।"[੧] ਉਸ ਸਮੇਂ ਵਾਪਰੀਆਂ ਘਟਨਾਵਾਂ ਵਿੱਚੋਂ ਇਹ ਇਕ ਹੀ ਘਟਨਾ ਕਾਫੀ ਹੈ ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖ ਧਰਮ ਅਤੇ ਉਸ ਦੇ ਪਵਿੱਤਰ ਅਸਥਾਨਾਂ ਨੂੰ ਈਸਾਈਆਂ ਵੱਲੋਂ ਕਿਸੇ ਵੀ ਕੀਮਤ ਤੇ ਘੇਰਣ ਦਾ ਯਤਨ ਕੀਤਾ ਜਾ ਰਿਹਾ ਸੀ। ਇਹ ਸਿੱਖ ਸਮੁਦਾਇ, ਸਿੱਖ

* ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ-੨੬, ਚੰਡੀਗੜ੍ਹ। ਮੋ. ੯੯੧੪੫-੪੭੫੭੩

ਚਿੰਤਕਾਂ ਲਈ ਬਹੁਤ ਵੱਡਾ ਝਟਕਾ ਸੀ ਕਿਉਂ ਜੋ ਉਨ੍ਹਾਂ ਦੇ ਅਸਤਿਤਵ ਨੂੰ ਮਿਟਾਏ ਜਾਣ ਦੀ ਤਿਆਰੀ ਹੋ ਰਹੀ ਸੀ। ਅਜਿਹੇ ਸਮੇਂ 'ਸਿੰਘ ਸਭਾ ਲਹਿਰ' ਦਾ ਰੋਲ ਮੁੱਖ ਤੌਰ 'ਤੇ ਸਾਹਮਣੇ ਆਉਂਦਾ ਹੈ ਅਤੇ ਇਸ ਨਾਲ ਜੁੜੇ ਚਿੰਤਕਾਂ ਦਾ ਵੀ। ਗਿਆਨੀ ਦਿੱਤ ਸਿੰਘ ਸਿੰਘ ਸਭਾ ਲਹਿਰ ਦੇ ਅਜਿਹੇ ਚਿੰਤਕਾਂ ਵਿੱਚੋਂ ਇਕ ਸਨ ਜਿਨ੍ਹਾਂ ਨੇ ਈਸਾਈ ਮਿਸ਼ਨ ਦੀ ਅਸਲੀਅਤ ਨੂੰ ਸਾਹਮਣੇ ਲਿਆ ਕੇ ਲੋਕਾਂ ਨੂੰ ਜਾਗਰੂਕ ਕੀਤਾ। ਗਿਆਨੀ ਦਿੱਤ ਸਿੰਘ ਨੇ 'ਖ਼ਾਲਸਾ ਅਖ਼ਬਾਰ' ਰਾਹੀਂ ਅਤੇ ਆਪਣੇ ਲੇਖਾਂ ਤੇ ਭਾਸ਼ਣਾਂ ਰਾਹੀਂ ਇਸ ਪਾਜ ਨੂੰ ਉਘਾੜਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

ਗਿਆਨੀ ਦਿੱਤ ਸਿੰਘ ਆਪਣੇ ਪਹਿਲੇ ਸਮੇਂ ਆਰੀਆ ਸਮਾਜ/ਲਹਿਰ ਦੇ ਸਮਰਥਕ ਸਨ, ਕਿਉਂਕਿ ਇਹ ਮੁੱਖ ਤੌਰ 'ਤੇ ਸਮਾਜ-ਸੁਧਾਰਕ ਲਹਿਰ ਸੀ। ਸਮਾਜ ਸੁਧਾਰ ਦੇ ਨਾਲ-ਨਾਲ ਇਸ ਲਹਿਰ ਦਾ ਆਸ਼ਾ ਫੋਕੇ ਰੀਤੀ ਰਿਵਾਜਾਂ ਦਾ ਖੰਡਨ ਕਰਨਾ ਵੀ ਸੀ। ਇਹ ਲਹਿਰ ਹਿੰਦੂ ਧਰਮ ਦੇ ਪ੍ਰਚਲਿਤ ਉਸ ਵਿਧੀ-ਵਿਧਾਨ ਦੇ ਵਿਰੋਧ ਵਿਚ ਵੀ ਸੀ ਜੋ ਅੰਧ-ਵਿਸ਼ਵਾਸਾਂ ਨਾਲ ਜੁੜੇ ਹੋਏ ਸਨ। ਇਸ ਲਹਿਰ ਦਾ ਮੁੱਖ ਪ੍ਰਕਾਰਜ ਲੋਕਾਂ ਨੂੰ ਧਰਮ ਦੇ ਅਸਲੀ/ਸਹੀ ਸਿਧਾਤਾਂ ਨਾਲ ਜੋੜਨਾ ਸੀ। ਗਿਆਨੀ ਦਿੱਤ ਸਿੰਘ ਦੇ ਇਸ ਲਹਿਰ ਨਾਲ ਜੁੜੇ ਹੋਣ ਦਾ ਵੱਡਾ ਕਾਰਨ ਇਹ ਵੀ ਸੀ ਕਿ ਇਸ ਲਹਿਰ ਦਾ ਹਰ ਪ੍ਰੋਗਰਾਮ ਗੁਰਬਾਣੀ ਦੇ ਸ਼ਬਦ ਨਾਲ ਸ਼ੁਰੂ ਹੁੰਦਾ ਸੀ। ਜਿਸ ਦਿਨ ਗਿਆਨੀ ਜੀ ਨੇ ਆਰੀਆ ਸਮਾਜ ਵਿਚ ਪ੍ਰਵੇਸ਼ ਕੀਤਾ ਉਸ ਦਿਨ ਉਨ੍ਹਾਂ ਰਬਾਬੀਆਂ ਪਾਸੋਂ ਭੈਰਵੀ ਰਾਗ ਵਿਚ *ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ* ਸਬਦ ਸੁਣਿਆ।[੨] ਸਮੇਂ ਦੇ ਬੀਤਣ ਨਾਲ ਇਸ ਆਰੀਆ ਸਮਾਜੀ ਲਹਿਰ ਦਾ ਮੁਹਾਂਦਰਾ ਸਵੈ ਤਕ ਸੀਮਤ ਹੋਣਾ ਸ਼ੁਰੂ ਹੋ ਗਿਆ ਸੀ। ਆਰੀਆ ਸਮਾਜੀ ਗੁਰੂ ਸਾਹਿਬਾਨ ਪ੍ਰਤੀ ਭੱਦੀ ਸ਼ਬਦਾਵਲੀ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੇ ਸਨ। ਸਵਾਮੀ ਦਯਾਨੰਦ ਨੇ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਵੀ ਅਪਮਾਨਜਨਕ ਸ਼ਬਦ ਬੋਲੇ। 'ਆਰੀਆ ਸਮਾਚਾਰ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਸੀ।

ਗਿਆਨੀ ਦਿੱਤ ਸਿੰਘ ਇਸ ਸੰਸਥਾ ਦੇ ਮਕਸਦ ਤੋਂ ਕਾਫੀ ਵਾਕਿਫ ਹੋ ਚੁਕੇ ਸਨ।ਇਸੇ ਕਰਕੇ ਇਕ ਪ੍ਰੋਗਰਾਮ ਤਹਿਤ ਗੁਰੂ ਸਾਹਿਬ ਬਾਰੇ ਕੀਤੀਆਂ ਗ਼ਲਤ ਟਿੱਪਣੀਆਂ ਕਾਰਨ ਉਹ ਉੱਥੋਂ ਉੱਠ ਕੇ ਆ ਗਏ ਸਨ। 'ਸਿੱਖਾਂ ਅਤੇ ਹਿੰਦੂਆਂ ਵਿਚਕਾਰ ਇਹ ਘਟਨਾ ਭਾਰੀ ਖਿਚਾਉ ਦਾ ਕਾਰਨ ਬਣੀ'[੩] ਇਸ ਖਿਚਾਉ ਦੇ ਮੱਦੇ-ਨਜ਼ਰ ਅਤੇ ਆਰੀਆ ਸਮਾਜ ਵੱਲੋਂ ਕੀਤੇ ਸਿੱਖੀ 'ਤੇ ਹਮਲਿਆਂ ਵਿਰੁੱਧ ਗਿਆਨੀ ਦਿੱਤ ਸਿੰਘ ਨੇ ਆਰੀਆ ਸਮਾਜ ਛੱਡਣ ਦਾ ਫੈਸਲਾ ਕੀਤਾ ਕਿਹਾ ਕਿ- ''ਸਾਨੂੰ ਬਹੁਤ ਦੁਖ ਹੋਇਆ ਕਿ ਆਰੀਆ ਸਮਾਜ ਨੇ ਇਹ ਪਾਲਸੀ ਧਾਰਨ ਕੀਤੀ ਹੈ। ਉਨ੍ਹਾਂ ਨੂੰ ਗੁਰੂ ਸਾਹਿਬਾਨ ਤੇ ਸਿੱਖਾਂ ਪ੍ਰਤੀ ਅਜਿਹੇ ਘਿਣਾਉਣੇ ਸ਼ਬਦ ਵਰਤ ਕੇ ਕੀ ਲਾਭ

ਪ੍ਰਾਪਤ ਹੋਵੇਗਾ? ਉਹ ਸਾਨੂੰ ਪਬਲਿਕ ਤੌਰ 'ਤੇ ਉਨ੍ਹਾਂ ਦੀ ਵਿਰੋਧਤਾ ਕਰਨ ਉੱਪਰ ਕਿਉਂ ਮਜਬੂਰ ਕਰਦੇ ਹਨ?...ਨਿਆਂ ਸਾਥੋਂ ਇਹ ਮੰਗ ਨਹੀਂ ਕਰਦਾ ਕਿ ਅਸੀਂ ਆਰੀਆ ਸਮਾਜ ਦੇ ਸੰਚਾਲਕਾਂ ਨੂੰ ਇਹ ਆਗਿਆ ਦੇਈਏ ਕਿ ਸਿੱਖ ਗੁਰੂ ਸਾਹਿਬਾਨ ਦੀ ਕੀਮਤ 'ਤੇ ਉਨ੍ਹਾਂ (ਆਰੀਆ ਸਮਾਜੀਆਂ) ਦੀ ਵਡਿਆਈ ਕੀਤੀ ਜਾਵੇ। ਇਸ ਦੀਵਾਨ ਵਿਚ ਸਿੱਖ ਆਗੂਆਂ, ਖਾਸ ਕਰ ਭਾਈ ਜਵਾਹਰ ਸਿੰਘ ਅਤੇ ਭਾਈ ਦਿੱਤ ਸਿੰਘ ਗਿਆਨੀ ਨੇ ਆਰੀਆ ਸਮਾਜ ਦੇ ਪਾਜ ਪੂਰੀ ਤਰ੍ਹਾਂ ਉਘਾੜ ਕੇ ਸਾਹਮਣੇ ਰੱਖ ਦਿੱਤੇ। ਇਉਂ ਸਿੱਖ ਆਰੀਆ ਸਮਾਜ ਦੇ ਵਿਰੋਧ ਵਿਚ ਖੜ੍ਹੇ ਹੋਏ'[੪]

ਇਹ ਅਜਿਹਾ ਸਮਾਂ ਸੀ ਜਦੋਂ ਸਿੱਖ ਧਰਮ ਅਤੇ ਸਿੱਖੀ ਉੱਪਰ ਹਰ ਪਾਸਿਓਂ ਹਮਲੇ ਹੋ ਰਹੇ ਸਨ। ਇਸ ਮਾਹੌਲ ਵਿਚ ਸਿੱਖੀ ਨੂੰ ਬਰਕਰਾਰ ਰੱਖਣਾ ਅਤੇ ਸਿੱਖੀ ਲਈ ਪ੍ਰਚਾਰ ਕਰਨਾ ਵੱਡਾ ਚੁਣੌਤੀ ਸੀ। ਜਿੱਥੇ ਇਕ ਪਾਸੇ ਸਿੱਖੀ ਨੂੰ ਬਾਹਰੀ ਹਮਲਿਆਂ ਦਾ ਡਰ ਸੀ, ਉੱਥੇ ਹੀ ਸਿੱਖੀ ਨੂੰ ਅੰਦਰੂਨੀ ਹਮਲੇ ਵੀ ਨੁਕਸਾਨ ਪਹੁੰਚਾ ਰਹੇ ਸਨ। ਸਿੱਖੀ ਕੇਵਲ ਜ਼ਾਹਰੀ ਤੌਰ 'ਤੇ ਨਹੀਂ ਬਲਕਿ ਅੰਦਰੂਨੀ ਤੌਰ 'ਤੇ ਸਿੱਖ ਸਪਿਰਟ ਉਨੀ ਹੀ ਸ਼ਕਤੀਸ਼ਾਲੀ ਹੁੰਦੀ ਹੈ ਪਰ ਜੇ ਸਿੱਖ ਸਪਿਰਟ ਕਾਇਮ ਹੈ, ਉਹ ਅੰਦਰੋਂ ਕਮਜ਼ੋਰ ਨਹੀਂ ਤਾਂ ਬਾਹਰੀ ਕਿਸੇ ਹਮਲੇ ਤੋਂ ਡਰ ਪੈਦਾ ਨਹੀਂ ਕੀਤਾ ਜਾ ਸਕਦਾ। ਇਸ ਸਮੱਸਿਆ ਦੇ ਜਿੱਥੇ ਬਾਹਰੀ ਕਾਰਨ ਸਾਹਮਣੇ ਆਏ, ਉੱਥੇ ਹੀ ਅੰਦਰੂਨੀ ਕਾਰਨ ਵੀ ਵੱਡੀ ਗਿਣਤੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। 'ਸਿੱਖੀ ਹੈ ਬਲਵਾਨ ਕਰਨਾ ਸੁਰਤ ਨੂੰ' ਅਜਿਹਾ ਮਾਹੌਲ ਸਿਰਜਦਾ ਹੈ ਜਿਸ ਕਰਕੇ ਕਿਸੇ ਬਾਹਰੀ ਹਮਲੇ ਦਾ ਡਰ ਨਹੀਂ ਰਹਿੰਦਾ। ਪਰ ਅਸਲ ਵਿਚ ਅਜਿਹਾ ਨਹੀਂ ਵਾਪਰਦਾ। ਗੁਰੂ ਸਾਹਿਬਾਨ ਤੋਂ ਬਾਅਦ ਦੇ ਸਮੇਂ ਦੌਰਾਨ ਸਿੱਖੀ ਦੇ ਅਸਲ ਭਾਵ ਨੂੰ ਖੋਰਾ ਲਗਣਾ ਸ਼ੁਰੂ ਹੋ ਗਿਆ ਸੀ ਜਿਸ ਕਰਕੇ ਸਿੱਖੀ ਦੀਆਂ ਤੰਦਾਂ ਕਮਜ਼ੋਰ ਹੋਣ ਲੱਗ ਪਈਆਂ ਸਨ। ਸਿੱਖੀ ਵਿਚ ਪੈਦਾ ਹੋ ਰਹੇ ਗੁਰੂ-ਡੰਮ੍ਹ ਨੇ ਇਸ ਨੂੰ ਹੋਰ ਹਵਾ ਦੇ ਦਿੱਤੀ ਸੀ। ਗੁਰੂ ਨਾਨਕ ਦੇਵ ਜੀ ਦਾ ਚਲਾਇਆ 'ਨਾਨਕ ਨਿਰਮਲ ਪੰਥ' ਆਪਣੀ ਨਿਰਮਲਤਾ ਗਵਾਉਂਦਾ ਪ੍ਰਤੀਤ ਹੋ ਰਿਹਾ ਸੀ। ਇਸ ਦੁਖਾਂਤਕ ਬਿਰਤਾਂਤ ਨੂੰ ਗਿਆਨੀ ਦਿੱਤ ਸਿੰਘ ਨੇ ਕੇਵਲ ਮਹਿਸੂਸ ਹੀ ਨਹੀਂ ਕੀਤਾ ਬਲਕਿ ਵੇਖਿਆ ਅਤੇ ਹੰਢਾਇਆ ਵੀ ਸੀ। ਇਸੇ ਕਰਕੇ ਉਨ੍ਹਾਂ ਆਪਣੀਆਂ ਲਿਖਤਾਂ ਨੂੰ ਸਿੱਖੀ 'ਤੇ ਕੇਂਦਰਿਤ ਕਰਦਿਆਂ ਸਿੱਖੀ ਦੇ ਸੁਧਾਰ ਲਈ ਇਕ ਵੱਡਾ ਹੰਭਲਾ ਮਾਰਿਆ। ਅਜਿਹਾ ਹੰਭਲਾ ਇਕ ਪਾਸੇ ਸਮੇਂ ਦੀ ਜ਼ਰੂਰਤ ਸੀ ਅਤੇ ਉੱਥੇ ਹੀ ਦੂਜੇ ਪਾਸੇ ਸਿੱਖੀ ਦੇ ਅਰਥਾਂ ਨੂੰ ਰੀ-ਫਰੇਮ ਕਰਨ ਲਈ ਵੀ ਜ਼ਰੂਰੀ ਸੀ। ਗਿਆਨੀ ਦਿੱਤ ਸਿੰਘ ਨੇ ਬਹੁਤ ਸਾਰੀਆਂ ਲਿਖਤਾਂ ਦੀ ਰਚਨਾ ਕੀਤੀ ਜੋ ਮੁੱਖ ਤੌਰ 'ਤੇ ਸਿੱਖੀ ਸਿਧਾਂਤਾਂ ਨਾਲ ਜੁੜੀਆਂ ਹੋਈਆਂ ਸਨ। ਉਨ੍ਹਾਂ ਨੇ ਸਿੱਖ ਧਰਮ ਅੰਦਰ ਪੈਦਾ ਹੋਏ ਕਈ ਮੁੱਦਿਆਂ ਨੂੰ ਉਠਾਇਆ। ਇਨ੍ਹਾਂ ਪੈਦਾ ਹੋਈਆਂ ਸਮੱਸਿਅਵਾਂ ਵਿੱਚੋਂ ਅਸਲੀ ਸਿੱਖ ਕੌਣ ਹੈ, ਦੇ ਪ੍ਰਸ਼ਨ ਨੂੰ ਸੁਲਝਾਉਣ ਵਾਲੀ

ਪੁਸਤਕ 'ਨਕਲੀ ਸਿੱਖ ਪ੍ਰਬੋਧ' ਉਸ ਸਮੇਂ ਦੀ ਰਚਨਾ ਹੈ ਜਦੋਂ ਸਿੱਖ ਧਰਮ ਵਿਚ ਭੇਖ ਦਾ ਬੋਲਬਾਲਾ ਵਧ ਚੁਕਾ ਸੀ।

ਗਿਆਨੀ ਦਿੱਤ ਸਿੰਘ ਜੀ ਦੁਆਰਾ ਰਚਿਤ 'ਨਕਲੀ ਸਿੱਖ ਪ੍ਰਬੋਧ' ਕਿਤਾਬ 'ਖਾਲਸਾ ਪ੍ਰੈਸ ਲਹੌਰ' ਵੱਲੋਂ ਛਾਪੀ ਗਈ। ਗਿਆਨੀ ਦਿੱਤ ਸਿੰਘ ਜੀ ਨੇ 'ਨਕਲੀ ਸਿੱਖ ਪ੍ਰਬੋਧ' ਕਿਤਾਬ ਵਿਚ ਸਮਾਂ 'ਨਾਨਕਸ਼ਾਹੀ ਸੰਮਤ' ਅਨੁਸਾਰ ਦਿੱਤਾ ਹੈ। ਗਿਆਨੀ ਦਿੱਤ ਸਿੰਘ ਦੁਆਰਾ ਰਚਿਤ ਇਸ ਕਿਤਾਬ ਦਾ ਦੂਜਾ ਐਡੀਸ਼ਨ 'ਪੋਹ ਸੰ: ਨਾਨਕ ਸ਼ਾਹੀ ੪੨੭' ਛਪਿਆ, ਜਿਹੜਾ ਕਿ ਈਸਾ ਸੰਮਤ ਅਨੁਸਾਰ ੧੯੯੬ ਈ. ਬਣਦਾ ਹੈ, ਇਸ ਕਿਤਾਬ ਦੇ ੧੯੬ ਪੰਨੇ ਹਨ। ਗਿਆਨੀ ਦਿੱਤ ਸਿੰਘ ਜੀ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਬਲਦੇਵ ਸਿੰਘ ਦੀ ਸਹਾਇਤਾ ਨਾਲ ਇਹ ਕਿਤਾਬ ਹੋਰ ਪ੍ਰਕਾਸ਼ਕਾਂ ਜਿਵੇਂ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, ਅੰਮ੍ਰਿਤਸਰ ਨੇ ਵੀ ਛਪਵਾਈ।

ਇਸ ਪੁਸਤਕ ਵਿਚ ਵੱਖ-ਵੱਖ ਧਰਮਾਂ ਦਾ ਜ਼ਿਕਰ ਕਰਦਿਆਂ ਸਿੱਖੀ ਦੇ ਅਸਲ ਸਰੂਪ ਨੂੰ ਉਘਾੜਿਆ ਹੈ ਜੋ ਸਮੇਂ ਦੇ ਉਸ ਦੌਰ ਵਿਚ ਗੁੰਮ ਹੋ ਗਿਆ ਲਗਦਾ ਸੀ। 'ਨਕਲੀ ਸਿੱਖ ਪ੍ਰਬੋਧ' ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਗਿਆਨੀ ਦਿੱਤ ਸਿੰਘ ਜੀ ਦੇ ਅੰਦਰੋਂ ਉਠ ਰਹੇ ਭੇਖੀ ਸਿੱਖਾਂ ਪ੍ਰਤੀ ਭਾਰੀ ਰੋਸ ਨੂੰ ਆਰਾਮ ਨਾਲ ਵਾਚਿਆ ਜਾ ਸਕਦਾ ਹੈ। ਗਿਆਨੀ ਦਿੱਤ ਸਿੰਘ ਜੀ ਨੇ ਇਸ ਪੁਸਤਕ ਰਾਹੀਂ ਗੁਰੂ ਸਾਹਿਬਾਨ ਦੇ ਉਪਕਾਰਾਂ ਨੂੰ ਭੁੱਲ ਚੁੱਕੇ ਸਿੱਖਾਂ ਬਾਬਤ ਬਹੁਤ ਸਾਰੇ ਪ੍ਰਸ਼ਨ ਉਠਾਏ ਹਨ। ਗਿਆਨੀ ਦਿੱਤ ਸਿੰਘ ਜੀ ਨੇ ਸਿੱਖਾਂ ਨੂੰ ਉਨ੍ਹਾਂ ਦੀ ਮਹਾਨ ਪਰੰਪਰਾ ਦੇ ਰੂ-ਬਰੂ ਕਰਵਾਉਂਦਿਆਂ ਆਪਣੇ ਅਨਮੋਲ ਵਿਰਸੇ ਨਾਲ ਜੁੜਨ ਦੀ ਤਾਕੀਦ ਕੀਤੀ ਹੈ।

੧੯ਵੀਂ ਸਦੀ ਵਿਚ ਪੈਦਾ ਹੋਏ ਅਜਿਹੇ ਹਾਲਾਤ ਵਿਚ ਉਹੀ ਗੁਰੂ ਦਾ ਅਸਲੀ ਸਿੱਖ ਹੋ ਸਕਦਾ ਸੀ ਜੋ ਗੁਰੂ ਦੇ ਦੱਸੇ ਮਾਰਗ ਉੱਤੇ ਚੱਲ ਕੇ ਸਿੱਖ ਕੌਮ ਦੀ ਹੋ ਰਹੀ ਦੁਰਗਤੀ ਲਈ ਅਵਾਜ਼ ਬੁਲੰਦ ਕਰਦਾ। ਇਹ ਸੱਚਮੁਚ ਹੀ ਇਕ ਵੱਡਾ ਦੁਖਾਂਤ ਹੈ ਜਿਸ ਦਾ ਦਰਦ ਧੁਰ ਅੰਦਰ ਤਕ ਮਹਿਸੂਸ ਹੁੰਦਾ ਹੈ ਕਿ ਇੰਨੀ ਵੱਡੀ ਪਰੰਪਰਾ ਦੇ ਮਾਲਕ ਕਿਨ੍ਹਾਂ ਗੱਲਾਂ ਵਿਚ ਖੱਚਿਤ ਹੋ ਕੇ ਰਹਿ ਗਏ ਸਨ। ਸਿੱਖੀ ਤਾਂ ਉਹ ਕੌਮ ਹੈ ਜਿਸ ਨੂੰ ਗੁਰੂ ਸਾਹਿਬ ਨੇ ਆਪ ਵਰੋਸਾਇਆ ਸੀ।

ਗਿਆਨੀ ਦਿੱਤ ਸਿੰਘ ਇਕ ਜਾਗਰੂਕ ਸਿੱਖ ਚਿੰਤਕ ਹੋਣ ਕਾਰਨ ਇਸ ਸਮੱਸਿਆ ਪ੍ਰਤੀ ਬਹੁਤ ਗੰਭੀਰ ਸਨ। ਜਿਸ ਤਰ੍ਹਾਂ ਦੇ ਯਤਨ ਸਿੱਖੀ ਨੂੰ ਖਤਮ ਕਰਨ ਦੇ ਹੋ ਰਹੇ ਸਨ ਉਸ ਤੋਂ ਗਿਆਨੀ ਜੀ ਭਲੀ-ਭਾਂਤ ਜਾਣੂ ਸਨ। ਉਨ੍ਹਾਂ ਨੇ 'ਨਕਲੀ ਸਿੱਖ ਪ੍ਰਬੋਧ' ਵਿਚ ਗੁਰਬਾਣੀ ਦੇ ਹਵਾਲੇ ਨਾਲ ਸਿੱਖਾਂ ਦੀ ਹੋ ਰਹੀ ਦੁਰ-ਦਸ਼ਾ ਬਾਰੇ ਸੁਚੇਤ ਕਰਵਾਇਆ। ਪੁਸਤਕ ਦਾ ਅਰੰਭ ਉਹ ਇਸ ਵਿਚਾਰ ਨਾਲ ਕਰਦੇ ਹਨ:

"ਤਨ ਮਨ ਧਨ ਸਰਬੰਸ ਹੀ ਦੀਨਾ ਜਿਸ ਪਰ ਵਾਰ।

ਹਾਇ ਤਿਸੀ ਅਬ ਪੰਥ ਨੇ ਗੁਰ ਦਿਯੋ ਵਿਸਾਰ। ’[੫]

ਗਿਆਨੀ ਦਿੱਤ ਸਿੰਘ ਆਪਣੀ ਅਗਲੀ ਗੱਲ ਵਾਰਤਕ ਭਾਗ ਰਾਹੀਂ ਕਰਦੇ ਆਪਣੇ ਵਿਚਾਰ ਨੂੰ ਇਸ ਤਰ੍ਹਾਂ ਨਾਲ ਪ੍ਰਗਟਾਉਂਦੇ ਹੋਏ ਲਿਖਦੇ ਹਨ- ‘‘ਮੇਰੇ ਪਯਾਰੇ ਪਾਠਕੋ ਜੋ ਕੁਛ ਮੈਂ ਇਸ ਪੋਥੀ ਵਿਚ ਲਿਖਿਆ ਹੈ ਸੋ ਕੋਈ ਕਿੱਸਾ ਕਹਾਣੀ ਯਾ ਕਿਸੇ ਤਰ੍ਹਾਂ ਦਿਲ ਦੇ ਪਰਚਾਵੇ ਦੀ ਕਥਾ ਨਹੀਂ ਹੈ, ਪ੍ਰੰਤੂ ਇਸ ਵਿਚ ਉਨ੍ਹਾਂ ਕ੍ਰਿਤਘਨਾਂ ਪੁਰਸ਼ਾਂ ਦਾ ਵਰਣਨ ਹੈ, ਜਿਨ੍ਹਾਂ ਨੇ ਅਪਨੇ ਦਸਮ ਗੁਰੂ ਜੀ ਦੇ ਵਡੇ ਵਡੇ ਉਪਕਾਰਾਂ ਨੂੰ ਭੁਲਾ ਦਿੱਤਾ ਹੈ ਜੋ ਉਨ੍ਹਾਂ ਨੇ ਅਪਨੇ ਘਰ, ਧਨ , ਮਾਲ, ਪਯਾਰੇ ਪੁਤ੍ਰ ਅਤੇ ਸਰੀਰ ਨੂੰ ਭੀ ਏਨ੍ਹਾਂ ਪਰ ਕੁਰਬਾਨ ਕਰਕ ਕੇ ਕੀਤੇ ਸੀ, ਉਤੇ ਉਸ ਦਾ ਬਦਲਾ ਅੱਜ ਕੱਲ ਦੇ ਸਿੱਖ ਇਹ ਦੇਂਦੇ ਹਨ ਕਿ ਉਨ੍ਹਾਂ ਦੇ ਅਸਲੀ ਧਾਰਮਕ ਉਪਦੇਸ਼ਾਂ ਦੀ ਨਕਲ ਕਰਦੇ ਹਨ;ਇਸੀ ਵਾਸਤੇ ਇਸ ਪੋਥੀ ਦਾ ਨਾਉਂ ‘ਨਕਲੀ ਸਿੱਖ ਪ੍ਰਬੋਧ’ ਰੱਖਯਾ ਹੈ; ਅਰਥਾਤ ਨਕਲੀ ਸਿੱਖਾਂ ਪ੍ਰਤਿ ਉਪਦੇਸ਼। ’[੬]

ਗਿਆਨੀ ਦਿੱਤ ਸਿੰਘ ਸਿੱਖੀ ਵਿਚ ਪੈਦਾ ਹੋਏ ਅਜਿਹੇ ਹਾਲਾਤ ਪ੍ਰਤੀ ਚਿੰਤਤ ਹਨ। ਉਹ ਆਪਣੀ ਚਰਚਾ ਨੂੰ ‘ਨਕਲੀ ਸਿੱਖਾਂ ਦਾ ਹਾਲ’ ਅਧੀਨ ਅੱਗੇ ਵਧਾਉਂਦੇ ਹਨ:

‘‘ਔਰ ਮਤਨ ਕੀ ਬਾਤ ਉਚਾਈ॥ਹੁਨ ਆਈ ਸਿੰਘਨ ਕੀ ਵਾਰੀ॥
ਇਨ ਕੇ ਗੁਰੂਅਨ ਜੋ ਉਪਕਾਰੇ॥ਕਰੇ ਇਨ੍ਹੋਂ ਪਰ ਦੂਖ ਸਹਾਰੇ॥
ਉਨਕੋ ਇਨ ਨੇ ਨਹੀਂ ਵਿਚਾਰਾ॥ਸੋਵਤ ਨਿਸ ਦਿਨ ਪੈਰ ਪਸਾਰਾ॥
ਭਏ ਕ੍ਰਿਤਘਨ ਜਗਤ ਕੇ ਮਾਹੀਂ॥ਧਰਮ ਪ੍ਰੀਤ ਇਨਕੋ ਕੁਛ ਨਾਹੀਂ॥ ’[੭]

ਗਿਆਨੀ ਦਿੱਤ ਸਿੰਘ ਜੀ ਗੁਰੂ ਸਾਹਿਬਾਨ ਦੇ ਦਿੱਤੇ ਉਪਦੇਸ਼ ਨੂੰ ਵਿਚਾਰਦਿਆਂ ਕਥਨ ਕਰਦੇ ਹਨ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ *ਏਕੋ ਸੇਵੀ ਅਵਰੁ ਨ ਦੂਜਾ* ਦਾ ਉਪਦੇਸ਼ ਦੇ ਕੇ ਇਕ ‘ਅਕਾਲ ਪੁਰਖ’ ਦੀ ਪੂਜਾ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਤੇ ਗੋਰ, ਮੜ੍ਹੀਆਂ, ਮਟਾਂ ਨੂੰ ਭੁਲ ਕੇ ਵੀ ਨਾ ਮੰਨਣ ਤੋਂ ਵਰਜਿਆ ਹੈ। ਗੁਰੂ ਸਾਹਿਬ ਜਿੱਥੇ ਵੀ ਗਏ ਉਨ੍ਹਾਂ ਲੋਕਾਂ ਨੂੰ ਧਰਮ ਦੇ ਅਸਲ ਰੂਪ ਤੋਂ ਜਾਣੂ ਕਰਵਾਇਆ। ਹਰਿਦੁਆਰ ਹੋਵੇ ਜਾਂ ਕੁਰੁਖ੍ਰੇਤ ਫਜ਼ੂਲ ਦੇ ਕਰਮ-ਕਾਂਡੀ ਜੀਵਨ ਤੋਂ ਪਰਦਾ ਲਾਹਿਆ। ਜੋਗ ਦਾ ਖੰਡਨ ਕਰ ਕੇ ਸੱਚੇ ਜੋਗ ਦੇ ਰੂ-ਬਰੂ ਕਰਵਾਇਆ। ਸੱਚ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਇਹ ਹੀ ਨਹੀਂ ਜੀਵਨ ਜਿਉਂਣ ਦੀ ਸਾਰਥਕ ਵਿਧੀ ਵੀ ਦੱਸੀ ਅਤੇ ਜੀਵਨ ਦੇ ਅਸਲ ਰਹੱਸ ਉਪਰ ਚਾਨਣਾ ਪਾਇਆ। ਸਿੱਖ ਧਰਮ ਦਾ ਮੁੱਖ ਟੀਚਾ ਕਿਰਤ ਕਰਨਾ, ਨਾਮ ਜਪਣਾ, ਵੰਡ ਕੇ ਛਕਣਾ ਹੈ ਜਿਸ ਵਿਚ ਬਾਕੀ ਦੇ ਅਮਲ ਆਪਣੇ ਆਪ ਆ ਜਾਂਦੇ ਹਨ। ਉਚ-ਨੀਚ, ਜਾਤ-ਪਾਤ ਦੇ ਵਖਰੇਵੇਂ ਨੂੰ ‘ਸੰਗਤ’ ਦੇ ਸੰਕਲਪ ਰਾਹੀਂ ਖਤਮ ਕੀਤਾ। ਨਾਮ-ਸਿਮਰਨ, ਸੇਵਾ, ਪਰਉਪਕਾਰ, ਪਿਆਰ ਅਜਿਹੀਆਂ ਤੰਦਾਂ ਹਨ ਜੋ ਪਰਮਾਤਮਾ ਨਾਲ ਜੋੜਨ ਲਈ ਸਹਾਈ ਹੁੰਦੀਆਂ ਹਨ।

ਗੁਰੂ ਸਾਹਿਬਾਨ ਨੇ ਇਨ੍ਹਾਂ ਉਪਦੇਸ਼ਾਂ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ ਅਤੇ ਪਰਸਾਰਿਆ ਸੀ। ਇਨ੍ਹਾਂ ਨੂੰ ਮੁੱਖ ਰੱਖ ਕੇ ਗੁਰਬਾਣੀ ਦੀ ਰਚਨਾ ਕੀਤੀ ਅਤੇ ਸਿੱਖ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਅਧੀਨ ਚੱਲਣ ਦਾ ਆਦੇਸ਼ ਦਿੱਤਾ। ਸਿੱਖ ਸੰਗਤ ਨੂੰ ਬਹੁਤ ਸਾਰੇ ਫੋਕਟ ਕਰਮਾਂ ਵਿੱਚੋਂ ਕੱਢ ਕੇ ਸੱਚ ਨਾਲ ਜੋੜਿਆ। ਇੱਥੋਂ ਤਕ ਕਿ ਅੰਤਿਮ ਸਮੇਂ ਕੀਤੀਆਂ ਜਾਂਦੀਆਂ ਰਸਮਾਂ ਤੋਂ ਵੀ ਪਰਹੇਜ਼ ਕਰਨ ਲਈ ਕਿਹਾ। ਮਨੁੱਖ ਦੇ ਅੰਤਿਮ ਸਮੇਂ ਕੀਤੀਆਂ ਜਾਣ ਵਾਲੀਆਂ ਰਸਮਾਂ ਨੂੰ ਬੇਅਰਥ ਦੱਸਿਆ। ਗਿਆਨੀ ਦਿੱਤ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਚਿੱਤਰ ਨੂੰ ਪੇਸ਼ ਕਰਦਿਆਂ ਇਨ੍ਹਾਂ ਰਸਮਾਂ ਪ੍ਰਤੀ ਵਿਚਾਰਾਂ ਨੂੰ ਵੀ ਸਪੱਸ਼ਟ ਕਰਨ ਦਾ ਯਤਨ ਕੀਤਾ। ਗਿਆਨੀ ਦਿੱਤ ਸਿੰਘ ਜੀ ਨੇ ਸਿੱਖਾਂ ਵਿਚ ਚੱਲ ਰਹੀਆਂ ਅਨਮਤੀ ਰੀਤਾਂ ਵਿਰੁੱਧ ਤਲਵਾਰ ਵਾਂਗ ਅਪਣੀ ਕਲਮ ਵਾਹੀ। ਗਿਆਨੀ ਦਿੱਤ ਸਿੰਘ ਸਿੱਖੀ ਸਮੁੰਦਰ ਵਿੱਚੋਂ ਚੁਭੀਆਂ ਲਾ ਕੇ ਅਨਮੋਲ ਖ਼ਜ਼ਾਨਾ ਲੱਭ ਕੇ ਸੰਗਤ ਦੇ ਸਪੁਰਦ ਕਰਦੇ ਹੋਏ ਪ੍ਰਤੀਤ ਹੁੰਦੇ ਹਨ।

ਗਿਆਨੀ ਦਿੱਤ ਸਿੰਘ ਨੇ ਗੁਰੂ ਸਾਹਿਬਾਨ ਦੇ ਜੀਵਨ ਚਰਿੱਤ੍ਰ ਪੇਸ਼ ਕਰਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਸਭਨਾਂ ਦਾ ਮਨੋਰਥ ਸੱਤ ਧਰਮ ਦਾ ਪ੍ਰਚਾਰ ਕਰਨਾ ਸੀ। ਗਿਆਨੀ ਜੀ ਅਨੁਸਾਰ- ''ਇਕ ਨਵੀਂ ਕੌਮ ਜੋ ਸੱਚੇ ਅਸੂਲਾਂ ਪਰ ਚੱਲੇ ਅਤੇ ਹੋਰਨਾਂ ਨੂੰ ਚਲਾਏ, ਪੈਦਾ ਕਰਨੀ ਸੀ ਜਿਸ ਵਿਚ ਹਿੰਦੂਆਂ ਦੀ ਤਰਹ ਜਾਤ-ਪਾਤ ਆਦਿਕ ਦਾ ਕੋਈ ਬੰਧਨ ਨਾ ਹੋਵੇ ਅਤੇ ਮੁਸਲਮਾਨਾਂ ਦੀ ਤਰਹ ਰੋਜ਼ੇ ਬਾਂਗ ਆਦਿ ਪਰ ਨਿਰਭਰ ਕਰਨ ਵਾਲੀ ਨਾ ਹੋਵੇ ਕਿੰਤੂ ਕੇਵਲ ਅਕਾਲ ਪੁਰਖ ਵੱਲੋਂ ਹੀ ਸੁਲਹ ਕੁੱਲ ਅਸੂਲਾਂ ਵਾਲੀ ਹੋਵੇ।''[੨] ਗੁਰੂ ਸਾਹਿਬਾਨ ਦਾ ਇਹ ਪ੍ਰਚਾਰ ਮਨੁੱਖ ਨੂੰ ਅਕਾਲ ਪੁਰਖ ਨਾਲ ਸਿੱਧਿਆਂ ਜੋੜਨ ਲਈ ਸੀ। ਮਨੁੱਖ ਅਕਾਲ ਪੁਰਖ ਨਾਲ ਸਿੱਧਾ ਰਿਸ਼ਤਾ ਸਥਾਪਿਤ ਕਰ ਕੇ ਉਸ ਵਿਚ ਵਿਲੀਨ ਹੋ ਸਕਦਾ ਹੈ।

ਗੁਰੂ ਸਾਹਿਬਾਨ ਦੁਆਰਾ ਚਲਾਈ ਪਰੰਪਰਾ ਨੂੰ ਕਾਇਮ ਰੱਖਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਐਸੇ ਇਨਸਾਨ ਦੀ ਤਸਵੀਰ ਸਾਹਮਣੇ ਲਿਆਂਦੀ ਜੋ ਬਾਕੀ ਕੌਮਾਂ ਨਾਲੋਂ ਜੁਦਾ ਸੀ। ਗੁਰੂ ਸਾਹਿਬਾਨ ਨੇ ਇਕ ਐਸਾ ਸਿੱਖ ਪ੍ਰਗਟ ਕੀਤਾ ਜੋ ਲੱਖਾਂ ਵਿੱਚੋਂ ਪਹਿਚਾਣਿਆ ਜਾ ਸਕੇ ਜਿਸ ਦੀ ਆਪਣੀ ਨਿਆਰੀ ਪਹਿਚਾਣ ਸੀ, ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਬਾਣੀ-ਬਾਣਾ, ਲਿਪੀ, ਤੀਰਥ ਅਸਥਾਨ, ਤਖਤ ਆਦਿ ਸਭ ਕੁਝ ਬਖ਼ਸ਼ਿਆ ਸੀ। ਗੁਰੂ ਸਾਹਿਬ ਜੀ ਨੇ ਸਿੱਖਾਂ ਦੀ ਇਸ ਨਿਆਰੀ ਪਹਿਚਾਣ ਦੀ ਸਥਾਪਤੀ ਲਈ ਖਾਲਸਾ ਨੂੰ ਹੋਂਦ ਵਿਚ ਲਿਆਂਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਨਾਂ ਕਿਸੇ ਜਾਤ-ਪਾਤ ਸਭ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾ ਦਿੱਤਾ। ਉਹ ਵੀ ਅਜਿਹਾ ਸਿੰਘ ਜੋ ਆਪਣੇ ਆਦਰਸ਼ 'ਤੇ ਪੂਰਾ ਉਤਰੇ।ਗੁਰੂ ਦੇ ਉਪਦੇਸ਼ਾਂ ਨੂੰ ਮੰਨਦਾ ਹੋਇਆ ਸਾਰਿਆਂ ਨਾਲ ਮਿਲ ਜੁਲ ਕੇ ਰਹੇ। ਪ੍ਰੋ ਪੂਰਨ ਸਿੰਘ ਜੀ 'ਖਾਲਸ' ਬਾਬਤ ਲਿਖਦੇ ਹਨ ਕਿ ''ਖ਼ਾਲਸਾ-ਤੰਤਰ ਦੇ

ਸੰਵਿਧਾਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਦਾ ਸਰਵੋਤਮ ਮਹਾਨਤਾ ਵਾਲਾ ਉਹ ਕਰਮ ਸੀ ਜਿਸ ਦੁਆਰਾ ਆਪ ਨੇ ਉਸ ਦੈਵੀ ਪ੍ਰਭੂ-ਸੱਤਾ ਨੂੰ ਜੋ ਗੁਰੂ ਰੂਪ ਵਿਚ ਆਪ ਜੀ ਵਿਚ ਵਿਦਮਾਨ ਸੀ, ਦੈਵੀ ਪ੍ਰੇਰਨਾ ਵਿਚ ਜਾਗਰੂਪ ਖ਼ਾਲਸਾ ਨੂੰ ਹਸਤਾਂਤ੍ਰਿਤ ਕੀਤਾ। '[੯] ਗਿਆਨੀ ਜੀ ਅਸਲੀ ਸਿੱਖ ਅਤੇ ਨਕਲੀ ਸਿੱਖ ਦਾ ਫਰਕ ਦੱਸਦੇ ਹੋਏ ਅਸਲੀ ਸਿੱਖ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਵੀ ਕਰਦੇ ਹਨ:

"ਆਦਿ ਗੁਰ ਨਾਨਕ ਜੂ, ਜਿਸ ਹੇਤ ਅਟੇ ਬਹੁ ਦੇਸਨ ਮਾਹੀ।
ਸੱਤ ਪ੍ਰਾਚਰਕ ਦੇਸ ਉਧਾਰਕ, ਦੇਤ ਰਹੇ ਉਪਦੇਸ਼ ਸਦਾ ਹੀ।
ਸੋ ਯਹ ਪੰਥ ਤਜੇ ਤੁਮ ਪੰਥ, ਭਯੋ ਮਗ ਔਰਨ ਕੋ ਅਬ ਰਾਹੀਂ।
ਹੋਇ ਦਿਆਲ ਕਰੋ ਕਰਣਾ ਇਸ, ਬੂਡਤ ਕੀ ਪਕਰੋ ਭਲ ਬਾਹੀਂ। '[੧੦]

ਪੁਸਤਕ ਦੇ ਅੰਤ ਵਿਚ ਗਿਆਨੀ ਜੀ 'ਗੁਰੂ' ਦਾ ਬਣਨ 'ਤੇ ਜ਼ੋਰ ਦਿੰਦੇ ਹਨ ਅਤੇ ਜੋ ਗੁਰੂ ਮੁਖ (ਗੁਰਮੁਖ) ਨਹੀਂ ਉਨ੍ਹਾਂ ਨੂੰ ਦੁਖ ਵਿਆਪਦਾ ਹੈ। *ਜੇਹਾ ਬੀਜੈ ਸੋ ਲੁਣੈ* ਦੇ ਅਨੁਸਾਰ ਉਸ ਨੂੰ ਉਹੀ ਵੱਢਣਾ ਪੈਣਾ ਹੈ ਅਤੇ ਆਪਣੇ ਕੀਤੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਏਥੇ ਹੀ ਭੁਗਤ ਕੇ ਜਾਣਾ ਹੈ:

"ਪੰਥ ਗਰੰਥ ਗੁਰੂ ਦਸਵੇਂ, ਉਪਦੇਸਨ ਜੋਇ ਕਮਾਵਹਿੰਗੇ।
ਚਾਰ ਪਦਾਰਥ ਲੋਕ ਵਿਖੇ, ਬਿਨ ਮਾਂਗਹਿ ਤੇ ਜਨ ਪਾਵਹਿੰਗੇ।
ਜੋ ਗੁਰ ਮਾਰਗ ਤਿਆਗ ਪਸੂ ਅਪਨੀ ਮਨ ਮੱਤ ਕਮਾਵਹਿੰਗੇ।
ਦਿੱਤ ਹਰੀ ਹਰ ਕੈ ਜਗ ਲੋਕ, ਸਦਾ ਦੁਖ ਮੇਂ ਕੁਰਲਾਵਹਿੰਗੇ। '[੧੧]

ਪ੍ਰੋ. ਪੂਰਨ ਸਿੰਘ ਗਿਆਨੀ ਦਿਤ ਸਿੰਘ ਜੀ ਦੇ ਵਿਚਾਰ ਨਾਲ ਸਹਿਮਤ ਹੁੰਦਿਆਂ ਅਤੇ ਸਿੱਖ ਕੌਮ ਨੂੰ ਪ੍ਰੇਰਿਤ ਕਰਦਿਆਂ ਆਪਣੀ ਭਾਵਨਾ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਲਿਖਦੇ ਹਨ ਕਿ "ਮੇਰੇ ਸਿੱਖਾਂ ਦੀ ਕੌਮ! ਉਠੋ ਅਤੇ ਆਪਣੇ ਮਨ ਦੀ ਤਲਵਾਰ ਨੂੰ ਸੂਤ ਕੇ ਸੁਆਰਥ ਉਤੇ ਵਾਰ ਕਰੋ ਅਤੇ ਮਨੁੱਖੀ ਇਤਿਹਾਸ ਦੇ ਨਿਰਾਰਥ ਵਿਚ ਸਦੀਆਂ ਦੇ ਸ਼ੂੰਨ ਦੇ ਅੰਧਕਾਰ ਨੂੰ ਚੀਰ ਸੁਟੋ। ਨਵਾਂ ਇਤਿਹਾਸ ਸਿਰਜੋ, ਪੁਰਾਣੇ, ਨੂੰ ਭੁਲ ਜਾਉ। ਇਸ ਤਰ੍ਹਾਂ ਨਵੀਂ ਸਿਰਜਨਾ ਕਰੋ ਜਿਵੇਂ ਪ੍ਰਭੂ ਆਪ ਤੁਹਾਡੇ ਅੰਦਰ ਪ੍ਰਗਟ ਹੋ ਕੇ ਇਹ ਸਭ ਕੁਝ ਕਰਵਾ ਰਿਹਾ ਹੈ। '[੧੨]

ਸਾਰ: ਗਿਆਨੀ ਦਿੱਤ ਸਿੰਘ ਦੀ ਸਿੱਖ ਧਰਮ ਪ੍ਰਤੀ ਜੋ ਵੇਦਨਾ ਸੀ, ਉਹ ਇਸ ਪੁਸਤਕ ਰਾਹੀਂ ਉਭਰ ਕੇ ਸਾਹਮਣੇ ਆਉਂਦੀ ਹੈ। ਸਿੱਖ ਧਰਮ ਅਜਿਹਾ ਧਰਮ ਹੈ ਜੋ ਕਰਮ-ਕਾਡਾਂ ਨੂੰ ਤਿਆਗ ਕੇ ਪਰਮਾਤਮਾ ਨੂੰ ਨਾਮ ਸਿਮਰਨ ਰਾਹੀਂ ਪ੍ਰਾਪਤ ਕਰਨ ਦੀ ਤਾਕੀਦ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰ-ਵਾਰ ਇਸ ਦਾ ਹਵਾਲਾ ਆਉਂਦਾ ਹੈ। ਗਿਆਨੀ ਦਿੱਤ ਸਿੰਘ ਗੁਰਬਾਣੀ ਰਾਹੀਂ 'ਖਾਲਸਾ' ਰੂਪ ਹੋ ਕੇ 'ਖਾਲਸ' ਵਿਚ ਸਮਾ ਜਾਣਾ ਹੀ ਖਾਲਸਾ ਆਦਰਸ਼ ਮੰਨਦੇ ਹਨ। ਪੁਸਤਕ ਦਾ ਮੁੱਖ ਮੰਤਵ ਅਸਲੀ ਸਿੱਖ ਦੀ ਪਹਿਚਾਣ ਉੱਪਰ ਕੇਂਦਰਿਤ ਹੈ। ਗਿਆਨੀ ਦਿੱਤ ਸਿੰਘ ਨੇ

ਅਸਲੀ ਅਤੇ ਨਕਲੀ ਸਿੱਖ ਦੇ ਆਪਸੀ ਅੰਤਰ ਨੂੰ ਬਾਖੂਬੀ ਪੇਸ਼ ਕਰਦਿਆਂ ਸਿੱਖ ਕੌਮ ਨੂੰ ਉਸ ਦੀ ਅਸਲ ਵਿਰਾਸਤ ਦੇ ਰੂਬਰੂ ਕਰਵਾਇਆ ਹੈ।

ਹਵਾਲੇ :

੧. ਗੁਰਦਿੱਤ ਸਿੰਘ (ਗਿਆਨੀ), (ਸੰਪਾ), *ਗਿਆਨੀ ਦਿੱਤ ਸਿੰਘ ਜੀਵਨ ਅਤੇ ਰਚਨਾ*, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, ੨੦੧੩, ਪੰਨ:੩੫.

੨. ਉਹੀ, ਪੰਨਾ: ੨੯

੩. ਗੁਰਦਿੱਤ ਸਿੰਘ (ਗਿਆਨੀ), (ਸੰਪਾ), *ਗਿਆਨੀ ਦਿੱਤ ਸਿੰਘ ਜੀਵਨ ਅਤੇ ਰਚਨਾ*, ਪੰਨਾ: ੩੧,

੪. ਉਹੀ, ਪੰਨਾ: ੩੧

੫. ਦਿੱਤ ਸਿੰਘ, ਗਿਆਨੀ, *ਨਕਲੀ ਸਿੱਖ ਪ੍ਰਬੋਧ*, ਖਾਲਸਾ ਪ੍ਰੈਸ, ਲਹੌਰ, ਪੋਹ ਸੰ: ਨਾਨਕ ਸ਼ਾਹੀ ੪੨੭, ਪੰਨਾ: ੧

੬. *ਉਹੀ*, ਪੰਨਾ: ੩

੭. *ਉਹੀ*, ਪੰਨਾ: ੨੭

੮. *ਉਹੀ*, ਪੰਨਾ:੮੦

੯. ਅਬਨੀਸ਼ ਕੌਰ, (ਡਾ.), (ਸੰਪਾ.), *ਗੁਰਸਿੱਖੀ ਦਾ ਸਿੱਖਣਾ*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, ੨੦੧੪, ਪੰਨਾ: ੨੦੦.

੧੦. *ਨਕਲੀ ਸਿੱਖ ਪ੍ਰਬੋਧ*, ਪੰਨਾ:੧੯੫

੧੧. *ਉਹੀ*, ਪੰਨਾ:੧੯੬

੧੨. ਅਬਨੀਸ਼ ਕੌਰ,(ਡਾ.), (ਸੰਪਾ.), *ਗੁਰਸਿੱਖੀ ਦਾ ਸਿੱਖਣਾ*, ਪੰਨਾ: ੨੦੧

ਫ਼ਾਰਮ IV ਰੂਲ ੮

੧. ਛਪਣ ਦਾ ਅਸਥਾਨ	ਸ੍ਰੀ ਅੰਮ੍ਰਿਤਸਰ
੨. ਛਪਣ ਦਾ ਸਮਾਂ	ਹਰ ਮਹੀਨੇ ਦੀ ੨ ਤਾਰੀਖ਼
੩. ਛਾਪਣ ਵਾਲੇ ਦਾ ਨਾਂ	ਸ. ਪ੍ਰਤਾਪ ਸਿੰਘ
ਕੌਮੀਅਤ	ਭਾਰਤੀ
ਪਤਾ	ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
੪. ਪ੍ਰਕਾਸ਼ਕ ਦਾ ਨਾਂ	ਸ. ਬਲਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
੫. ਸੰਪਾਦਕ	ਸਤਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਸੰਪਾਦਕ, 'ਗੁਰਮਤਿ ਪ੍ਰਕਾਸ਼' ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
੬. ਮਾਲਕ	ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।

ਮਹਿੰਦਰ ਸਿੰਘ ਸਰਨਾ ਦਾ ਮਹਾਂਕਾਵਿ: 'ਸਾਕਾ ਜਿਨਿ ਕੀਆ'

*-ਡਾ. ਧਰਮ ਸਿੰਘ**

ਸੰਸਕ੍ਰਿਤ ਸਾਹਿਤ ਵਿਚ ਮਹਾਂਕਾਵਿ ਦੀ ਇਕ ਅਮੀਰ ਪਰੰਪਰਾ ਰਹੀ ਹੈ। ਏਸੇ ਲਈ ਭਾਰਤੀ ਕਾਵਿ ਸ਼ਾਸਤਰ ਵਿਚ ਇਸ ਦੇ ਕੇਂਦਰੀ ਪਾਤਰ ਭਾਵ ਨਾਇਕ ਬਾਰੇ ਵੀ ਕਾਫੀ ਵਿਸਤ੍ਰਿਤ ਚਰਚਾ ਕੀਤੀ ਗਈ ਮਿਲਦੀ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਨਾਇਕ ਭੇਦਾਂ ਵਿਚ ਇਕ ਵਰਗ ਸਾਤਵਿਕ ਨਾਇਕਾਂ ਦਾ ਹੈ ਅਤੇ ਗੁਰੂ ਸਾਹਿਬਾਨ ਏਸੇ ਵਰਗ ਦੇ ਨਾਇਕਾਂ ਦੀ ਕੋਟੀ ਵਿਚ ਆਉਂਦੇ ਹਨ। ਵਿਸ਼ਵਾਨਾਥ ਰਚਿਤ 'ਸਾਹਿਤ ਦਰਪਣ' ਵਿਚ ਸਾਤਵਿਕ ਨਾਇਕ ਦੇ ਜਿਹੜੇ ਗੁਣ ਬਿਆਨ ਕੀਤੇ ਗਏ ਹਨ, ਉਨ੍ਹਾਂ ਵਿਚ ਸ਼ੋਭਾ, ਧੀਰਜ, ਮਿੱਠਤ, ਲਲਿਤ, ਤੇਜ ਅਤੇ ਉਦਾਰਤਾ ਹਨ। ਸ਼ੋਭਾ ਵਿਚ ਅੱਗੋਂ ਸੂਰਬੀਰਤਾ, ਸੱਚਾ ਤੇ ਸੁੱਚਾ ਕਾਰ-ਵਿਹਾਰ, ਉੱਦਮ ਦਇਆ ਅਤੇ ਵੱਡਿਆਂ ਪ੍ਰਤੀ ਆਦਰ ਹਨ। ਮਿੱਠਤ, ਗੰਭੀਰਤਾ ਅਤੇ ਉਦਾਰਤਾ ਸਵੈ-ਸਪੱਸ਼ਟ ਸ਼ਬਦ ਹਨ। ਤੇਜ ਗੁਣ ਤੋਂ ਭਾਵ ਕਿ ਭਾਵੇਂ ਪ੍ਰਾਣ ਚਲੇ ਜਾਣ ਪਰ ਦੂਜੇ ਕੋਲੋਂ ਝਾੜ ਜਾਂ ਨਿਰਾਦਰ ਨਾ ਸਹਿ ਸਕਣਾ ਆਦਿ ਹਨ। ਇਨ੍ਹਾਂ ਗੁਣਾਂ ਤੋਂ ਇਲਾਵਾ ਕੋਈ ਆਦਰਸ਼ ਪੁਰਸ਼ ਜੋ ਉਤਸ਼ਾਹੀ, ਤੇਜਸ, ਗੰਭੀਰ, ਸਵੈ-ਕਾਬੂ ਵਾਲਾ, ਅਕੀਦੇ ਵਿਚ ਦ੍ਰਿੜ੍ਹ, ਖਿਮਾਵਾਨ ਅਤੇ ਸ਼ਾਂਤ ਸਰੂਪ ਹੋਵੇ। ਇਹ ਸਾਰੇ ਗੁਣ ਰਲ ਕੇ ਕਿਸੇ ਵੀ ਸਾਤਵਿਕ ਨਾਇਕ ਦੀ ਸ਼ਖ਼ਸੀਅਤ ਦੀ ਉਸਾਰੀ ਕਰਦੇ ਹਨ।

ਸਾਡੀ ਚਰਚਾ ਦਾ ਕੇਂਦਰ-ਬਿੰਦੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਮਹਿੰਦਰ ਸਿੰਘ ਸਰਨਾ ਦਾ ਲਿਖਿਆ ਮਹਾਂਕਾਵਿ 'ਸਾਕਾ ਜਿਨਿ ਕੀਆ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਪੰਜਾਬੀ ਵਿਚ ਵਧੇਰੇ ਮਹਾਂਕਾਵਿ ਲਿਖੇ ਗਏ ਹਨ ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਹੁਣ ਤਕ, ਮੈਂ ਦਸ ਕੁ ਮਹਾਂਕਾਵਿ ਲੱਭ ਸਕਿਆ ਹਾਂ। ਇਹ ਸਾਰੇ ਮਹਾਂਕਾਵਿ ਸਾਹਿਤ ਅਤੇ ਇਤਿਹਾਸ, ਦੋਹਾਂ ਪੱਖਾਂ ਤੋਂ ਮੁੱਲਵਾਨ ਹਨ ਕਿਉਂਕਿ ਇਨ੍ਹਾਂ ਵਿਚਲੀਆਂ ਘਟਨਾਵਾਂ ਜਾਂ ਇਤਿਹਾਸ/ਵਾਕਿਆਤ ਇਕ ਦੂਜੇ ਦੇ ਪੂਰਕ ਬਣ ਕੇ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੇ ਯੋਗਦਾਨ ਬਾਰੇ ਭਰਪੂਰ ਰੋਸ਼ਨੀ ਪਾਉਂਦੇ ਹਨ।

'ਸਾਕਾ ਜਿਨਿ ਕੀਆ' ਮਹਾਂਕਾਵਿ ਮਹਿੰਦਰ ਸਿੰਘ ਸਰਨਾ ਦਾ ਹੈ ਜੋ ਪਹਿਲੀ ਵਾਰ ਸਤੰਬਰ-੧੯੭੯ ਵਿਚ ਛਪਿਆ। ਸਰਨਾ ਇਕ ਬਹੁ-ਵਿਧਾਵੀ ਲੇਖਕ ਹੈ ਜਿਸ ਨੇ ਇਕ ਹੋਰ ਮਹਾਂਕਾਵਿ 'ਚਮਕੌਰ' ਨਾਂ ਥੱਲੇ ਵੀ ਲਿਖਿਆ ਹੈ। 'ਸਾਕਾ ਜਿਨਿ ਕੀਆ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦਾ ਕਾਵਿ-ਬਿਰਤਾਂਤ ਹੈ, ਜਿਸ ਨੂੰ ਉਸ ਨੇ

* *#੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੯੩੯੮੦੮*

ਗਿਆਰ੍ਹਾਂ ਪ੍ਰਕਰਣਾਂ ਵਿਚ ਵੰਡਿਆ ਹੈ ਜਿਨ੍ਹਾਂ ਵਿਚ ਜਨਮ, ਸਿੱਖਿਆ, ਮੁੱਢਲੇ ਪ੍ਰਭਾਵ, ਕਰਤਾਰਪੁਰ ਦਾ ਯੁੱਧ, ਪਿਤਾ ਵਿਛੋੜਾ, ਬਕਾਲਾ, ਪੂਰਬ ਗਮਨ, "ਬਾਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਹਿ ਨ ਛੋੜੀਐ" ਅਰਥਾਤ ਸਾਰੀਆਂ ਪ੍ਰਮੁੱਖ ਘਟਨਾਵਾਂ ਆ ਜਾਂਦੀਆਂ ਹਨ। ਪਹਿਲੇ ਦੋ ਪ੍ਰਕਰਣਾਂ ਵਿਚ ਜਨਮ ਅਤੇ ਸਿੱਖਿਆ ਦੀ ਗੱਲ ਕਰਦਾ ਕਵੀ ਦੱਸਦਾ ਹੈ ਕਿ ਚੌਦਾਂ ਸਾਲ ਦੀ ਉਮਰ ਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹਰ ਪ੍ਰਕਾਰ ਦੀ ਵਿੱਦਿਆ ਵਿਚ ਨਿਪੁੰਨ ਹੋ ਚੁੱਕੇ ਸਨ। ਉਂਞ ਤਾਂ ਗੁਰੂ-ਘਰ ਦੇ ਸਾਂਈ ਮੀਆਂ ਮੀਰ ਕਾਦਰੀ ਨਾਲ ਸੰਬੰਧ ਤਾਂ ਸਾਈਂ ਜੀ ਕੋਲੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਉਣ ਨਾਲ ਹੀ ਬੜ੍ਹੇ ਮਧੁਰ ਅਤੇ ਸੁਖਾਵੇਂ ਸਨ ਪਰ ਸਰਨਾ ਉਚੇਚੇ ਤੌਰ 'ਤੇ ਉਨ੍ਹਾਂ ਦੀ ਸਿਫਤ ਕਰਦਾ ਹੈ। ਉਹ ਮੀਆਂ ਮੀਰ ਜੀ ਨੂੰ ਧਰਮਾਂ ਦੇ ਇਤਿਹਾਸ ਵਿਚ ਇਕ ਨਵੀਂ ਰੂਹ ਭਰਨ ਵਾਲੇ ਰਵਾਂਦਾਰ, ਸਹਿਣਸ਼ੀਲ ਅਤੇ ਕੱਟੜਤਾ ਤੋਂ ਕੋਹਾਂ ਦੂਰ ਮਹਾਂਪੁਰਸ਼ ਮੰਨਦਾ ਹੈ ਜਿਨ੍ਹਾਂ ਦਾ ਉਦੇਸ਼ ਕੇਵਲ ਤੇ ਕੇਵਲ ਧਾਰਮਿਕ ਇਕਸੁਰਤਾ ਪੈਦਾ ਕਰਨਾ ਸੀ:

ਸਤਿਗੁਰ ਅਰਜਨ ਦੇਵ ਤੇ ਸਾਈਂ ਮੀਆਂ ਮੀਰ।
ਧਰਮਾਂ ਦੇ ਇਤਿਹਾਸ ਵਿਚ ਪਾਇਆ ਨਵਾਂ ਖਮੀਰ।
ਸਭ ਧਰਮਾਂ ਦੀ ਏਕਤਾ ਦਾ ਉੱਚਾ ਉਦੇਸ਼।
ਕੀਤਾ ਵਿਚ ਸੰਸਾਰ ਦੇ ਸਿੱਖ ਗੁਰੂਆਂ ਨੇ ਪੇਸ਼।
ਇਸ ਉੱਚੇ ਉਦੇਸ਼ ਵਿਚ ਮੀਆਂ ਮੀਰ ਨਿਆਲ।
ਹੋ ਕੇ ਪਾਈ ਸਾਂਝ ਸੀ ਸਿੱਖ ਗੁਰੂਆਂ ਦੇ ਨਾਲ।
ਹੈ ਸੀ ਫਿਰਕਾ ਕਾਦਰੀ ਦਾ ਉਹ ਬਾਲਣ ਪੀਰ।
ਵਿਚ ਮੁਰੀਦਾਂ ਵੰਡਦਾ ਬੰਦਗੀ ਦੀ ਅਕਸੀਰ।

ਮਹਾਂਕਾਵਿ ਦੇ ਪਹਿਲੇ ਚਾਰ ਅਧਿਆਇ ਵਿਚ ਸਿੱਖ ਧਰਮ ਦੇ ਉਪਜਣ ਦਾ ਸੰਖੇਪ ਇਤਿਹਾਸ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਾਰਜਸ਼ੀਲਤਾ ਅਧਿਆਇ ਪੰਜਵੇ 'ਕਰਤਾਰਪੁਰ ਦਾ ਜੁੱਧ ਤੋਂ ਸ਼ੁਰੂ ਹੁੰਦੀ ਹੈ ਜਿਸ ਵਿਚ ਉਹ ਤਿਆਗ ਮੱਲ ਤੋਂ ਤੇਗ ਬਹਾਦਰ ਬਣਦੇ ਹਨ। ਬੀਬੀ ਕੌਲਾਂ ਵਾਲਾ ਬਿਰਤਾਂਤ ਤਾਂ ਬਿਲਕੁਲ ਬੇਲੋੜਾ ਹੈ ਜਿਸ ਦਾ ਸੰਬੰਧ ਕਿਸੇ ਵੀ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਨਹੀਂ ਜੁੜਦਾ। "ਪੂਰਬ ਗਮਨ" ਵਿਚ ਪੂਰਬੀ ਭਾਰਤ ਦੇ ਪ੍ਰਚਾਰ ਦੌਰਿਆਂ ਦਾ ਵੇਰਵਾ ਹੈ। ਇਸ ਬਿਰਤਾਂਤ ਵਿਚ ਮਹਿੰਦਰ ਸਿੰਘ ਸਰਨਾ ਦਾ ਇਤਿਹਾਸ-ਅਧਿਐਨ ਵੀ ਸਾਫ-ਸਾਫ ਝਲਕਦਾ ਹੈ। ਅਧਿਆਇ ਦਸਵੇਂ ਵਿਚ ਗੁਰੂ ਜੀ ਦੀ ਸ਼ਹਾਦਤ ਦਾ ਪਿਛੋਕੜ ਸਿਰਜਿਆ ਗਿਆ ਹੈ। ਇਹ ਪਿਛੋਕੜ ਸਿਰਜਦੇ ਵਕਤ ਸਰਨਾ ਨੇ ਬਾਦਸ਼ਾਹ ਔਰੰਗਜ਼ੇਬ ਦੇ ਚਿਤਰਣ ਵਿਚ ਜੋ ਔਗੁਣਵਾਚਕ ਸ਼ਬਦ ਵਰਤੇ ਹਨ, ਉਹ ਧਿਆਨ ਦੀ ਮੰਗ ਕਰਦੇ ਹਨ:

ਔਰੰਗਜ਼ੇਬੀ ਜ਼ੁਲਮ ਦਾ ਝੁੱਲਾ ਜਦ ਤੂਫਾਨ।
ਤ੍ਰਾਸ ਤ੍ਰਾਸ ਕਰ ਉੱਠਿਆ ਸਾਰਾ ਹਿੰਦੁਸਤਾਨ।

ਹੈ ਸੀ ਉਹ ਸੁਭਾਅ ਤੋ ਅਤਿ ਜ਼ਾਲਮ ਇਨਸਾਨ।
ਅਤਿਆਚਾਰੀ, ਬੇਕਿਰਕ ਤੇ ਤਰਸੋਂ ਅਣਜਾਣ।
ਮਾਨੋ ਸੀਨੇ ਓਸ ਦੇ ਦਿਲ ਵਾਲੇ ਅਸਥਾਨ।
ਰੁੱਖੀ ਅਤੇ ਖੁਰਦਾਰੀ ਹੈਸੀ ਇਕ ਚੱਟਾਨ।

ਮਹਿੰਦਰ ਸਿੰਘ ਸਰਨਾ ਇਕ ਹੋਰ ਅਜਿਹੀ ਘਟਨਾ ਦਾ ਜ਼ਿਕਰ ਕਰਦਾ ਹੈ ਜੋ ਸ਼ਾਇਦ ਇਤਿਹਾਸ ਦੇ ਪੰਨਿਆਂ ਵਿਚ ਤਾਂ ਹੋਵੇ ਪਰ ਕਾਵਿ ਬਿਰਤਾਂਤ ਵਿਚ ਕਿਧਰੇ ਨਹੀਂ ਮਿਲਦੀ ਹੈ। ਅੱਤਿਆਚਾਰਾਂ ਅਤੇ ਜਜੀਏ ਤੋਂ ਤੰਗ ਆਏ ਦਿੱਲੀ ਦੇ ਮੁਖੀਏ ਤੇ ਸਿਰਕੱਢ ਸ਼ਹਿਰੀ ਇਕ ਦਿਨ ਸ਼ਾਹੀ ਮਹੱਲ ਦੇ ਹੇਠਾਂ ਇਕੱਠੇ ਹੋ ਕੇ ਫਰਿਆਦ ਕਰਨ ਆਏ। ਫਰਿਆਦੀ ਸਵੇਰ ਤੋਂ ਲੈ ਕੇ ਸ਼ਾਮ ਤਕ ਖਲੋਤੇ ਰਹੇ ਪਰ ਆਲਮਗੀਰ ਝਰੋਖੇ ਵਿਚ ਨਾ ਆਇਆ। ਜਦ ਉਹ ਨਮਾਜ਼ ਪੜ੍ਹਨ ਲਈ ਮਸਜਿਦ ਵੱਲ ਵਧਿਆ ਤਾਂ ਫਰਿਆਦੀ ਭੀੜ ਹੱਥ ਜੋੜ ਕੇ ਉਸ ਅੱਗੇ ਖਲੋਅ ਗਈ। ਬਜਾਇ ਫਰਿਆਦ ਸੁਣਨ ਦੇ ਆਲਮਗੀਰ ਨੇ ਭੀੜ ਖਿੰਡਾਉਣ ਲਈ ਤੁਰੰਤ ਹਾਥੀ ਮੰਗਵਾ ਲਏ ਅਤੇ ਭੀੜ ਉੱਪਰ ਚਾੜ੍ਹ ਦਿੱਤੇ। ਇਸ ਘਟਨਾ ਤੋਂ ਬਾਅਦ ਤਾਂ ਜਿਵੇਂ ਲੋਕਾਂ ਨੇ ਹਿੰਦੂ ਹੋਣਾ ਇਕ ਅਪਰਾਧ ਮੰਨ ਲਿਆ ਹੋਵੇ। ਮੰਦਰ ਢਾਹ ਕੇ ਮਸੀਤਾਂ ਬਣਾਉਣ ਦੀਆਂ ਦਮਨਕਾਰੀ ਨੀਤੀਆਂ ਉਸ ਨੇ ਜਾਰੀ ਰੱਖੀਆਂ। ਜਿੱਥੇ ਕਿਤੇ ਸੁਨਹਿਰੀ ਕਲਸ਼ ਸ਼ੋਭਦੇ ਸਨ, ਉੱਥੇ ਮਸੀਤਾਂ ਦੇ ਉੱਚੇ-ਉੱਚੇ ਮੀਨਾਰ ਉਸੱਰਨ ਲੱਗੇ। ਜ਼ੁਲਮ ਦਾ ਇਹ ਸੇਕ ਕਸ਼ਮੀਰ ਤਕ ਵੀ ਪਹੁੰਚ ਗਿਆ। ਕਸ਼ਮੀਰੀ ਪੰਡਤ ਪਹਿਲਾਂ ਜੋਦੜੀ ਲਈ ਅਮਰਨਾਥ ਦੀ ਗੁਫਾ ਵਿਚ ਹਾਜ਼ਰ ਹੋਏ ਅਤੇ ਆਪਣੀ ਸਲਾਮਤੀ ਦੀ ਗੁਹਾਰ ਲਗਾਈ। ਥੱਕ-ਹਾਰ ਕੇ ਉਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਜਾਣ ਲਈ ਵਿਚਾਰ ਕੀਤੀ। ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਉਹ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਅਤੇ ਆਪਣਾ ਦੁਖੜਾ ਰੋਇਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਨ੍ਹਾਂ ਨੂੰ ਧੀਰਜ ਤੋਂ ਕੰਮ ਲੈਣ ਦੀ ਤਲਕੀਨ ਕੀਤੀ। ਉਹ ਸੋਚ ਵਿਚਾਰ ਕਰ ਕੇ ਇਸ ਸਮੱਸਿਆ ਦਾ ਹੱਲ ਲੱਭਣ ਲੱਗੇ:

ਤੇਗ ਬਹਾਦਰ ਸਤਿਗੁਰੂ ਸੋਚਾਂ ਅੰਦਰ ਲੀਨ।
ਖਿੱਚ ਕੇ ਬੈਠੇ ਆਪਣੀ ਲਿਵ ਦੀ ਤਾਰ ਮਹੀਨ।
ਦੇਸ਼ ਵਿਆਪੀ ਜ਼ੁਲਮ ਤੇ ਕਰਦੇ ਸਨ ਵੀਚਾਰ।
ਜਿਸ ਦਾ ਹਿੰਦੁਸਤਾਨ ਸੀ ਹੋਇਆ ਅੱਜ ਸ਼ਿਕਾਰ
ਏਨੇ ਨੂੰ ਗੋਬਿੰਦ ਰਾਇ ਆ ਕੇ ਨਾਲ ਪਿਆਰ।
ਬਾਹਾਂ ਦੀ ਗਲਵਕੱੜੀ ਦਾ ਗਲ ਪਾ ਕੇ ਹਾਰ।
ਮੋੜ ਕਿਹਾ ਗੋਬਿੰਦ ਨੇ, ਤੁਹਾਥੋਂ ਵੱਧ ਮਹਾਨ।
ਨੇਤਾ ਮਾਨਵਵਾਦ ਦਾ ਕਿਹੜਾ ਵਿੱਤ ਜਹਾਨ
ਜੇਹੜਾ ਔਰੰਗਜ਼ੇਬ ਨੂੰ ਪਾ ਕੇ ਸਿੱਧੇ ਰਾਹ।
ਲਾਹੇ ਮਨੁੱਖਤਾ ਗਲੋਂ ਜਬਰ ਜ਼ੁਲਮ ਦਾ ਫਾਹ।

ਗੁਰੂ-ਘਰ ਵੱਲੋਂ ਕਸ਼ਮੀਰੀ ਪੰਡਿਤਾਂ ਨੂੰ ਉਹੋ ਹੀ ਜੁਆਬ ਮਿਲ ਗਿਆ ਜਿਸ ਦੀ ਉਹ ਆਸ ਲਗਾ ਕੇ ਆਏ ਸਨ। ਕਿਰਪਾ ਰਾਮ ਨੇ ਉਹੋ ਜੁਆਬ ਲਾਹੌਰ ਦੇ ਸੂਬੇਦਾਰ ਨੂੰ ਜਾ ਦਿੱਤਾ। ਜੁਆਬ ਸੁਣ ਕੇ ਸੂਬੇਦਾਰ ਬਹੁਤ ਖੁਸ਼ ਹੋਇਆ ਕਿ ਇਕ ਵਿਅਕਤੀ ਨੂੰ ਮੁਸਲਮਾਨ ਬਣਾਉਣ ਨਾਲ ਹਿੰਦੂ ਮੁਸਲਮਾਣ ਬਣ ਜਾਣ ਤਾਂ ਇਸ ਨਾਲੋਂ ਸਸਤਾ ਸੌਦਾ ਹੋਰ ਕਿਹੜਾ ਹੋ ਸਕਦਾ ਹੈ? ਮਹਿੰਦਰ ਸਿੰਘ ਸਰਨਾ ਸਾਰੀ ਗੱਲ ਨੂੰ ਸੰਖੇਪ ਕਰਦਾ ਹੋਇਆ ਆਖਰੀ ਸਤਰ ਵਿਚ ਗੁਰੂ ਸਾਹਿਬ ਅਤੇ ਔਰੰਗਜ਼ੇਬ ਨੂੰ ਰੂਬਰੂ ਕਰਵਾਉਂਦਾ ਹੈ। ਔਰੰਗਜ਼ੇਬ ਦਾ ਜੋ ਨਿਸ਼ਾਨਾ ਸੀ, ਉਹ ਸਪੱਸ਼ਟ ਰੂਪ ਵਿਚ ਗੁਰੂ ਸਾਹਿਬ ਨੂੰ ਦੱਸਦਾ ਹੈ:

ਚਾਹਵਾਂ ਆਪਣੇ ਰਾਜ ਵਿਚ ਐਸੀ ਬਣਤ ਬਨਾਣ।
ਨਜ਼ਰੀਂ ਆਵਣ ਹਿੰਦ ਵਿਚ ਕੇਵਲ ਮੁਸਲਮਾਨ।
ਬੁੱਤ ਪੂਜਾ ਦਾ ਮੇਟਣਾ ਚਾਹਾਂ ਨਾਮ ਨਿਸ਼ਾਨ।
ਮੰਨੇ ਇਕ ਖੁਦਾ ਨੂੰ ਸਾਰਾ ਹਿੰਦੁਸਤਾਨ
ਤਕੀਆ ਹੋਵੇ ਖਲਕ ਦਾ ਕੇਵਲ ਸ਼ਰ੍ਹਾ ਕੁਰਾਨ।
ਹੋਵਣ ਸੰਖ ਖਾਮੋਸ਼ ਤੇ ਗੂੰਜੇ ਸਿਰਫ ਅਜਾਨ।
ਇਕੋ ਹੋਵੇ ਦੀਨ ਜੇ ਤੇ ਇੱਕੋ ਤਹਿਜ਼ੀਬ।
ਦਿੱਸੇ ਕੋਈ ਗੈਰ ਨਾ ਦਿੱਸਣ ਸਬ ਹਬੀਬ।

ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਤਸੀਹੇ ਦੇ ਕੇ ਡਰਾਉਣ-ਧਮਕਾਉਣ ਦੀ ਗੱਲ ਕੀਤੀ ਗਈ ਅਤੇ ਫਿਰ ਉਨ੍ਹਾਂ ਤਿੰਨਾਂ ਨੂੰ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਅਗਲੇ ਦਿਨ ਗੁਰੂ ਸਾਹਿਬ ਨੂੰ ਪੇਸ਼ ਕੀਤਾ ਗਿਆ। ਬਾਦਸ਼ਾਹ ਨੇ ਆਪ ਬਹੁਤ ਲਾਲਚ ਦੇਣ ਦੀ ਗੱਲ ਕਹੀ ਪਰ ਗੁਰੂ ਸਾਹਿਬ ਤਾਂ ਆਪਣੀ ਦੂਰ-ਅੰਦੇਸ਼ੀ ਅੱਖ ਨਾਲ ਮੁਗ਼ਲ ਹਕੂਮਤ ਬਰਬਾਦ ਹੁੰਦੀ ਵੇਖ ਰਹੇ ਸਨ। ਏਸੇ ਲਈ ਉਨ੍ਹਾਂ ਦਾ ਬਾਦਸ਼ਾਹ ਨੂੰ ਜੁਆਬ ਸੀ:

ਸੁਰਤੀ ਦੇ ਕੰਨ ਲਾ ਕੇ ਸੁਣ ਓ ਗਾਫਲਾ,
ਕੂਕੇ ਤੇਰੇ ਸਿਰ ਤੇ ਵਕਤ ਅਖੀਰ ਦਾ।
ਕਿੰਨੇ ਸ਼ਾਹ ਸਿਕੰਦਰ ਏਥੋਂ ਤੁਰ ਗਏ,
ਪਟਾ ਨਹੀ ਲਿਖਵਾਇਆ ਕਿਸੇ ਜਗੀਰ ਦਾ।
ਮੁਗ਼ਲ ਹਕੂਮਤ ਦੇ ਦਿਨ ਪੁੱਗੇ ਆਣ ਕੇ,
ਬਦਲਣ ਵਾਲਾ ਪਾਸਾ ਇਸ ਤਸਵੀਰ ਦਾ।

ਸ਼ਹੀਦੀ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਭਾਈ ਜੈਤਾ ਜੀ ਨੇ ਚੁੱਕ ਲਿਆ ਅਤੇ ਵਾਹੋਦਾਹੀ ਠੱਲ੍ਹ ਕੇ ਕੀਰਤਪੁਰ ਸਾਹਿਬ ਪਹੁੰਚ ਗਿਆ ਜਿੱਥੋਂ ਗੁਰੂ-ਪਰਵਾਰ ਅਤੇ ਸੰਗਤ ਸ੍ਰੀ ਅਨੰਦਪੁਰ ਸਾਹਿਬ ਲੈ ਆਏ। ਉਧਰ ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਵਣਜਾਰਾ ਨੇ ਦਿੱਲੀ ਵਿਖੇ ਆਪਣੇ ਘਰ ਵਿਚ ਕਰ ਦਿੱਤਾ। ਸਰਨਾ ਨੇ ਆਪਣੇ ਮਹਾਂਕਾਵਿ ਵਿਚ ਛੰਦ ਭਾਵੇਂ

ਇੱਕ ਹੀ ਰੱਖਿਆ ਹੈ ਪਰ ਲੋੜ ਅਨੁਸਾਰ ਭਿੰਨ-ਭਿੰਨ ਰਸ ਵੀ ਪੈਦਾ ਕੀਤੇ ਹਨ। ਵੇਖਣ ਨੂੰ ਭਾਵੇਂ ਕਵਿਤਾ ਸਾਦ-ਮੁਰਾਦੀ ਲਗਦੀ ਹੈ ਪਰ ਕਿਧਰੇ-ਕਿਧਰੇ ਦਾਰਸ਼ਨਿਕਤਾ ਵਾਲੀ ਗਹਿਰਾਈ ਵੀ ਹੈ।

■

ਅਪ੍ਰੈਲ ਅਤੇ ਮਈ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ	੧੯ ਚੇਤ ੦੧ ਅਪ੍ਰੈਲ
ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	੧੯ ਚੇਤ ੦੧ ਅਪ੍ਰੈਲ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ	੨੫ ਚੇਤ ੦੭ ਅਪ੍ਰੈਲ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ	੨੭ ਚੇਤ ੦੯ ਅਪ੍ਰੈਲ
ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ	੨੭ ਚੇਤ ੦੯ ਅਪ੍ਰੈਲ
ਸਿੱਖ ਦਸਤਾਰ ਦਿਵਸ	੩੧ ਚੇਤ ੧੩ ਅਪ੍ਰੈਲ
ਖਾਲਸਾ ਸਾਜਣਾ ਦਿਵਸ (ਵੈਸਾਖੀ)	੦੧ ਵੈਸਾਖ ੧੪ ਅਪ੍ਰੈਲ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ	੦੫ ਵੈਸਾਖ ੧੮ ਅਪ੍ਰੈਲ
ਜਨਮ ਦਿਹਾੜਾ ਭਗਤ ਧੰਨਾ ਜੀ	੦੮ ਵੈਸਾਖ ੨੧ ਅਪ੍ਰੈਲ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ	੧੭ ਵੈਸਾਖ ੩੦ ਅਪ੍ਰੈਲ
ਸ਼ਹੀਦੀ ਦਿਹਾੜਾ ਸ. ਹਰੀ ਸਿੰਘ ਨਲੂਆ	੧੭ ਵੈਸਾਖ ੩੦ ਅਪ੍ਰੈਲ
ਸ੍ਰੀ ਕੀਰਤਪੁਰ ਸਾਹਿਬ ਦਾ ਸਥਾਪਨਾ ਦਿਵਸ (੪੦੦ ਸਾਲਾ)	੧੮ ਵੈਸਾਖ ੦੧ ਮਈ
ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ	੨੧ ਵੈਸਾਖ ੦੪ ਮਈ
ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਰਾਮਗੜ੍ਹੀਆ	੨੨ ਵੈਸਾਖ ੦੫ ਮਈ
ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ	੨੯ ਵੈਸਾਖ ੧੨ ਮਈ
ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ)	੦੩ ਜੇਠ ੧੭ ਮਈ
ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਆਹਲੂਵਾਲੀਆ	੦੫ ਜੇਠ ੧੯ ਮਈ
ਸ਼ਹੀਦੀ ਸਾਕਾ ਪਾਉਂਟਾ ਸਾਹਿਬ	੦੮ ਜੇਠ ੨੨ ਮਈ
ਪੂਰਨਮਾਸੀ	੨੦ ਚੇਤ ੦੨ ਅਪ੍ਰੈਲ
ਸੰਗਰਾਂਦ	੦੧ ਵੈਸਾਖ ੧੪ ਅਪ੍ਰੈਲ
ਮੱਸਿਆ	੦੪ ਵੈਸਾਖ ੧੭ ਅਪ੍ਰੈਲ
ਪੂਰਨਮਾਸੀ	੧੮ ਵੈਸਾਖ ੦੧ ਮਈ ਤੇ ੧੭ ਜੇਠ ੩੧ ਮਈ
ਸੰਗਰਾਂਦ	੦੧ ਜੇਠ ੧੫ ਮਈ
ਮੱਸਿਆ	੦੨ ਜੇਠ ੧੬ ਮਈ

■

ਵਿਆਖਿਆਕਾਰੀ (ਸਰੂਪ) : ਟੀਕਾ/ਟੀਕਾ-ਟਿੱਪਣੀ

*-ਡਾ. ਅਜੈ ਪਾਲ ਸਿੰਘ**

ਵਿਆਖਿਆਕਾਰੀ ਦੇ ਖੇਤਰ ਜਾਂ ਸਰੂਪ ਨੂੰ ਧਿਆਨ ਵਿਚ ਰੱਖਦੇ ਹੋਏ ਸਾਨੂੰ ਵਿਆਖਿਆਕਾਰੀ ਦੇ ਅਰੰਭ, ਵਿਕਾਸ ਅਤੇ ਪ੍ਰਕਾਰ ਤੋਂ ਇਲਾਵਾ ਅਲੱਗ-ਅਲੱਗ ਗ੍ਰੰਥਾਂ ਜਾਂ ਧਾਰਮਿਕ ਗ੍ਰੰਥਾਂ ਦੇ ਵਿਆਖਿਆਕਾਰੀ ਨਾਲ ਸੰਬੰਧਿਤ ਕਾਰਜਾਂ ਨੂੰ ਵਾਚਣ ਦੀ ਲੋੜ ਹੈ, ਕਿਉਂਕਿ ਵਿਆਖਿਆਕਾਰੀ ਮੁੱਢ ਤੋਂ ਹੀ ਇਕ ਬਹੁਤ ਹੀ ਮਹੱਤਵਪੂਰਨ ਅਤੇ ਗੰਭੀਰ ਵਿਸ਼ਾ ਰਿਹਾ ਹੈ, ਜਿਸਦੇ ਸਰੂਪ ਅਧੀਨ ਸਾਹਿਤ ਦੀਆਂ ਅਨੇਕਾਂ ਪ੍ਰਵਿਰਤੀਆਂ ਸ਼ਾਮਿਲ ਹੋ ਜਾਂਦੀਆ ਹਨ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਗੁਰਬਾਣੀ ਦੇ ਆਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਬੋਧ ਲਈ ਕਈ ਵਿਧੀਆਂ ਪ੍ਰਚਲਿਤ ਹਨ। ਜਿਵੇਂ ਟੀਕਾ-ਟਿੱਪਣੀ, ਟੀਕਾਕਾਰੀ, ਵਿਆਖਿਆਕਾਰੀ, ਉਲਥਾਕਾਰੀ, ਕੋਸ਼ਕਾਰੀ, ਕਥਾਕਾਰੀ ਆਦਿ। ਆਮ ਕਰਕੇ ਇਨ੍ਹਾਂ ਨੂੰ ਰਲਾ ਮਿਲਾ ਕੇ ਜਾਂ ਸਭ ਨੂੰ ਇਕੋ ਹੀ ਸਮਝਿਆ ਜਾਂਦਾ ਹੈ, ਜੋ ਕਿ ਠੀਕ ਪ੍ਰਤੀਤ ਨਹੀਂ ਹੁੰਦਾ। ਸੋ ਉਪਰੋਕਤ ਵਿਚਾਰ ਅਨੁਸਾਰ ਅਸੀਂ ਇਸ ਲੇਖ ਵਿਚ ਵਿਚ ਟੀਕਾ-ਟਿੱਪਣੀ ਦੇ ਪੱਖ ਨੂੰ ਸਮਝਣ ਦਾ ਯਤਨ ਕਰਾਂਗੇ।

ਟੀਕਾ: ਜਿੱਥੇ ਟੀਕੇ ਨੂੰ ਜਿਆਦਾਤਰ ਪਦਾਂ ਦੇ ਅਰਥ ਸਿਰਫ ਸ਼ਾਬਦਿਕ ਤੌਰ ਤੇ ਹੀ ਪ੍ਰਗਟਾਉਣ ਦਾ ਮਾਧਿਅਮ ਮੰਨਿਆ ਜਾਂਦਾ ਹੈ ਉੱਥੇ ਹੀ ਟੀਕਾ ਪਦ, ਪਦ ਅਰਥਾਂ ਵਿਚ ਪ੍ਰਾਯਵਾਚੀ ਅਰਥਾਂ ਨੂੰ ਪੇਸ਼ ਕਰਕੇ ਟੀਕਾ-ਟਿੱਪਣੀਆਂ ਸਮੇਤ ਸਰਲ ਬੋਲੀ ਵਿਚ ਪੇਸ਼ ਕਰਨ ਦਾ ਯਤਨ ਹੁੰਦਾ ਹੈ। ਇਸ ਤਰ੍ਹਾਂ ਨਾਲ ਇਹ ਟੀਕਾਕਾਰੀ ਦਾ ਪਹਿਲਾ ਸਰੂਪ ਭਾਵ ਔਖੇ ਪਦਾਂ ਨੂੰ ਪ੍ਰਗਟਾਉਣਾ ਸਥਾਪਿਤ ਹੋ ਜਾਂਦਾ ਹੈ। ਇਸ ਤੋਂ ਬਾਅਦ ਅਰਥ-ਭਾਵਾਂ ਨੂੰ ਪੂਰਨ ਰੂਪ ਵਿਚ ਸਪੱਸ਼ਟ ਕਰਨਾ ਟੀਕਾਕਾਰੀ ਦਾ ਦੂਸਰਾ ਸਰੂਪ ਜਾਂ ਕੰਮ ਕਿਹਾ ਜਾ ਸਕਦਾ ਹੈ।[੧] ਮਾਨਕ ਹਿੰਦੀ ਕੋਸ਼ ਅਨੁਸਾਰ ਟੀਕਾ ਕਿਸੇ ਪਦ, ਵਾਕ ਜਾਂ ਮੂਲ ਗ੍ਰੰਥ ਦੇ ਅਰਥ ਸਪੱਸ਼ਟ ਕਰਨ ਵਾਲਾ ਕਥਨ, ਵਾਕ ਜਾਂ ਗ੍ਰੰਥ ਹੈ।[੨] ਕਈ ਵਿਦਵਾਨਾਂ ਦਾ ਮਤ ਹੈ ਕਿ ਟੀਕਾ, ਕਿਉਂਕਿ ਕੇਵਲ ਕਠਿਨ ਪਦਾਂ ਦੀ ਵਿਆਖਿਆ ਹੈ, ਇਸ ਲਈ ਇਸਨੂੰ ਵ੍ਰਿਤੀ ਦੀ ਤਰ੍ਹਾਂ ਸੰਖੇਪ ਹੋਣਾ ਚਾਹੀਦਾ ਹੈ।[੩] ਭਾਈ ਕਾਨ੍ਹ ਸਿੰਘ ਨਾਭਾ ਦਾ ਮੰਨਣਾ ਹੈ ਟੀਕਾ ਸ਼ਬਦ ਦੀ ਉਤਪਤੀ 'ਟੀਕ' ਧਾਤੂ ਤੋਂ ਹੋਈ ਹੈ ਜਿਸ ਦਾ ਭਾਵ ਹੈ ਬਿਆਨ ਕਰਨਾ ਜਾਂ ਕੁੱਦਣਾ।[੪] ਸੂਤ੍ਰਿਕ ਜਾਂ ਕਲਿਸ਼ਟ ਰਚਨਾਵਾਂ ਨੂੰ ਸਰਲ ਅਤੇ ਸੰਖੇਪ ਰੂਪ ਵਿਚ ਅਰਥ ਕਰਨ ਵਾਲੀ ਵਿਧਾ ਨੂੰ 'ਟੀਕਾ'

* *ਸ/ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ- ੧੪੦੪੦੨; ਸ੍ਰੀ ਫ਼ਤਿਹਗੜ੍ਹ ਸਾਹਿਬ। ਮੋ. ੯੪੧੭੧੬੪੦੦੫*

ਕਿਹਾ ਜਾਂਦਾ ਹੈ।[੫] ਪੰਜਾਬੀ ਜਗਤ ਵਿਚ ਟੀਕੇ ਅਤੇ ਵਿਆਖਿਆ ਦਾ ਪੱਖ ਸਹਿਜੇ ਹੀ ਇਕ ਦੂਜੇ ਦੀ ਜਗ੍ਹਾ ਵਰਤ ਲਿਆ ਜਾਂਦਾ ਹੈ। ਅਰਥਾਂ ਨੂੰ ਬਿਆਨਦੇ ਹੋਏ ਵਿਆਖਿਆਕਾਰ ਜ਼ਿਆਦਾਤਰ ਇੱਕੋ ਭਾਵ ਨਾਲ ਹੀ ਇਨ੍ਹਾਂ ਦੋਨਾਂ ਸ਼ਬਦਾਂ ਦੀ ਵਰਤੋਂ ਕਰਦਾ ਹੈ, ਜਿਸ ਤੋਂ ਇਨ੍ਹਾਂ ਦੋਨਾਂ ਪੱਖਾਂ ਦੀ ਗੂੜ੍ਹੀ ਸਾਂਝ ਸਾਡੇ ਸਾਹਮਣੇ ਆਉਂਦੀ ਹੈ। ਮਿਸਾਲ ਵਜੋਂ ਭਾਈ ਵੀਰ ਸਿੰਘ ਆਪਣੇ ਟੀਕੇ ਵਿਚ ਅਰਥਾਂ ਨੂੰ ਬਿਆਨਣ ਲਈ ਉਪ-ਸ਼ੀਰਸ਼ਕ ਵਿਆਖਿਆ ਦੀ ਵਰਤੋਂ ਕਰਦੇ ਹਨ। ਏਸ ਤੋਂ ਜ਼ਿਹਨ ਵਿਚ ਇਹ ਸਵਾਲ ਉੱਠਦਾ ਹੈ ਕਿ ਕੀ ਭਾਈ ਸਾਹਿਬ ਆਪਣੀ ਵਿਆਖਿਆਕਾਰੀ ਦੌਰਾਨ ਟੀਕੇ ਨੂੰ ਕੋਈ ਵੱਖਰੀ ਵਿਧਾ ਬਿਆਨਦੇ ਹਨ? ਇਸ ਪ੍ਰਸ਼ਨ ਦਾ ਉੱਤਰ ਟੀਕੇ ਦੀ ਭੂਮਿਕਾ ਵਿੱਚੋਂ ਹੀ ਪ੍ਰਾਪਤ ਹੋ ਜਾਂਦਾ ਹੈ ਜਿੱਥੇ ਭਾਈ ਸਾਹਿਬ ਇਕ ਨੋਟ ਅਧੀਨ ਆਪਣੀ ਇਸ ਕ੍ਰਿਤੀ ਨੂੰ ਟੀਕਾ ਬਿਆਨਦੇ ਹਨ। ਜਿਵੇਂ, "ਅਸਾਂ ਇਸ ਟੀਕੇ ਵਿਚ ਕਿਸੇ ਇਕ ਪੱਖ ਦੀ ਨਿੱਜੀ ਕੋਈ ਖਿਚੋਤਾਣ ਨਹੀਂ ਕੀਤੀ, ਜੋ ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦੇਂਦੇ ਹਨ ਜੋ ਨਿਜ ਮਨ ਨੂੰ ਗੁਰੂ ਆਸ਼ਯ ਨਿਸ਼ਚੈ ਹੁੰਦਾ ਹੈ ਉਹ ਲਿਖਿਆ ਹੈ ਮੁਸ਼ਕਲਾਂ ਵੇਲੇ ਅਰਦਾਸ ਕਰਕੇ ਰਹਿਨੁਮਾਈ ਦੀ ਯਾਚਨਾ ਕੀਤੀ ਹੈ। ਸਾਡਾ ਆਸ਼ਯ ਇਹ ਹੈ ਕਿ ਗੁਰਬਾਣੀ ਦੇ ਅਰਥ ਗੁਰ ਆਸ਼ਯ ਦੇ ਅਨੁਕੂਲ ਹੋਣ ਤੇ ਰਾਇ ਦੇ ਵਖੇਵੇਂ ਵਾਲੇ, ਮੂਲ ਵਾਂਙੂੰ ਅਰਥਾਂ ਵਿਚ ਨਿਰਲੇਪਤਾ ਤੇ ਅਸਲੀਅਤ ਨੂੰ ਅਨੁਭਵ ਕਰਨ।"[੬] ਭਾਈ ਸਾਹਿਬ ਤੋਂ ਇਲਾਵਾ ਇਸੇ ਰਚਨਾ ਦੀ ਭੂਮਿਕਾ ਵਿਚ ਡਾ. ਬਲਬੀਰ ਸਿੰਘ ਵੀ ਇਸ ਕ੍ਰਿਤੀ ਨੂੰ ਟੀਕੇ[੭] ਵਜੋਂ ਸੰਬੋਧਿਤ ਹੁੰਦੇ ਹਨ। ਉਪਰੋਕਤ ਪੱਖ ਤੋਂ ਇਹ ਗੱਲ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਸਾਹਿਤ ਵਿਚ ਟੀਕਾ ਤੇ ਵਿਆਖਿਆ ਇੱਕੋ ਸੰਦਰਭ ਵਿਚ ਦੇਖੀਆਂ ਜਾਂਦੀਆ ਹਨ। ਇਸੇ ਪੱਖ ਨੂੰ ਹੋਰ ਸਪੱਸ਼ਟ ਕਰਦੇ ਬਲਬੀਰ ਸਿੰਘ ਨੰਦਾ ਲਿਖਦੇ ਹਨ ਕਿ ਡਾ. ਬਲਬੀਰ ਸਿੰਘ ਦੀ ਸ਼ੈਲੀ ਵਿਚ ਵਿਆਖਿਆ ਅਤੇ ਟੀਕਾ ਇਕੋ ਹੀ ਹੈ ਕਿਉਂਕਿ ਉਹ ਭਾਈ ਗੁਰਦਾਸ ਜੀ ਦੀ ਕ੍ਰਿਤ ਨੂੰ ਟੀਕਾ ਰੂਪ ਵਿਆਖਿਆ ਆਖਦੇ ਹਨ। ਜਿਵੇਂ, ਮੈਂ ਜੋ ਕੁਛ ਕਿਹਾ ਹੈ, ਇਹ ਇਕ ਨਮੂਨੇ ਮਾਤ੍ਰ ਹੈ ਤੇ ਐਸ ਵੇਲੇ ਇਤਨੇ ਵਿਸਥਾਰ ਵਿਚ ਜਾਣ ਦੀ ਲੋੜ ਪ੍ਰਤੀਤ ਨਹੀਂ ਹੁੰਦੀ, ਜਿਸ ਨਾਲ ਇਹ ਸਿਧ ਕੀਤਾ ਜਾਵੇ ਕਿ ਕਿਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਕ੍ਰਿਤ ਇਕ ਟੀਕਾ ਰੂਪ ਵਯਾਖਯਾ ਹੈ ਗੁਰਬਾਣੀ ਦੀ।[੮]

ਟੀਕੇ ਦਾ ਇਤਿਹਾਸ ਵਾਚਦਿਆਂ ਇਹ ਪੱਖ ਸਾਹਮਣੇ ਆਉਂਦਾ ਹੈ ਕਿ ਟੀਕਾ ਕਿਸੇ ਵੀ ਪੰਕਤੀ ਦਾ ਬਾਹਰੀ ਮੁਹਾਂਦਰਾ ਪ੍ਰਗਟਾਉਂਦਾ ਹੋਇਆ ਪਾਠ ਦੇ ਸ਼ਾਬਦਿਕ, ਸੌਖੇ ਜਾਂ ਸਤਹੀ ਅਰਥ ਪੇਸ਼ ਕਰਦਾ ਹੈ ਅਤੇ ਟੀਕੇ ਦੌਰਾਨ ਇਕ ਵਿਸ਼ੇਸ਼ ਤਰ੍ਹਾਂ ਦਾ ਗਿਆਨ ਸ਼ਾਸਤਰੀ ਪਰਿਪੇਖ ਸਿਰਜਿਆ ਜਾਂਦਾ ਹੈ, ਜਿਸ ਦੁਆਰਾ ਪਾਠ ਵਿਚ ਦਰਜ ਅਧਿਆਤਮਕ ਕਾਵਿ ਨੂੰ ਅੰਤਿਮ ਸੱਚ ਦੇ ਰੂਪ ਵਿਚ ਪੇਸ਼ ਕਰ ਕੇ ਵਿਆਖਿਆ ਕੀਤੀ ਜਾਂਦੀ ਹੈ।[੯] ਜਿਸ ਤਰ੍ਹਾਂ ਹਰੇਕ ਪਦ ਦਾ ਇਕ ਵਿਸ਼ੇਸ਼ ਅਰਥ ਹੁੰਦਾ ਹੈ ਉਸੇ

ਤਰ੍ਹਾਂ ਸਾਰੀ ਪੰਕਤੀ ਜਾਂ ਤੁਕ ਦਾ ਵੀ ਵਿਸ਼ੇਸ਼ ਅਰਥ ਮੰਨਿਆ ਜਾਂਦਾ ਹੈ। ਕੁਝ ਵਿਦਵਾਨਾਂ ਦਾ ਇਹ ਵੀ ਵੀਚਾਰ ਹੈ ਕਿ ਟੀਕਾ ਲਲਾਟ ਜਾਂ ਮਸਤਕ ਉੱਪਰ ਲਗਾਈ ਜਾਣ ਵਾਲੀ ਕੁਮਕੁਮ ਜਾਂ ਕੇਸਰ ਆਦਿ ਦੀ ਰੇਖਾ ਨੂੰ ਕਿਹਾ ਜਾਂਦਾ ਹੈ। ਇਸੇ ਪ੍ਰਕਾਰ ਪੁਰਾਤਨ ਸਮੇਂ ਹਸਤ ਲੇਖ ਦੇ ਕੇਂਦਰ ਵਿਚ ਮੂਲ ਰਚਨਾ ਅਤੇ ਉਪੱਰਲੇ ਭਾਗ ਵਿਚ ਲਲਾਟ ਉੱਪਰ ਮੂਲ ਦੀ ਵਿਆਖਿਆ ਲਿਖੀ ਜਾਂਦੀ ਸੀ। ਗ੍ਰੰਥਾਂ ਦੀ ਵਿਆਖਿਆ ਨੂੰ ਵੀ ਸੰਸਕ੍ਰਿਤ ਭਾਸ਼ਾ ਅਨੁਸਾਰ ਟੀਕਾ ਕਿਹਾ ਜਾਣ ਲੱਗਾ। ਗ੍ਰੰਥ ਦੇ ਉੱਪਰਲੇ ਭਾਗ ਵਿਚ ਟੀਕਾ ਪੂਰਾ ਨਾ ਆ ਸਕਣ ਦੇ ਕਾਰਨ ਉਸਨੂੰ ਗ੍ਰੰਥ ਦੇ ਨਿਚਲੇ ਭਾਗ 'ਤੇ ਵੀ ਲਿਖ ਦਿੱਤਾ ਜਾਂਦਾ ਸੀ।[੧੦]

ਉਪਰਲੀ ਵਿਚਾਰ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਟੀਕੇ ਨੂੰ ਨਾ ਸਿਰਫ ਔਖੇ ਅਰਥਾਂ ਦੇ ਅਰਥ ਪ੍ਰਗਟਾਉਣ ਤਕ ਸੀਮਿਤ ਰੱਖਿਆ ਜਾ ਸਕਦਾ ਹੈ ਤੇ ਨਾ ਹੀ ਸੌਖੇ ਪਦਾਂ ਤਕ, ਬਲਕਿ ਟੀਕੇ ਵਿਚ ਹਰ ਤਰ੍ਹਾਂ ਦੀ ਵਿਆਖਿਆ ਦਾ ਰੂਪ ਦੇਖਣ ਨੂੰ ਮਿਲਦਾ ਹੈ। ਭਾਵ ਇਹ ਬੰਧਨ ਮੁਕਤ ਪਦ ਕਿਹਾ ਜਾ ਸਕਦਾ ਹੈ। ਗਦ ਜਾਂ ਪਦ ਕਿਸੇ ਰੂਪ ਵਿਚ ਵੀ ਟੀਕੇ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।

ਟਿੱਪਣੀ: ਟਿੱਪਣੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ 'commentary' ਦੀ ਤਰ੍ਹਾਂ ਪ੍ਰਯੋਗ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਆਮ ਹੀ ਟੀਕਾ-ਟਿੱਪਣੀ ਸ਼ਬਦ ਦੀ ਵਰਤੋਂ ਹੁੰਦੀ ਹੈ। 'The New Encylopaedia Britannica' ਅਨੁਸਾਰ commentary ਸ਼ਬਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ "ਯਾਦ ਕਰਨ ਦੇ ਲਈ ਕਿਸੇ ਵੀ ਟਿੱਪਣੀ ਆਧਾਰਿਤ ਗੱਲ ਨੂੰ ਜਦੋਂ ਲਿਖਿਆ ਜਾਂਦਾ ਹੈ ਉਦੋਂ ਉਸ ਨੂੰ commentary ਆਖਿਆ ਜਾ ਸਕਦਾ ਹੈ।"[੧੧] ਡਾ. ਜੋਗਿੰਦਰ ਸਿੰਘ ਅਨੁਸਾਰ ਟਿੱਪਣੀ ਤੋਂ ਭਾਵ "ਸੰਖੇਪ ਵਿਚ ਕੀਤੇ ਗਏ ਟੀਕੇ ਨੂੰ ਟਿੱਪਣੀ ਕਹਿੰਦੇ ਹਨ ਜਿਸ ਵਿਚ ਕੇਵਲ ਕਠਿਨ ਪਦਾਂ ਦੀ ਵਿਆਖਿਆ ਹੁੰਦੀ ਹੈ ਭਾਵੇਂ ਉਹ ਸੌਖੇ ਹੋਣ ਜਾਂ ਔਖੇ। ਆਮ ਤੌਰ 'ਤੇ 'ਟਿੱਪਣੀ' ਸ਼ਬਦ ਅੰਗ੍ਰੇਜ਼ੀ ਦੇ ਸ਼ਬਦ 'ਨੋਟ' ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਕਈ ਵਾਰੀ ਟੀਕਾ-ਟਿੱਪਣੀ ਸ਼ਬਦ ਦਾ ਜੁੜਵਾਂ ਪ੍ਰਯੋਗ ਵੀ ਕੀਤਾ ਜਾਂਦਾ ਹੈ ਜਿਸ ਦਾ ਅਰਥ 'ਆਲੋਚਨਾ' ਹੁੰਦਾ ਹੈ।"[੧੨] ਡਾ. ਚੰਦਰ ਸ਼ੇਖਰ ਟੀਕਾ-ਟਿੱਪਣੀ ਉਦਭਵ ਸੰਬੰਧੀ ਇਹ ਵਿਚਾਰ ਦਰਜ ਕਰਦੇ ਹਨ ਕਿ ਟੀਕਾ-ਟਿੱਪਣੀ ਦੀਆਂ ਪੈੜ੍ਹਾਂ ਮਨੁੱਖੀ ਸੁਭਾ ਤੇ ਉਸ ਦੇ ਆਦਿਸ ਆਚਰਣ ਵਿਚ ਭਾਲੀਆਂ ਜਾ ਸਕਦੀਆਂ ਹਨ। ਕਈ ਵਾਰ ਅਸੀਂ ਆਪ ਆਪਣੇ ਟੀਕਾਕਾਰ ਬਣਦੇ ਹਾਂ ਤੇ ਆਪਣੇ ਕਥਨਾਂ ਵਿਚਾਰਾਂ ਤੇ ਆਪ ਹੀ ਟਿੱਪਣੀ ਕਰਦੇ ਹਾਂ। ਕਈ ਵਾਰ ਕਿਸੇ ਨੂੰ ਅਸਾਡੀ ਕਥਨੀ ਕਰਨੀ ਲਿਖਣੀ ਦੀ ਟੀਕਾ ਟਿੱਪਣੀ ਕਰਨੀ ਪੈਂਦੀ ਹੈ। ਟੀਕਾ-ਟਿੱਪਣੀ ਦੀ ਪ੍ਰਕਿਰਿਆ ਉਸੇ ਵੇਲੇ ਹੋਂਦ ਵਿਚ ਆ ਗਈ ਹੋਵੇਗੀ ਜਦੋਂ ਕਿਸੇ ਵਿਅਕਤੀ ਨੇ ਆਪਣੇ ਵਕਤਵਿਆ ਦਾ ਭਾਵ ਆਪ ਸਪੱਸ਼ਟ ਕੀਤਾ ਹੋਵੇਗਾ ਜਾਂ ਉਸ

ਨੇ ਉਸ ਦਾ ਭਾਵ-ਜਾਣਨ ਦੀ ਜਿਗਿਆਸਾ ਪ੍ਰਗਟ ਕੀਤੀ ਹੋਵੇਗੀ। ਵਕਤਾ-ਸ੍ਰੋਤਾ, ਆਪਸੀ ਸੰਵਾਦ, ਪ੍ਰਸ਼ੋਨਤਰ-ਜਿਗਿਆਸਾ ਪੂਰਨ ਵਾਰਤਾਲਾਪ ਇਨ੍ਹਾਂ ਦਿਸ਼ਾਵਾਂ ਵਿਚ ਟੀਕਾ ਟਿੱਪਣੀ ਦੀ ਪ੍ਰਕਿਰਿਆ ਗਤੀਮਾਨ ਹੋਈ ਹੈ। ਇਸ ਦਾ ਅਰੰਭਿਕ ਪਿੜ ਜਾਂ ਬੋਹੜ ਹੇਠਾਂ, ਅੰਗੀਠੇ ਦੇ ਆਲੇ ਦੁਆਲੇ ਜੁੜਿਆਂ ਗੋਸ਼ਠੀਆਂ, ਨਦੀਆਂ ਦੀਆਂ ਬਹਿੰਦੇ ਜਲਕੁੰਡਾਂ ਦੇ ਕੰਢੇ ਤੇ ਹੋਈਆਂ ਸਭਾਵਾਂ, ਕਿਸੇ ਪਰਵ ਉਤਸਵ ਸਮਾਗਮ, ਜੋੜ-ਮੇਲੇ ਦੇ ਵਿਚਾਰ ਵਟਾਂਦਰੇ, ਸਹਜ ਹੀ ਕੋਈ ਗੱਲ ਚਲਦੀ, ਵਿਚਾਰ ਸਾਮ੍ਹਣੇ ਆਉਂਦਾ ਹੈ। ਇਸ ਤਰ੍ਹਾਂ ਸਵੈ-ਸ਼ੰਕਾ ਪ੍ਰਸ਼ਨ ਉੱਠਦੇ ਹਨ ਤੇ ਗਤੀਸ਼ੀਲ ਹੋ ਪੈਂਦੀ ਹੈ ਟੀਕਾ-ਟਿੱਪਣੀ ਦੀ ਪ੍ਰਕਿਰਿਆ।[੧੩]

ਟਿੱਪਣੀ ਦੇ ਸੰਖੇਪ ਵਿਆਖਿਆ ਦੇ ਗੁਣ ਤੋਂ ਇਹ ਵ੍ਰਿਤੀ ਦੇ ਕਾਫੀ ਨੇੜੇ ਜਾਪਦੀ ਹੈ। ਇਸ ਵਿਚ ਕੇਵਲ ਕਠਿਨ ਸ਼ਬਦਾਂ ਦੇ ਅਰਥ ਜਦਕਿ ਵ੍ਰਿਤੀ ਵਿਚ ਸਾਰੀ ਰਚਨਾ ਦੀ ਸੰਖੇਪ ਵਿਆਖਿਆ ਕੀਤੀ ਜਾਂਦੀ ਹੈ। ਸਰਲਤਾ ਦੇ ਪੱਖ ਤੋਂ ਟਿੱਪਣੀ ਟੀਕੇ ਦੇ ਵੱਧ ਨਜ਼ਦੀਕ ਜਾਪਦੀ ਹੈ ਬਲਕਿ ਇਹ ਤਾਂ ਟੀਕੇ ਨਾਲੋਂ ਵੀ ਸੁਖੈਨ ਮੰਨੀ ਜਾਂਦੀ ਹੈ ਕਿਉਂਕਿ ਟੀਕੇ ਵਿਚ ਕਈ ਔਖੀਆਂ ਵਿਧੀਆਂ ਦੀ ਵਰਤੋਂ ਹੁੰਦੀ ਹੈ ਪ੍ਰੰਤੂ ਟਿੱਪਣੀ ਵਿਚ ਅਜਿਹੀ ਕੋਈ ਵਿਧੀ ਨਾ ਹੋਣ ਕਾਰਣ ਸੰਖੇਪ ਵਿਆਖਿਆਨ ਹੀ ਹੁੰਦਾ ਹੈ। ਦੇਵਿੰਦਰ ਸਿੰਘ ਵਿਦਿਆਰਥੀ ਟੀਕੇ ਤੇ ਟਿੱਪਣੀ ਵਿਚ ਭੇਦ ਪ੍ਰਗਟਾਉਂਦੇ ਲਿਖਦੇ ਹਨ... ਟਿੱਪਣੀ ਵਿਚ ਰਚਨਾ ਦੇ ਰਸਾਤਮਕ ਅੰਗਾਂ ਵੱਲ ਵਧੇਰੇ ਧਿਆਨ ਖਿੱਚਿਆ ਜਾਂਦਾ ਹੈ। ਮੁੱਖ ਤੇ ਗੌਣ ਅੰਗਾਂ ਦੀ ਸੁਘੜਤਾ, ਸਰਸਤਾ ਦੀ ਸਾਰਥਕਤਾ ਸਥਾਪਿਤ ਕਰਨਾ ਹੀ ਟੀਕਾ-ਟਿੱਪਣੀ ਦਾ ਉਦੇਸ਼ ਹੁੰਦਾ ਹੈ। ਯਾਦਾਸ਼ਤ ਲਈ ਸੰਖਿਪਤ ਰੂਪ ਵਿਚ ਵੱਖ ਲਿਖ ਕੇ ਰੱਖੇ ਕਿਸੇ ਲੇਖ ਨੂੰ ਟਿੱਪਣੀ ਆਖਿਆ ਗਿਆ ਹੈ। ਕਿਸੇ ਵਿਸ਼ੇ ਦੇ ਸੰਬੰਧ ਵਿਚ ਪ੍ਰਗਟ ਕੀਤਾ ਗਿਆ ਵਿਚਾਰ ਵੀ ਟਿੱਪਣੀ ਅਖਵਾਉਂਦਾ ਹੈ। ਕਿਸੇ ਅਖ਼ਬਾਰ ਰਸਾਲੇ ਪੁਸਤਕ ਆਦਿ ਵਿਚ ਕਿਸੇ ਸ਼ਬਦ, ਵਾਕ, ਲੇਖ ਜਾਂ ਲੇਖਕ ਦੇ ਸੰਬੰਧ ਵਿਚ ਸੰਪਾਦਕ ਵੱਲੋਂ ਪੇਸ਼ ਕੀਤੇ ਗਏ ਸੰਖੇਪ ਵਿਚਾਰਾਂ ਲਈ ਟਿੱਪਣੀ ਸ਼ਬਦ ਵਰਤਿਆ ਜਾਂਦਾ ਹੈ। ਟਿੱਪਣੀ ਵਿਚ ਟੀਕੇ ਵਾਂਗ ਸਾਰੇ ਆਵਸ਼ਕ ਪਦਾਂ ਦੀ ਵਿਆਖਿਆ ਨਹੀਂ ਹੁੰਦੀ ਬਲਕਿ ਇਹ ਟੀਕੇ ਦੇ ਔਖੇ ਭਾਗਾਂ ਦਾ ਅਰਥ ਸਪੱਸ਼ਟ ਕਰਨ ਲਈ ਲਿਖੀ ਜਾਂਦੀ ਹੈ। ਪਤੰਜਲੀ ਦੇ ਮਹਾਭਾਸ਼ਯ ਉੱਤੇ ਕਯੱਟ ਨੇ 'ਪ੍ਰਦੀਪ ਟੀਕਾ' ਲਿਖਿਆ ਅਤੇ ਇਸ ਟੀਕੇ ਉੱਤੇ ਨਾਗੇਸ਼ ਨੇ 'ਉਧੋਤ' ਟਿੱਪਣੀ ਲਿਖੀ।[੧੪]

ਸੋ ਵਿਆਖਿਆਕਾਰੀ ਦੇ ਸਰੂਪ ਨਾਲ ਸੰਬੰਧਿਤ ਉਪਰੋਕਤ ਵਿਚਾਰ ਤੋਂ ਜਿੱਥੇ ਸਾਨੂੰ ਟੀਕਾ-ਟਿੱਪਣੀ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉੱਥੇ ਹੀ ਇਨ੍ਹਾਂ ਦੋਹਾਂ ਪੱਖਾਂ ਵਿਚਲਾ ਭੇਦ ਵੀ ਸਮਝ ਆਉਂਦਾ ਹੈ। ਸਰਲਤਾ ਦੇ ਪੱਖ ਤੋਂ ਟਿੱਪਣੀ, ਟੀਕੇ ਤੋਂ ਸੁਖੈਨ ਪ੍ਰਤੀਤ ਹੁੰਦੀ ਹੈ ਜਦਕਿ ਟੀਕੇ ਦੌਰਾਨ ਅਰਥ ਪ੍ਰਗਟਾਉਣ ਸਮੇਂ ਕਈ ਵਾਰ ਵਿਆਕਰਣ ਦੀਆਂ ਵਿਧਾਵਾਂ ਦੀ ਵਰਤੋਂ ਹੁੰਦੀ ਹੈ। ਗੁਰਬਾਣੀ ਵਿਆਖਿਆਕਾਰੀ

ਅਤੇ ਗੁਰਬਾਣੀ ਵਿਆਖਿਆ-ਸ਼ਾਸਤਰ ਦੇ ਅਹਿਮ ਸੰਦਾਂ ਵਿਚ ਇਨ੍ਹਾਂ ਪੱਖਾਂ ਦੀ ਵਿਸ਼ੇਸ਼ ਭੂਮਿਕਾ ਹੋਣ ਕਾਰਨ ਟੀਕਾ-ਟਿੱਪਣੀ ਦੀ ਮੁੱਢਲੀ ਸਮਝ ਹੋਣੀ ਜ਼ਰੂਰੀ ਜਾਪਦੀ ਹੈ।

ਹਵਾਲੇ :

੧. Vaman Shiv Ram, The Practical Sanskrit-English Dictionary, Vol. 2nd, 1958, p. 570

੨. ਰਾਮ ਚੰਦ੍ ਵਰਮਾ (ਸੰਪਾ.), *ਮਾਨਕ ਹਿੰਦੀ ਕੋਸ਼,* ਹਿੰਦੀ ਸਾਹਿੱਯ ਸੰਮੇਲਨ, ਪ੍ਰਯਾਗ, ੧੯੬੫, ਪੰਨਾ ੧੦੮

੩. ਭੱਟਾਚਾਰੀਆ ਤਾਰਾ ਨਾਥ, *ਸ਼ਬਦ ਸਤੋਮ ਮਹਾਨਿਧੀ* (ਸੰਸਕ੍ਰਿਤ ਵਿਧਾਨਮ), ਚੌਖੰਬਾ ਸੰਸਕ੍ਰਿਤ ਸੀਰੀਜ਼ ਆਫਿਸ, ਵਾਰਾਣਸੀ, ੧੯੬੭, ਪੰਨਾ ੧੮੯

੪. ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਤੀਜਾ ਸੰਸਕਰਣ, ਭਾਸ਼ਾ ਵਿਭਾਗ, ਪਟਿਆਲਾ, ੧੯੮੧, ਪੰਨਾ ੫੫੧

੫. ਡਾ. ਰਤਨ ਸਿੰਘ ਜੱਗੀ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼,* ਭਾਗ ਤੀਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੧੦੦੨

੬. ਡਾ. ਗੁਰਚਰਨ ਸਿੰਘ (ਸੰਪਾ.), *ਭਾਈ ਵੀਰ ਸਿੰਘ ਦੀ ਸਾਹਿਤਿਕ ਪ੍ਰਤਿਭਾ,* ਜੋਗਿੰਦਰ ਸਿੰਘ (ਡਾ.), ਭਾਈ ਵੀਰ ਸਿੰਘ : ਗੁਰਬਾਣੀ ਦਾ ਟੀਕਾਕਾਰ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ੧੯੮੯,ਪੰਨੇ ੫੬

੭. ਮੈਂ ਡਿਹਰਾਦੂਨ ਤੋਂ ਅੰਮ੍ਰਿਤਸਰ ਗਿਆ ਸੀ, ਉਹ ਮੈਨੂੰ ਉਡੀਕ ਰਹੇ ਸਨ, ਕੁਛ ਤਾਂਘ ਨਾਲ, ਕਈ ਗੱਲਾਂ ਸਨ ਕਰਨ ਵਾਲੀਆਂ ਪਰ ਜੇਹੜੀ ਸਭ ਤੋਂ ਜਰੂਰੀ ਗੱਲ ਸੀ, ਉਹ ਇਸ ਟੀਕੇ ਬਾਬਤ ਹੀ ਸੀ, ਜਿਸ ਦਾ ਨਾਮ ਉਹਨਾਂ ਨੇ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਰੱਖਿਆ ਹੈ। (ਭਾਈ ਵੀਰ ਸਿੰਘ ਰਚਿਤ ਸੰਥਯਾ ਸੈਂਚੀਆਂ, ਭੂਮਿਕਾ, ਪੰਨਾ ੳ

੮. ਅਮਰਜੀਤ ਸਿੰਘ ਢਿਲੋਂ (ਸੰਪਾ.), *ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ-ਕੁੱਝ ਦ੍ਰਿਸ਼ਟੀਕੋਣ,* ਬਲਬੀਰ ਸਿੰਘ ਨੰਦਾ (ਡਾ.), 'ਪੰਜਾਬੀ ਟੀਕਾਕਾਰੀ ਦੀਆਂ ਮੁੱਖ ਪ੍ਰਵ੍ਰਿੱਤੀਆਂ', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੪, ਪੰਨਾ ੧੧੬

੯. ਹਰਪਾਲ ਸਿੰਘ (ਡਾ.), *ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ : ਸਮੀਖਿਆਤਮਕ ਅਧਿਐਨ* (੧੯੭੪ ਤੋਂ ੨੦੦੦ ਤੱਕ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੨੦੧੫, ਪੰਨਾ ੧੪੧

੧੦. ਕਾਨ੍ਹ ਸਿੰਘ ਨਾਭਾ, (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਦੂਜਾ ਐਡੀਸ਼ਨ, ਭਾਸ਼ਾ ਵਿਭਾਗ, ਪਟਿਆਲਾ, ੧੯੮੧, ਪੰਨਾ ੫੫੧

੧੧. Peter B. Norton & Joseph J. Esposito, *'The New Encylopaedia Britannica'*, Vol.3, P. 488

੧੨. ਡਾ. ਗੁਰਚਰਨ ਸਿੰਘ (ਸੰਪਾ.), *ਆਲੋਚਨਾ,* ਜੁਲਾਈ-ਸਤੰਬਰ ੧੯੮੬, ਜੋਗਿੰਦਰ ਸਿੰਘ ਨੰਦਾ (ਡਾ.), 'ਪੰਜਾਬੀ ਟੀਕਾਕਾਰੀ: ਸਰੂਪ ਅਤੇ ਵਿਕਾਸ', ਪੰਨਾ ੨

੧੩. ਅਮਰਜੀਤ ਸਿੰਘ ਢਿੱਲੋਂ (ਸੰਪਾ.), *ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ : ਕੁਝ ਦ੍ਰਿਸ਼ਟੀਕੋਣ,* ਡਾ. ਚੰਦਰ ਸ਼ੇਖਰ, ਸੰਸਕ੍ਰਿਤ ਗ੍ਰੰਥਾਂ ਦੀ ਪੰਜਾਬੀ ਟੀਕਾਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ ੧੫੪-੧੫੫

੧੪. ਡਾ. ਧੀਰੇਂਦ੍ ਵਰਮਾ, *ਹਿੰਦੀ ਸਾਹਿੱਤਯ ਕੋਸ਼,* ਪ੍ਰਥਮ ਸੰਸਕਰਣ, ਗਿਆਨ ਮੰਡਲ ਲਿਮਿ. ਵਾਰਾਣਸੀ, ੧੯੮੫, ਪੰਨਾ ੭੧੪

ਡੀਪ ਫੇਕ ਟੈਕਨੋਲੋਜੀ ਅਤੇ ਆਰਟੀਫ਼ਿਸ਼ਲ ਇੰਟੈਲੀਜੈਂਸ

*-ਸ. ਬਿਕਰਮਜੀਤ ਸਿੰਘ**

ਵਰਤਮਾਨ ਵਿਚ ਮਨੁੱਖ ਇੱਕ ਨਵੇਂ ਡਿਜੀਟਲ ਮੋੜ 'ਤੇ ਖੜਾ ਹੈ। ਏ.ਆਈ. ਅਤੇ ਡੀਪ ਫੇਕ ਟੈਕਨੋਲੋਜੀ ਨੇ ਸਮਾਜ ਦੇ ਹਰੇਕ ਖੇਤਰ ਵਿਚ ਡੂੰਘਾ ਪ੍ਰਭਾਵ ਪਾਇਆ ਹੈ। ਜਿੱਥੇ ਇਹ ਤਕਨੀਕਾਂ ਵਿਕਾਸ ਅਤੇ ਸਹੂਲਤ ਦਾ ਦਰਵਾਜ਼ਾ ਖੋਲ੍ਹ ਰਹੀਆਂ ਹਨ, ਉੱਥੇ ਹੀ ਇਹ ਸਮਾਜਿਕ ਅਤੇ ਨੈਤਿਕ ਚੁਣੌਤੀਆਂ ਵੀ ਪੈਦਾ ਕਰ ਰਹੀਆਂ ਹਨ। ਆਰਟੀਫ਼ਿਸ਼ਲ ਇੰਟੈਲੀਜੈਂਸ ਉਹ ਤਕਨੀਕ ਹੈ ਜਿਸ ਰਾਹੀਂ ਮਸ਼ੀਨਾਂ ਮਨੁੱਖੀ ਸੋਚ, ਫੈਸਲਾ ਕਰਨ ਅਤੇ ਸਿੱਖਣ ਦੀ ਸਮਰੱਥਾ ਪ੍ਰਾਪਤ ਕਰਦੀਆਂ ਹਨ। ਇਹ ਡਾਟਾ ਦਾ ਵਿਸ਼ਲੇਸ਼ਣ ਕਰਦੀ ਹੈ, ਪੈਟਰਨ ਪਛਾਣਦੀ ਹੈ ਅਤੇ ਉਸ ਆਧਾਰ 'ਤੇ ਨਤੀਜੇ ਤਿਆਰ ਕਰਦੀ ਹੈ। ਅੱਜ ਬੈਂਕਿੰਗ, ਸਿਹਤ ਸੇਵਾ, ਸਿੱਖਿਆ, ਮੀਡੀਆ, ਰੱਖਿਆ ਅਤੇ ਪ੍ਰਸ਼ਾਸਨਿਕ ਪ੍ਰਣਾਲੀਆਂ ਵਿਚ ਏ. ਆਈ. ਦੀ ਭੂਮਿਕਾ ਮਹੱਤਵਪੂਰਨ ਹੈ। ਮੋਬਾਈਲ ਫ਼ੋਨਾਂ ਦੇ ਵੌਇਸ ਅਸਿਸਟੈਂਟ ਤੋਂ ਲੈ ਕੇ ਆਨਲਾਈਨ ਖਰੀਦਦਾਰੀ ਦੀਆਂ ਸਿਫ਼ਾਰਸ਼ਾਂ ਤਕ — ਇਹ ਸਭ ਆਰਟੀਫਿਸ਼ਲ ਇੰਟੈਲੀਜੈਂਸ ਦੀ ਹੀ ਦੇਣ ਹਨ।

'ਡੀਪ ਫੇਕ' ਸ਼ਬਦ "ਡੀਪ ਲਰਨਿੰਗ" (Deep Learning) ਅਤੇ 'ਫੇਕ' (Fake) ਤੋਂ ਬਣਿਆ ਹੈ। ਡੀਪ ਲਰਨਿੰਗ, ਆਰਟੀਫ਼ਿਸ਼ਲ ਇੰਟੈਲੀਜੈਂਸ ਦੀ ਇੱਕ ਸ਼ਾਖਾ ਹੈ, ਜਿਸ ਵਿਚ ਕੰਪਿਊਟਰ ਮਨੁੱਖੀ ਦਿਮਾਗ ਦੀ ਤਰ੍ਹਾਂ ਕੰਮ ਕਰਨ ਵਾਲੇ ਨਿਊਰਲ ਨੈੱਟਵਰਕ (Neural Networks) ਦੀ ਮਦਦ ਨਾਲ ਸਿੱਖਦੇ ਹਨ। ਡੀਪ ਫੇਕ ਬਣਾਉਣ ਲਈ ਅਕਸਰ Generative Adversarial Networks (GANs) ਵਰਤੇ ਜਾਂਦੇ ਹਨ। ਇਸ ਵਿਚ ਦੋ ਮਾਡਲ ਹੁੰਦੇ ਹਨ: Generator (ਜਨਰੇਟਰ) - ਨਕਲੀ ਤਸਵੀਰ ਜਾਂ ਵੀਡੀਓ ਬਣਾਉਂਦਾ ਹੈ। Discriminator (ਡਿਸਕ੍ਰਿਮੀਨੇਟਰ) - ਜਾਂਚਦਾ ਹੈ ਕਿ ਇਹ ਅਸਲੀ ਹੈ ਜਾਂ ਨਕਲੀ। ਇਹ ਦੋਨੋਂ ਮਾਡਲ ਇਕ-ਦੂਜੇ ਨਾਲ ਮੁਕਾਬਲਾ ਕਰਦੇ ਹਨ। ਲਗਾਤਾਰ ਅਭਿਆਸ ਨਾਲ ਨਕਲੀ ਸਮੱਗਰੀ ਇਤਨੀ ਹਕੀਕਤ ਵਰਗੀ ਬਣ ਜਾਂਦੀ ਹੈ ਕਿ ਆਮ ਇਨਸਾਨ ਲਈ ਫਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਡੀਪ ਫੇਕ ਤਿਆਰ ਕਰਨ ਲਈ ਕਿਸੇ ਵਿਅਕਤੀ ਦੀਆਂ ਬਹੁਤ ਸਾਰੀਆਂ ਤਸਵੀਰਾਂ ਜਾਂ ਵੀਡੀਓ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਇਸ ਲਈ ਵਰਤੋਂ ਵਿਚ ਆਉਣ ਵਾਲੇ ਸਾਫਟਵੇਅਰ ਚਿਹਰੇ ਦੇ ਨਕਸ਼ੇ (Facial

* *ਸੀਨੀਅਰ ਗ੍ਰਾਫ਼ਿਕ ਡਿਜਾਈਨਰ, ਇੰਟਰਨੈੱਟ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੯੩੭*

Mapping) ਅਤੇ ਹਾਵ-ਭਾਵਾਂ ਦਾ ਡਾਟਾ ਇਕੱਠਾ ਕਰਦੇ ਹਨ। ਕਿਸੇ ਦੀ ਆਵਾਜ਼ ਦੀ ਵਰਤੋਂ ਕਰਨ ਲਈ Voice Cloning ਤਕਨੀਕ ਵਰਤੀ ਜਾਂਦੀ ਹੈ। ਫਿਰ ਏ. ਆਈ. ਮਾਡਲ ਉਸ ਵਿਅਕਤੀ ਦੀ ਨਕਲ ਕਰਕੇ ਨਵੀਂ ਵੀਡੀਓ ਜਾਂ ਆਡੀਓ ਤਿਆਰ ਕਰਦਾ ਹੈ। ਅੱਜਕਲ੍ਹ ਕੁਝ ਮਿੰਟਾਂ ਦੀ ਅਵਾਜ਼ ਨਾਲ ਵੀ ਕਿਸੇ ਦੀ ਬਿਲਕੁਲ ਮਿਲਦੀ-ਜੁਲਦੀ ਨਕਲੀ ਅਵਾਜ਼ ਬਣਾਈ ਜਾ ਸਕਦੀ ਹੈ, ਜੋ ਖਾਸਕਰ ਆਰਥਿਕ ਠੱਗੀ ਦਾ ਸਾਧਨ ਬਣ ਰਹੀ ਹੈ।

ਇਸ ਤਕਨੀਕ ਦੇ ਜੇਕਰ ਲਾਭਾਂ ਦੇ ਗੱਲ ਕਰੀਏ ਤਾਂ ਇਸ ਦੇ ਹਰ ਵਰਗ ਅਤੇ ਹਰ ਖੇਤਰ ਵਿਚ ਲਾਭ ਲਏ ਜਾ ਸਕਦੇ ਹਨ ਪਰ ਮੁੱਖ ਰੂਪ ਵਿਚ ਸਿਹਤ ਖੇਤਰ ਵਿਚ ਤੇਜ਼ ਅਤੇ ਸਹੀ ਨਿਦਾਨ ਪ੍ਰਾਪਤ ਕਰਨੇ, ਸਿੱਖਿਆ ਖੇਤਰ ਅੰਦਰ ਵਿਅਕਤੀਗਤ ਸਿੱਖਿਆ ਪ੍ਰਣਾਲੀ ਵਿਚ ਵੱਡੇ ਬਦਲਾਅ ਆਉਣਾ, ਪ੍ਰਸ਼ਾਸਨਿਕ ਕੰਮਾਂ ਵਿਚ ਇਸ ਦੇ ਸਦ-ਉਪਯੋਗ ਨਾਲ ਪਾਰਦਰਸ਼ਤਾ ਆਏਗੀ, ਸੁਰੱਖਿਆ ਅਤੇ ਡਾਟਾ ਵਿਸ਼ਲੇਸ਼ਣ ਵਿਚ ਮਦਦ ਮਿਲੇਗੀ, ਦੇਸ਼ ਅੰਦਰ ਸ਼ਹਿਰਾਂ ਦੇ ਵਿਕਾਸ ਲਈ ਸਮਾਰਟ ਸਿਟੀ ਅਤੇ ਆਧੁਨਿਕ ਢਾਂਚੇ ਦੇ ਨਿਰਮਾਣ ਲਈ ਉਪਯੋਗੀ ਸਿੱਧ ਹੋ ਸਕਦੀ ਹੈ। ਅਗਰ ਏ. ਆਈ. ਅਤੇ ਡੀਪ ਫੇਕ ਦੇ ਨੁਕਸਾਨ ਦੀ ਗੱਲ ਕਰੀਏ ਤਾਂ ਇਸ ਵਿਚ ਸਭ ਤੋਂ ਖ਼ਤਰਨਾਕ ਹੈ ਝੂਠੀ ਜਾਣਕਾਰੀ ਦਾ ਤੇਜ਼ੀ ਨਾਲ ਫੈਲਾਅ ਹੋਣਾ ਜਿਸ ਨਾਲ ਕਿ ਅਰਾਜਕਤਾ ਦਾ ਮਾਹੌਲ ਪੈਦਾ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ ਅਤੇ ਖਾਸਕਰ ਬਹੁ-ਧਰਮੀ ਅਤੇ ਬਹੁ-ਜਾਤਾਂ ਵਾਲੇ ਦੇਸ਼ਾਂ ਅੰਦਰ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਸ ਤੋਂ ਇਲਾਵਾ ਇਸ ਦੇ ਦੁਰ-ਉਪਯੋਗ ਨਾਲ ਆਰਥਿਕ ਅਤੇ ਸਾਈਬਰ ਅਪਰਾਧਾਂ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ, ਵਿਅਕਤੀ ਵਿਸ਼ੇਸ਼ ਦੀ ਨਿੱਜਤਾ 'ਤੇ ਖ਼ਤਰਾ ਵੀ ਬਣਿਆ ਹੋਇਆ ਹੈ ਜਿਸਦੇ ਚੱਲਦੇ ਫੇਕ ਫੋਟੋਆਂ, ਫੇਕ ਡਾਕੂਮੈਂਟਾਂ ਨਾਲ ਠੱਗੀਆਂ ਮਾਰੀਆਂ ਜਾਂਦੀਆਂ ਹਨ, ਅਪਰਾਧਾਂ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਇਸ ਦੇ ਚੱਲਦੇ ਮਨੁੱਖੀ ਰੋਜ਼ਗਾਰ ਦੇ ਮੌਕਿਆਂ ਵਿਚ ਕਮੀ ਆ ਰਹੀ ਹੈ ਅਤੇ ਮਨੁੱਖੀ ਲੇਬਰ ਘੱਟਣ ਦਾ ਮੁੱਖ ਕਾਰਕ ਸਿੱਧ ਹੋ ਰਹੀ ਹੈ। ਭਾਰਤ ਵਰਗੇ ਦੇਸ਼ਾਂ ਅੰਦਰ ਇਸ ਤਕਨਾਲੋਜੀ ਦੇ ਗ਼ਲਤ ਉਪਯੋਗ ਨਾਲ ਧਾਰਮਿਕ ਅਤੇ ਸਮਾਜਿਕ ਤਣਾਅ ਦੀ ਸੰਭਾਵਨਾ ਵੱਧ ਗਈ ਹੈ, ਇਕ ਗ਼ਲਤ ਸੋਸ਼ਲ ਮੀਡੀਆ ਪੋਸਟ ਜਾਂ ਫੇਕ ਵੀਡੀਓ/ਆਡੀਓ ਮੈਸੇਜ ਵਾਇਰਲ ਹੋਣ ਉਪਰੰਤ ਵੱਖ-ਵੱਖ ਧਰਮਾਂ ਅੰਦਰ ਧਾਰਮਿਕ ਅਕੀਦਿਆਂ ਨੂੰ ਠੇਸ ਲੱਗਣ ਦੇ ਚੱਲਦੇ ਅਸਹਿਣਸ਼ੀਲਤਾ ਪੈਦਾ ਹੋ ਜਾਂਦੀ ਹੈ ਅਤੇ ਦੂਜੇ ਧਰਮਾਂ ਪ੍ਰਤੀ ਨਫਰਤ ਵੱਧਣ ਨਾਲ ਅਣਸੁਖਾਵੇਂ ਹਾਲਾਤ ਪੈਦਾ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜੋਕੇ ਸਮੇਂ ਵਿਚ ਅਜਿਹੀਆਂ ਬਹੁਤ ਸਾਰੀਆਂ ਫੇਕ ਵੀਡੀਓਜ਼ ਆਦਿ ਸੋਸ਼ਲ ਮੀਡੀਆ ਉੱਪਰ ਵਾਇਰਲ ਹੋ ਵੀ ਰਹੀਆਂ ਹਨ।

ਡੀਪ ਫੇਕ ਦੇ ਸਕਾਰਾਤਮਕ ਪੱਖ ਨੂੰ ਜੇਕਰ ਸਮਝਣਾ ਚਾਹੀਏ ਤਾਂ ਇਹ ਕਹਿਣਾ

ਗ਼ਲਤ ਨਹੀਂ ਹੋਵੇਗਾ ਕਿ ਭਾਵੇਂ ਇਸ ਤਕਨਾਲੋਜੀ ਨਾਲ ਖ਼ਤਰੇ ਵੱਡੇ ਹਨ, ਪਰ ਜੇ ਇਸ ਦਾ ਨੈਤਿਕ ਤੇ ਸੁਰੱਖਿਅਤ ਢੰਗ ਨਾਲ ਵਰਤੋਂ ਕੀਤੀ ਜਾਵੇ, ਤਾਂ ਇਹ ਕਈ ਖੇਤਰਾਂ ਵਿਚ ਚਮਤਕਾਰ ਕਰ ਸਕਦੀ ਹੈ। ਜਿਸ ਦੀ ਮਿਸਾਲ ਵਜੋਂ ਇਸ ਤਕਨੀਕ ਦੀ ਮਦਦ ਨਾਲ ਇਤਿਹਾਸਿਕ ਵਿਅਕਤੀਆਂ: ਜੋ ਕਿ ਹੁਣ ਇਸ ਦੁਨੀਆ ਵਿਚ ਨਹੀਂ ਹਨ ਜਾਂ ਪੁਰਾਣੀਆਂ ਇਤਿਹਾਸਿਕ ਜਾਂ ਪ੍ਰੇਰਨਾਦਾਇਕ ਘਟਨਾਵਾਂ ਨੂੰ ਦੁਬਾਰਾ ਜੀਵੰਤ ਦਿਖਾ ਕੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ/ਸਿਖਾਉਣ ਦਾ ਨਵਾਂ ਤਰੀਕਾ ਮਿਲ ਸਕਦਾ ਹੈ। ਡੀਪ ਫੇਕ ਤਕਨਾਲੋਜੀ ਦੀ ਮਦਦ ਨਾਲ ਵਿਦੇਸ਼ੀ ਭਾਸ਼ਾਵਾਂ ਵਿਚ ਸਮੱਗਰੀ ਪੇਸ਼ ਕਰਦਿਆਂ ਚਿਹਰਿਆਂ ਦੀ ਹਿਲਜੁਲ ਤੇ ਬੋਲੀਆਂ ਨੂੰ ਮਿਲਾ ਕੇ ਰੌਚਕ ਅਤੇ ਸਮਝਣਯੋਗ ਬਣਾਇਆ ਜਾ ਸਕਦਾ ਹੈ। ਡੀਪ ਫੇਕ ਤਕਨੀਕ ਦੇ ਖ਼ਤਰੇ ਤੇ ਸਮਾਜਿਕ ਨੁਕਸਾਨ ਵਜੋਂ ਮੁੱਖ ਰੂਪ ਵਿਚ ਝੂਠੀ ਜਾਣਕਾਰੀ ਅਤੇ ਅਫ਼ਵਾਹਾਂ ਦਾ ਫੈਲਾਅ ਹੋਣਾ ਹੈ ਅਤੇ ਇਸ ਦੇ ਚੱਲਦੇ ਡੀਪ ਫੇਕ ਵੀਡੀਓਜ਼ ਰਾਹੀਂ ਅਸਲੀਅਤ ਤੋਂ ਬਿਲਕੁਲ ਉਲਟ ਘਟਨਾਵਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਇਹ ਸਿਆਸੀ ਪ੍ਰਚਾਰ, ਧਾਰਮਿਕ ਭਾਵਨਾਵਾਂ ਨਾਲ ਖੇਡਣਾ ਅਤੇ ਸਮਾਜਿਕ ਅਸਥਿਰਤਾ ਪੈਦਾ ਕਰਨ ਦਾ ਵੱਡਾ ਹਥਿਆਰ ਬਣ ਚੁੱਕੀ ਹੈ। ਨਿੱਜੀ ਜੀਵਨ ਦੀ ਤਬਾਹੀ ਨੂੰ ਪ੍ਰਭਾਸ਼ਿਤ ਕਰਦੇ ਕਈ ਕੇਸਾਂ ਵਿਚ ਕਿਸੇ ਵਿਅਕਤੀ ਦੀ ਇਜਾਜ਼ਤ ਬਿਨਾਂ ਉਸ ਦੇ ਚਿਹਰੇ ਜਾਂ ਆਵਾਜ਼ ਨਾਲ ਅਸ਼ਲੀਲ ਜਾਂ ਭਰਮਿਤ ਕਰਨ ਵਾਲੀਆਂ ਵੀਡੀਓਜ਼ ਬਣਾਈਆਂ ਜਾਂਦੀਆਂ ਹਨ, ਜਿਸ ਨਾਲ ਉਸ ਦੀ ਇੱਜ਼ਤ, ਕਰਿਅਰ ਤੇ ਮਨੋਵਿਗਿਆਨਕ ਹਾਲਤ ਤਬਾਹ ਹੋ ਸਕਦੇ ਹਨ। ਬਲੈਕਮੇਲਿੰਗ ਅਤੇ ਧੋਖਾਧੜੀ ਦਾ ਫਰਜ਼ੀਵਾੜਾ ਕਰਕੇ ਅਪਰਾਧੀਆਂ ਵੱਲੋਂ ਫ਼ਰਜ਼ੀ ਆਡੀਓ ਜਾਂ ਵੀਡੀਓ ਬਣਾ ਕੇ ਕਿਸੇ ਨੂੰ ਡਰਾਉਣਾ, ਪੈਸੇ ਮੰਗਣਾ ਜਾਂ ਫਿਰ ਕਿਸੇ ਦਾ ਨੁਕਸਾਨ ਕਰਨਾ ਡੀਪ ਫੇਕ ਦੀ ਵਰਤੋਂ ਨਾਲ ਬਹੁਤ ਆਸਾਨ ਹੋ ਗਿਆ ਹੈ। ਮੀਡੀਆ ਤੇ ਵਿਸ਼ਵਾਸ ਦੀ ਘਾਟ ਇਸ ਦੇ ਦੁਰਪ੍ਰਭਾਵਾਂ ਵਿੱਚੋਂ ਉਪਜਦੀ ਹੈ ਜਿਸਦੇ ਕਾਰਨ ਜਦੋਂ ਹਰ ਵੀਡੀਓ ਤੇ ਤਸਵੀਰ ਫ਼ਰਜ਼ੀ ਹੋ ਸਕਦੀ ਹੈ, ਤਾਂ ਸੱਚ ਤੇ ਵਿਸ਼ਵਾਸ ਕਰਨਾ ਹੀ ਮੁਸ਼ਕਲ ਹੋ ਜਾਂਦਾ ਹੈ।

ਡੀਪ ਫੇਕ ਦੀ ਖ਼ਤਰਨਾਕ ਵਰਤੋਂ ਨੂੰ ਰੋਕਣ ਲਈ ਸਖ਼ਤ ਕਾਨੂੰਨ, ਡਿਜੀਟਲ ਨੀਤੀ ਅਤੇ ਸਮਾਜਿਕ ਜਾਗਰੂਕਤਾ ਦੀ ਬਹੁਤ ਜ਼ਰੂਰਤ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਫ਼ਰਜ਼ੀ ਸਮੱਗਰੀ ਦੀ ਪਛਾਣ ਕਰਨ ਵਾਲੇ ਸਾਫਟਵੇਅਰ ਵਿਕਸਿਤ ਕਰਨ ਤੇ ਡਿਜ਼ੀਟਲ ਸੁਰੱਖਿਆ ਦੇ ਮਾਪਦੰਡ ਤੈਅ ਕਰਨ ਅਤੇ ਨਾਲ ਹੀ ਹਰ ਨਾਗਰਿਕ ਨੂੰ ਵੀ ਚੌਕਸ ਰਹਿਣਾ ਚਾਹੀਦਾ ਹੈ ਕਿ ਕੋਈ ਵੀ ਵੀਡੀਓ ਜਾਂ ਖ਼ਬਰ ਬਿਨਾਂ ਪੁਸ਼ਟੀ ਸਾਂਝੀ ਨਾ ਕੀਤੀ ਜਾਵੇ। ਸਮਾਜ ਅੰਦਰ ਇਸ ਤਕਨਾਲੋਜੀ ਬਾਰੇ ਜਾਗਰੂਕਤਾ ਫੈਲਾਉਣ ਲਈ ਜ਼ਰੂਰੀ ਹੈ ਕਿ ਡੀਪ ਫੇਕ ਤਕਨਾਲੋਜੀ ਅਤੇ ਏ. ਆਈ. ਨੂੰ ਮਨੋਰੰਜਨ ਦਾ ਸਾਧਨ ਬਣਾਓ, ਧੋਖਾਧੜੀ ਦਾ ਨਹੀਂ। ਇਹ ਹਮੇਸ਼ਾ ਧਿਆਨ ਰੱਖਿਆ ਜਾਵੇ ਕਿ ਜੋ ਅਸੀਂ

ਦੇਖਦੇ ਹਾਂ, ਉਹ ਹਮੇਸ਼ਾ ਸੱਚ ਨਹੀਂ ਹੁੰਦਾ। ਹਰ ਸੋਸ਼ਲ ਮੀਡੀਆ ਦੀ ਕੋਈ ਪੋਸਟ ਜਾਂ ਕੋਈ ਆਡੀਓ/ਵੀਡੀਓ ਨੂੰ ਸੋਚ ਸਮਝ ਕੇ ਸਾਂਝਾ (Share) ਕਰਨਾ ਚਾਹੀਦਾ ਹੈ ਕਿਉਂਕਿ ਡਿਜ਼ੀਟਲ ਝੂਠ ਵੀ ਅੱਗ ਵਾਂਗ ਫੈਲਦਾ ਹੈ। ਡੀਪ ਫੇਕ ਤਕਨਾਲੋਜੀ ਨੂੰ ਸਮਝਣ ਲਈ ਇਸ ਦੀ ਚਾਲ ਨੂੰ ਪਛਾਣਨਾ ਸਿੱਖਣਾ ਪਵੇਗਾ ਤਾਂ ਜੋ ਇਸ ਦੀ ਮਦਦ ਨਾਲ ਹੋਣ ਵਾਲੇ ਡਿਜ਼ੀਟਲ ਧੋਖੇ/ਡਿਜੀਟਲ ਚੋਰੀਆਂ ਤੋਂ ਬਚਿਆ ਜਾ ਸਕੇ। ਇਸ ਦੇ ਨਾਲ ਹੀ ਜੇ ਡੀਪ ਫੇਕ ਤਕਨੀਕ ਰਾਹੀਂ ਕਿਸੇ ਧਾਰਮਿਕ ਆਗੂ ਜਾਂ ਸੰਸਥਾ ਦੇ ਨਾਮ 'ਤੇ ਨਕਲੀ ਸੰਦੇਸ਼ ਫੈਲਾਇਆ ਜਾਵੇ, ਤਾਂ ਇਸ ਨਾਲ ਸਮਾਜ ਵਿਚ ਗ਼ਲਤਫਹਮੀਆਂ ਅਤੇ ਅਸ਼ਾਂਤੀ ਪੈਦਾ ਹੋ ਸਕਦੀ ਹੈ। ਇਸ ਲਈ ਧਾਰਮਿਕ ਸੰਸਥਾਵਾਂ ਨੂੰ ਡਿਜ਼ੀਟਲ ਸੁਰੱਖਿਆ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਧਾਰਮਿਕ ਸਥਾਨ ਅਤੇ ਸੰਸਥਾਵਾਂ ਵੀ ਡਿਜ਼ੀਟਲ ਯੁੱਗ ਤੋਂ ਅਲੱਗ ਨਹੀਂ ਹਨ। ਅੱਜ ਕਈ ਠੱਗ ਏ. ਆਈ. ਅਤੇ ਡੀਪ ਫੇਕ ਤਕਨੀਕ ਦੀ ਵਰਤੋਂ ਕਰਕੇ ਧਾਰਮਿਕ ਭਾਵਨਾਵਾਂ ਦਾ ਫਾਇਦਾ ਚੁੱਕਦੇ ਹਨ। ਵੱਖ-ਵੱਖ ਧਰਮਾਂ ਅੰਦਰ ਇਨ੍ਹਾਂ ਤਕਨੀਕਾਂ ਦੇ ਗ਼ਲਤ ਇਸਤੇਮਾਲ ਨਾਲ ਸਮਾਜ ਅੰਦਰ ਭੜਕਾਊ ਅਤੇ ਅਣਸੁਖਾਵੇਂ ਹਾਲਾਤ ਪੈਦਾ ਹੋ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਦੇ ਨਾਲ-ਨਾਲ ਸਮੁੱਚੇ ਗੁਰਦੁਆਰਾ ਸਾਹਿਬਾਨ ਦੇ ਸੁਚਾਰੂ ਪ੍ਰਬੰਧ ਦੀ ਜ਼ਿੰਮੇਵਾਰੀ ਨਿਭਾ ਰਹੀ ਹੈ, ਪਹਿਲਾਂ ਹੀ ਆਨਲਾਈਨ ਠੱਗੀ ਦੇ ਮਾਮਲਿਆਂ ਦਾ ਸਾਹਮਣਾ ਕਰ ਰਹੀ ਹੈ। ਨਕਲੀ ਵੈੱਬਸਾਈਟਾਂ ਅਤੇ ਜਾਲਸਾਜ਼ਾਂ ਰਾਹੀਂ ਸੋਸ਼ਲ ਮੀਡੀਆ ਪੇਜ਼ ਬਣਾ ਕੇ ਯਾਤਰੀਆਂ ਨੂੰ ਠੱਗਿਆ ਜਾ ਰਿਹਾ ਹੈ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਤਕ ਬਹੁਤ ਸਾਰੇ ਫੇਕ ਅਕਾਊਟਾਂ ਅਤੇ ਜਾਲੀ ਵੈਬਸਾਈਟਾਂ ਜੋ ਯਾਤਰੂਆਂ ਨੂੰ ਠੱਗਦੇ ਹਨ, ਨੂੰ ਆਪਣੇ ਪੱਧਰ 'ਤੇ ਬੰਦ ਵੀ ਕਰਵਾਇਆ ਗਿਆ ਹੈ ਅਤੇ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ਦੇ ਸਾਈਬਰ ਮਹਿਕਮਿਆਂ ਪਾਸ ਸ਼ਿਕਾਇਤਾਂ ਵੀ ਦਿੱਤੀਆਂ ਗਈਆਂ ਹਨ ਅਤੇ ਨਿਰੰਤਰ ਸੰਬੰਧਿਤ ਵਿਭਾਗਾਂ ਨਾਲ ਰਾਬਤਾ ਰੱਖ ਕੇ ਇਸ ਬਾਬਤ ਲੋੜੀਂਦੇ ਕਾਰਜ ਕੀਤੇ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਹਿਰਦ ਰੂਪ ਵਿਚ ਇਸ ਅਜੋਕੀ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਅਗਾਂਹਵਧੂ ਉੱਦਮ ਅਰੰਭ ਕਰ ਚੁੱਕੀ ਹੈ, ਜਿਸ ਤਹਿਤ ਇਨ੍ਹਾਂ ਤਕਨੀਕਾਂ ਦੇ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਵੀ ਕੀਤਾ ਜਾਵੇ ਅਤੇ ਇਸ ਦੇ ਨਕਾਰਾਤਮਕ ਨਤੀਜਿਆਂ ਤੋਂ ਬਚਾਅ ਲਈ ਅਤੇ ਸਮਾਜਿਕ ਜਾਗਰੂਕਤਾ ਲਈ ਕਾਰਜ ਵੀ ਕੀਤੇ ਜਾਣ। ਧਰਮਾਂ ਦੇ ਸਾਰਥਿਕ ਪ੍ਰਚਾਰ-ਪ੍ਰਸਾਰ ਲਈ ਇਨ੍ਹਾਂ ਤਕਨੀਕਾਂ ਦਾ ਸਹੀ ਇਸਤੇਮਾਲ ਕਰਨਾ, ਲਾਹੇਵੰਦ ਸਿੱਧ ਹੋ ਸਕਦਾ ਹੈ।

ਡੀਪ ਫੇਕ ਟੈਕਨੋਲੋਜੀ ਅਤੇ ਆਰਟੀਫਿਸ਼ਲ ਇੰਟੈਲੀਜੈਂਸ ਮਨੁੱਖੀ ਬੁੱਧੀ ਦੀ

ਇਕ ਸ਼ਾਨਦਾਰ ਉਪਲਬਧੀ ਹੈ, ਪਰ ਜੇ ਇਹ ਅਨੈਤਿਕ ਹੱਥਾਂ ਵਿਚ ਚਲੀ ਜਾਵੇ, ਤਾਂ ਇਹ ਸਮਾਜ ਲਈ ਬਰਬਾਦੀ ਦਾ ਕਾਰਨ ਬਣ ਸਕਦੀ ਹੈ। ਤਕਨਾਲੋਜੀ ਦਾ ਸਹੀ ਮਤਲਬ ਤਦ ਹੀ ਹੈ ਜਦੋਂ ਇਹ ਮਨੁੱਖਤਾ ਦੀ ਸੇਵਾ ਕਰੇ, ਨਾ ਕਿ ਉਸ ਨੂੰ ਧੋਖਾ ਦੇਵੇ। ਅਸਲ ਜ਼ਿੰਮੇਵਾਰੀ ਸਾਡੇ ਹੱਥਾਂ ਵਿਚ ਹੈ ਕਿ — ਅਸੀਂ ਇਸ ਤਕਨਾਲੋਜੀ ਦੇ ਗ਼ੁਲਾਮ ਨਹੀਂ, ਮਾਲਕ ਬਣੀਏ। ਭਵਿੱਖ ਦੀ ਤਸਵੀਰ ਨੂੰ ਜੇਕਰ ਪ੍ਰਭਾਸ਼ਿਤ ਕਰਨਾ ਚਾਹੀਏ ਤਾਂ ਭਵਿੱਖ ਵਿਚ ਏ. ਆਈ. ਸਾਡੀ ਜ਼ਿੰਦਗੀ ਨੂੰ ਹੋਰ ਵੀ ਸੁਗਮ ਬਣਾਏਗੀ। ਪਰ ਜੇ ਇਸ ਦੀ ਵਰਤੋਂ 'ਤੇ ਨਿਯੰਤਰਣ ਨਾ ਕੀਤਾ ਗਿਆ, ਤਾਂ ਇਹ ਸੱਚ ਅਤੇ ਵਿਸ਼ਵਾਸ ਦੀ ਮੂਲ ਧਾਰਨਾ ਨੂੰ ਕਮਜ਼ੋਰ ਕਰ ਸਕਦੀ ਹੈ। ਆਰਟੀਫ਼ਿਸ਼ਲ ਇੰਟੈਲੀਜੈਂਸ ਅਤੇ ਡੀਪ ਫੇਕ ਟੈਕਨੋਲੋਜੀ ਇੱਕ ਵੱਡੀ ਤਾਕਤ ਹਨ। ਇਹ ਤਾਕਤ ਮਨੁੱਖਤਾ ਦੀ ਭਲਾਈ ਲਈ ਵੀ ਵਰਤੀ ਜਾ ਸਕਦੀ ਹੈ ਅਤੇ ਵਿਨਾਸ਼ ਲਈ ਵੀ। ਸਮਾਜ ਦੀ ਸੁਰੱਖਿਆ ਲਈ ਲੋੜ ਹੈ ਸਾਵਧਾਨੀ, ਨੈਤਿਕਤਾ ਅਤੇ ਸਹੀ ਜਾਣਕਾਰੀ ਦੀ। ਡਿਜ਼ੀਟਲ ਯੁੱਗ ਵਿਚ ਸਿਰਫ਼ ਤਕਨੀਕ ਨਹੀਂ, ਸੱਚ ਦੀ ਰੱਖਿਆ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

ਡੀਪ ਫੇਕ ਟੈਕਨੋਲੋਜੀ ਦੇ ਖ਼ਤਰਿਆਂ ਤੋਂ ਬਚਾਅ ਲਈ ਕੁਝ ਅਹਿਮ ਕਦਮ ਇਹ ਹਨ ਕਿ ਸੋਸ਼ਲ ਮੀਡੀਆ ਉੱਪਰ ਅਪਲੋਡ ਸਮਗਰੀ ਦੇ ਸਰੋਤ ਦੀ ਪੁਸ਼ਟੀ ਕੀਤੀ ਜਾਵੇ ਅਤੇ ਕਿਸੇ ਵੀ ਸੰਦੇਸ਼ ਜਾਂ ਵੀਡੀਓ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਸ ਦਾ ਅਧਿਕਾਰਕ ਸਰੋਤ ਚੈਕ ਕੀਤਾ ਜਾਵੇ। ਕਿਸੇ ਵੀ ਘਟਨਾ ਦੀ ਸਮਾਨਤਾਵਾਂ ਅਤੇ ਅਸਮਾਨਤਾਵਾਂ ਦੀ ਪਛਾਣ ਕਰਨੀ ਚਾਹੀਦੀ ਹੈ। ਜਿਸ ਵਿਚ ਮੁੱਖ ਰੂਪ ਨਾਲ ਕਿਸੇ ਵੀਡੀਓ ਵਿਚ ਬੋਲਣ ਸਮੇਂ ਬੁੱਲਾਂ ਅਤੇ ਆਵਾਜ਼ ਵਿਚ ਅੰਤਰ ਹੋਣਾ, ਅੱਖਾਂ ਦੀ ਅਸੁਭਾਵਿਕ ਹਿੱਲਜੁਲ ਕਰਨਾ, ਵੀਡੀਓ ਜਾਂ ਫੋਟੋਆਂ ਅੰਦਰ ਚਿਹਰੇ 'ਤੇ ਰੋਸ਼ਨੀ ਦੀ ਗ਼ਲਤ ਦਿਸ਼ਾ ਤੋਂ ਪੈਣਾ ਮੁੱਖ ਹਨ। ਇਸ ਤੋਂ ਉਨ੍ਹਾਂ ਅਧਿਕਾਰਕ ਚੈਨਲਾਂ ਦੀ ਪਛਾਣ ਚੰਗੀ ਤਰ੍ਹਾਂ ਕੀਤੀ ਜਾਵੇ ਕਿ ਇਹ ਸਹੀ ਜਾਂ ਗ਼ਲਤ ਹਨ, ਜੋ ਇਹ ਖ਼ਬਰ ਜਾਂ ਵੀਡੀਓ ਪ੍ਰਸਾਰਿਤ ਕਰਦੇ ਹਨ। ਖਾਸਕਰ ਕਿਸੇ ਪ੍ਰਕਾਰ ਦੀ ਧਾਰਮਿਕ ਜਾਂ ਸਰਕਾਰੀ ਜਾਣਕਾਰੀ ਸਿਰਫ਼ ਅਧਿਕਾਰਕ ਵੈੱਬਸਾਈਟਾਂ ਜਾਂ ਪ੍ਰਮਾਣਿਤ ਸੋਸ਼ਲ ਮੀਡੀਆ ਖਾਤਿਆਂ/ਚੈਨਲਾਂ ਤੋਂ ਹੀ ਲੈਣੀ ਚਾਹੀਦੀ ਹੈ। ਜੇ ਕੋਈ ਸ਼ੱਕੀ ਮਾਮਲਾ ਮਿਲੇ, ਤਾਂ ਤੁਰੰਤ ਸਾਈਬਰ ਕ੍ਰਾਈਮ ਪੋਰਟਲ ਜਾਂ ਸਥਾਨਕ ਪੁਲਿਸ ਨੂੰ ਸੂਚਿਤ ਕਰਨਾ ਚਾਹੀਦਾ ਹੈ। ਇਸ ਸੰਬੰਧੀ ਸਮਾਜ ਅੰਦਰ ਜਾਗਰੂਕਤਾ ਕਿਵੇਂ ਫੈਲਾਈ ਜਾਵੇ, ਇਸ ਬਾਰੇ ਸਕੂਲਾਂ ਅਤੇ ਕਾਲਜਾਂ ਵਿਚ ਡਿਜ਼ੀਟਲ ਲਿਟਰੇਸੀ ਸੈਸ਼ਨ, ਗੁਰਦੁਆਰਾ ਸਾਹਿਬਾਨ ਅਤੇ ਸਮਾਜਿਕ ਮੰਚਾਂ ਰਾਹੀਂ ਸੂਚਨਾਵਾਂ ਭਰਪੂਰ ਕੈਂਪ ਆਦਿ ਅਤੇ ਸੋਸ਼ਲ ਮੀਡੀਆ ਜਾਗਰੂਕਤਾ ਮੁਹਿੰਮ ਦੇ ਨਾਲ-ਨਾਲ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਵਿਸ਼ਲੇਸ਼ਣਾਤਮਕ ਲੇਖ ਛਪਵਾ ਕੇ ਨੌਜਵਾਨਾਂ ਅਤੇ ਸਮਾਜ ਨੂੰ ਇਸ ਬਾਰੇ ਜਾਣਕਾਰੀ ਦੇਣ ਅਤੇ ਸਮਝਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਮਾਰਚ ੨੦੨੬ ਦਾ ਬਾਕੀ:

ਗੁਰਮਤਿ ਦੇ ਨਿਰਮਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥ ਹਰਿ ਦਰਗਹ ਕਹੁ ਕੈਸੇ ਗਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੮)

ਪਿਆਰਿਆ, ਤੂੰ ਧਰਮ ਕਰਮ ਦੇ ਬਹੁਤ ਹੀ ਕੰਮ ਕਰਦਾ ਹੈਂ, ਤੂੰ ਰੱਬ ਦਾ ਨਾਮ ਅਤੇ ਬਾਣੀ ਵੀ ਬਹੁਤ ਪੜ੍ਹਦਾ ਹੈਂ, ਸੇਵਾ ਵੀ ਬਹੁਤ ਕਰਦਾ ਹੈਂ, ਪਰ ਸਤਿਗੁਰੂ ਜੀ ਉਪਦੇਸ਼ ਕਰ ਰਹੇ ਹਨ ਕਿ ਪਿਆਰਿਆ, ਇੱਕ ਗੱਲ ਯਾਦ ਰੱਖੀਂ, ਜੇ ਤੇਰੇ ਇਤਨੇ ਚੰਗੇ ਧਰਮ ਦੇ ਨੇਕ ਅਤੇ ਸ਼ੁਭ ਕੰਮ ਕਰਕੇ ਤੇਰਾ ਮਨ ਕਿਸੇ 'ਤੇ ਦਰਵਦਾ ਨਹੀਂ ਯਾਨੀ ਕਿ ਤੈਨੂੰ ਕਿਸੇ ਲੋੜਵੰਦ, ਦੁਖੀਏ, ਗਰੀਬ, ਲਾਚਾਰ, ਮਨੁੱਖ ਜਾਂ ਕਿਸੇ ਜਾਨਵਰ ਦੇ ਬਹੁਤ ਦੁਖੀ ਹੋਣ 'ਤੇ ਤੇਰਾ ਮਨ ਤਰਸ ਵਿਚ ਨਹੀਂ ਆਉਂਦਾ ਅਤੇ ਉਨ੍ਹਾਂ ਦਾ ਤੂੰ ਭਲਾ ਨਹੀਂ ਕਰਦਾ, ਤਾਂ ਸਮਝ ਲਈਂ ਕਿ ਇਹ ਤੇਰੇ ਕੀਤੇ ਹੋਏ ਧਰਮ-ਕਰਮ ਦੇ ਕੰਮ ਰੱਬ ਦੀ ਸੱਚੀ ਦਰਗਾਹ ਵਿਚ ਬਿਲਕੁਲ ਵੀ ਪ੍ਰਵਾਨ ਨਹੀਂਉ ਹੋਣੇ ਤਾਂ ਸਤਿਗੁਰੂ ਜੀ ਅੱਗੇ ਉਪਦੇਸ਼ ਦਿੰਦੇ ਹਨ ਕਿ ਪਿਆਰਿਆ, ਤੂੰ ਰੱਬੀ ਦਰਗਾਹ ਵਿਚ ਕਿਹੜਾ ਮੂੰਹ ਲੈ ਕੇ ਸਾਡੇ ਪਾਸ ਪਹੁੰਚੇਗਾ, ਸੋ ਸੰਗਤ ਜੀ, ਇਸ ਰੱਬੀ ਬਾਣੀ ਦੇ ਉਪਦੇਸ਼ 'ਤੇ ਅਮਲ ਜ਼ਰੂਰ ਹੀ ਕਰਿਆ ਕਰੋ ਜੀ।

ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥੧॥
ਪੂਰਾ ਨਿਆਉ ਕਰੇ ਕਰਤਾਰੁ॥ ਅਪੁਨੇ ਦਾਸ ਕਉ ਰਾਖਨਹਾਰੁ॥੧॥ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੯)

ਪਿਆਰਿਉ, ਸੰਸਾਰ ਅਤੇ ਸਮਾਜ ਵਿਚ ਰਹਿੰਦੇ ਹੋਏ ਤੁਹਾਡੇ ਸੱਚੇ ਹੋਣ 'ਤੇ ਵੀ ਤੁਹਾਡੀ ਕੋਈ ਝੂਠੀ ਹੀ ਬਹੁਤ ਨਿੰਦਿਆ-ਚੁਗਲੀ ਕਰਦਾ ਹੋਵੇ, ਉਸਦੇ ਅੰਦਰ ਤੁਹਾਡੇ ਪ੍ਰਤੀ ਵੱਡਾ ਸਾੜਾ ਜਾਂ ਈਰਖਾ ਹੋਵੇ ਕਿ ਮੈ ਇਸਨੂੰ ਮਾਰ ਦੇਣਾ ਹੈ, ਪਿਆਰਿਆ, ਤੂੰ ਇਸ ਉੱਪਰ ਲਿਖੇ "ਗੁਰੂ ਸ਼ਬਦ" ਦਾ ਬਹੁਤ ਹੀ ਪਿਆਰ ਨਾਲ ਜਾਪ ਕਰੀਂ, ਰੱਬ ਐਸਾ ਨਿਆਂ ਕਰੇਗਾ ਕਿ ਉਸ ਮਾੜਾ ਸੋਚਣ ਵਾਲੇ ਅਤੇ ਬੁਰਾ ਕਰਨ ਵਾਲੇ ਮਨੁਖ ਦੀਆਂ ਰੱਬ ਚੀਕਾਂ ਕਢਵਾ ਦੇਵੇਗਾ। ਸੋ ਪਿਆਰਿਆ, ਪਰ ਤੂੰ ਸੱਚਾ ਹੋਣਾ ਚਾਹੀਦਾ ਹੈਂ ਕਿਉਂਕਿ ਅਸਲ ਸੱਚ ਦਾ ਨਿਆਉਂ ਤਾਂ ਰੱਬ ਦੇ ਹੱਥ ਵਿਚ ਹੀ ਹੁੰਦਾ ਹੈ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥

* #੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬

ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੦)

ਪਿਆਰਿਓ, ਦੁਨੀਆ ਵਿਚ ਵਿਚਰਦੇ ਜੇ ਕਿਸੇ ਸੱਚੇ ਮਨੁੱਖ 'ਤੇ ਕੋਈ ਮੁਸ਼ਕਲ ਦੀ ਬਹੁਤ ਮਾੜੀ ਘੜੀ ਆ ਹੀ ਜਾਵੇ, ਉਸ ਮੁਸ਼ਕਲ ਦੀ ਘੜੀ ਵਿਚ ਉਸ ਦੇ ਕੋਈ ਲਾਗੇ ਨਾ ਲੱਗੇ ਅਤੇ ਉਸ ਮੁਸ਼ਕਲ ਦੀ ਘੜੀ ਵਿਚ ਉਸਦਾ ਦੁਸ਼ਮਣ ਉਸ 'ਤੇ ਬਹੁਤ ਹੀ ਭਾਰੀ ਹੁੰਦਾ ਦਿਸੇ ਅਤੇ ਸਭ ਅੰਗ-ਸਾਕ, ਸੰਬੰਧੀ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਇਸ ਔਖੀ ਅਤੇ ਮੁਸ਼ਕਲ ਦੀ ਘੜੀ ਵਿਚ ਤੇਰਾ ਸਾਥ ਛੱਡ ਕੇ, ਤੇਰੇ ਕੋਲੋਂ ਭੱਜ ਜਾਣ ਅਤੇ ਅਤਿ ਔਖੀ ਘੜੀ ਵਿਚ ਜਦੋਂ ਦੁਨੀਆ ਵਿਚ ਤੇਰੇ ਸਾਰੇ ਆਸਰੇ ਖਤਮ ਹੋ ਜਾਣ, ਤੂੰ ਝੁਰਦਾ ਫਿਰੇਂ ਕਿ ਮੇਰੇ ਸਾਰੇ ਆਸਰੇ ਬਿਲਕੁਲ ਹੀ ਖਤਮ ਹੋ ਗਏ ਹਨ ਤਾਂ ਮੇਰੇ ਪਿਆਰੇ, ਯਾਦ ਰੱਖੀਂ, ਤੂੰ ਉਸ ਅਕਾਲ ਪੁਰਖ ਵਾਹਿਗੁਰੂ ਜੀ ਨੂੰ ਇਸ ਅਤਿ ਮੁਸ਼ਕਲ ਦੀ ਘੜੀ ਵਿਚ ਬਹੁਤ ਹੀ ਪਿਆਰ ਨਾਲ ਯਾਦ ਕਰੀਂ ਅਤੇ ਉਸ ਆਪਣੇ ਪਿਆਰੇ ਵਾਹਿਗੁਰੂ ਜੀ ਅੱਗੇ ਦੋਵੇਂ ਹੱਥ ਜੋੜਕੇ ਬੇਨਤੀ ਕਰੀਂ ਕਿ ਰੱਬਾ, ਤੁਹਾਡੇ ਤੋਂ ਬਗੈਰ ਮੇਰਾ ਹੁਣ ਕੋਈ ਆਸਰਾ ਨਹੀਂ ਹੈ ਤਾਂ ਯਾਦ ਰੱਖੀਂ, ਜੇ ਵਾਹਿਗੁਰੂ ਜੀ ਨੇ ਤੇਰੇ ਕੱਢੇ ਗਏ ਤਰਲੇ ਸੁਣ ਲਏ ਤਾਂ ਰੱਬ ਤੈਨੂੰ ਤੱਤੀ ਵਾ ਵੀ ਨਹੀਂ ਲੱਗਣ ਦੇਵੇਗਾ।

ਕਬੀਰ ਨਾ ਹਮ ਕੀਆ ਨਾ ਕਰਹਿਗੇ ਨਾ ਕਰ�ि ਸਕੈ ਸਰੀਰੁ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੭)

ਪਿਆਰਿਓ, ਇਕ ਗੁਰੂ ਕਾ ਪਿਆਰਾ ਸਿਖ ਜਦੋਂ ਸਮਾਜ ਜਾਂ ਸੰਗਤ ਵਿਚ ਬਹੁਤ ਹੀ ਨੇਕ, ਸ਼ੁੱਭ ਅਤੇ ਭਲੇ ਦੇ ਕੰਮ ਕਰਦਾ ਹੈ ਤਾਂ ਸਭ ਗੁਰੂ ਕੀ ਸੰਗਤ ਉਸ ਸਿੱਖ ਦੀ ਵੱਡੀ ਸੋਭਾ ਕਰਨ ਲੱਗ ਜਾਂਦੀ ਹੈ ਪਰ ਜਦੋਂ ਵੀ ਕੋਈ ਪਿਆਰਾ ਸਿੱਖ ਉਸ ਸੇਵਾ, ਸਿਮਰਨ ਕਰਨ ਵਾਲੇ ਸਿਖ ਦੇ ਮੂੰਹ 'ਤੇ ਸੋਭਾ ਕਰਦਾ ਹੈ ਤਾਂ ਉਹ ਨੇਕ ਅਤੇ ਚੰਗੇ ਕੰਮ ਕਰਨ ਵਾਲਾ ਸਿੱਖ ਅਗੋਂ ਬਹੁਤ ਹੀ ਨਿਮਰਤਾ ਵਿਚ ਕਹਿਣਾ ਸ਼ੁਰੂ ਕਰ ਦਿੰਦਾ ਹੈ ਕਿ ਪਿਆਰਿਓ, ਇਹ ਸੇਵਾ, ਸਿਮਰਨ ਅਤੇ ਭਲੇ ਦੇ ਕੰਮ ਮੈਂ ਜਾਂ ਮੇਰਾ ਸਰੀਰ ਕਦੇ ਵੀ ਨਹੀ ਸੀ ਕਰ ਸਕਦਾ, ਸੋ ਪਿਆਰਿਓ, ਇਹ ਤਾਂ ਮਹਾਨ ਸਤਿਗੁਰੂ ਜੀ ਨੇ ਆਪ ਮੇਰੇ ਵਿਚ ਵੱਸ ਕੇ ਮੇਰੇ ਕੋਲੋਂ ਇਹ ਸਭ ਕੁਝ ਕਰਵਾ ਰਿਹਾ ਹੈ ਪਰ ਵੱਡੀ ਅਸਚਰਜ ਵਾਲੀ ਗੱਲ ਹੈ ਕਿ ਸਭ ਕੁਝ ਸਤਿਗੁਰੂ ਜੀ ਨੇ ਆਪ ਵਰਤ ਕੇ ਕੀਤਾ ਹੁੰਦਾ ਹੈ ਪਰ ਮਹਾਨ ਸਤਿਗੁਰੂ ਜੀ ਸੰਸਾਰ ਅਤੇ ਸੰਗਤ ਵਿਚ ਸਾਰੀ ਜੈ-ਜੈ ਕਾਰ ਆਪਣੇ ਸੇਵਕ ਦੀ ਕਰਵਾ ਦਿੰਦੇ ਹਨ।

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੩)

ਇਸ ਮਾਇਆ ਤੋਂ ਬਗੈਰ ਐ ਮਨੁੱਖ! ਤੇਰੇ ਕਿਸੇ ਭੈਣ, ਭਰਾ, ਦੋਸਤ/ਮਿੱਤਰ ਜਾਂ ਰਿਸ਼ਤੇਦਾਰ ਨੇ ਤੇਰੇ ਲਾਗੇ ਨਹੀਂ ਲੱਗਣਾ, ਬੰਦੇ ਨੂੰ ਸਲਾਮਾਂ ਤਾਂ ਜ਼ਿਆਦਾ ਮਾਇਆ ਹੀ ਕਰਵਾਉਂਦੀ ਹੈ, ਪਰ ਐ ਮਨੁੱਖ! ਯਾਦ ਰੱਖੀਂ, ਤੂੰ ਜੇ ਵੱਡਾ ਮਤਲਬੀ ਜਾਂ ਖੁਦਗਰਜ਼ ਹੋ ਗਿਆ ਕਿ ਤੂੰ ਆਪਣੇ ਜੀਵਨ ਵਿਚ ਸਭ ਕੁਝ ਮਾਇਆ ਨੂੰ ਹੀ ਮੰਨ ਲਿਆ ਤਾਂ ਸਤਿਗੁਰੂ ਜੀ ਇਸ ਪਾਵਨ ਬਾਣੀ ਦੇ ਉਪਦੇਸ਼ ਵਿਚ ਫੁਰਮਾਉਂਦੇ ਹਨ ਕਿ ਇਹੋ ਹੀ ਮਾਇਆ ਤੈਨੂੰ ਬਿਨਾਂ ਦੰਦਾਂ ਤੋਂ ਤੇਰੇ ਜਿਊਂਦੇ ਜੀਅ ਹੀ ਖਾ ਜਾਵੇਗੀ। ਸੋ ਪਿਆਰਿਆ, ਤੂੰ ਮਾਇਆ ਨੂੰ ਪ੍ਰਾਪਤ ਕਰਨ ਲਈ ਬੜੇ ਵਲ-ਛਲ, ਧੋਖੇ ਅਤੇ ਹੇਰਾਫੇਰੀਆਂ ਕਰਦਾ ਫਿਰਦਾ ਹੈਂ, ਪਿਆਰਿਆ! ਯਾਦ ਰੱਖ ਤੂੰ ਮਾਇਆ ਦਾ ਪੁਜਾਰੀ ਨਾ ਬਣ, ਤੂੰ ਗੁਰਮੁਖਾਂ ਦਾ ਜੀਵਨ ਵੇਖ ਜੋ ਇਸ ਮਾਇਆ ਨੂੰ ਆਪਣੇ ਹਿਰਦੇ ਅੰਦਰ ਦੂਜੇ ਸਥਾਨ 'ਤੇ ਰੱਖਦੇ ਹਨ ਅਤੇ ਰੱਬੀ ਨਾਮ ਦੇ ਸਿਮਰਨ ਕਰਨ ਵਾਲੇ ਗੁਰਮੁਖ ਆਪਣੇ ਜੀਵਨ ਵਿਚ ਰੱਬੀ ਨਾਮ ਪਹਿਲੇ ਸਥਾਨ 'ਤੇ ਰੱਖਦੇ ਹਨ, ਸੋ ਐਸੇ ਗੁਰਮੁਖ ਸਿੱਖ ਮਾਇਆ ਵਿਚ ਰਹਿੰਦੇ ਹੋਏ, ਵੀ ਨਿਰਲੇਪ ਰਹਿਕੇ ਜੀਵਨ ਮੁਕਤ ਹੋ ਜਾਂਦੇ ਹਨ।

ਜਾ ਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੩)

ਪਿਆਰਿਓ, ਜਿਹੜੇ ਗੁਰਮੁਖ ਸਿਖ ਨੂੰ ਸਤਿਗੁਰੂ ਜੀ ਦੀ ਪਾਵਨ ਗੁਰਬਾਣੀ ਦੇ ਉਪਦੇਸਾਂ ਤੇ ਭਰੋਸਾ ਅਤੇ ਵਿਸ਼ਵਾਸ ਹੋ ਜਾਂਦਾ ਹੈ ਕਿ ਸਤਿਗੁਰੂ ਜੀ ਹੀ ਮੇਰੇ ਜੀਵਨ ਦੀ ਅਗਵਾਈ ਆਪ ਕਰਦੇ ਹਨ, ਐਸੇ ਬੰਦਗੀ ਵਾਲੇ ਸਿੱਖ ਦੇ ਹਿਰਦੇ ਅੰਦਰ ਹਰਵਕਤ ਵਾਹਿਗੁਰੂ ਜੀ ਦਾ ਸਿਮਰਨ ਚਲਦਾ ਹੀ ਰਹਿੰਦਾ ਹੈ ਪਰ ਅਸੀਂ ਆਮ ਹੀ ਸੰਗਤ ਵਿਚ ਜਾਂ ਸਮਾਜ ਵਿਚ ਕਿਸੇ ਸਿੱਖ ਬਾਰੇ ਕਹਿ ਦਿੰਦੇ ਹਾਂ ਕਿ ਆਹ, ਸਿੱਖ ਰੱਬਾ ਦਾ ਬੜਾ ਹੀ ਭਗਤ ਹੈ ਨਹੀਂ ਭਾਈ, ਉਸ ਦੇ ਸਮਾਜ ਅਤੇ ਸੰਗਤ ਵਿਚ ਵਿਚਰਦਿਆਂ ਉਸਦੇ ਕੰਮ-ਕਾਰ, ਵਤੀਰਾ ਅਤੇ ਜੀਵਨ ਵਿਚ ਵੇਖਿਓ, ਕਿ ਇਸ ਦੇ ਅੰਦਰ ਕੋਈ ਈਰਖਾ, ਨਿੰਦਿਆ, ਚੁਗਲੀ, ਝੂਠ ਜਾਂ ਹੋਰ ਵਿਕਾਰਾਂ ਦਾ ਵਾਸਾ ਤਾਂ ਨਹੀਂ ਹੈ, ਜੇ ਉਹ ਮਾੜੇ ਕੰਮਾਂ ਤੋਂ ਅਤੇ ਵਿਕਾਰਾਂ ਤੋਂ ਆਪਣੇ ਹਿਰਦੇ ਅੰਦਰ ਪ੍ਰਹੇਜ਼ ਕਰਦਾ ਹੈ ਤਾਂ ਉਸ ਗੁਰਮੁਖ ਪਿਆਰੇ ਨੂੰ ਤੁਸੀਂ ਰੱਬੀ ਭਗਤ ਕਹਿਣ ਦੇ ਹੱਕਦਾਰ ਹੋ ਯਾਨੀ ਕਿ ਜਣੇ-ਖਣੇ ਨੂੰ ਹੀ ਭਗਤ ਭਗਤ ਕਹੀ ਜਾਣਾ, ਇਹ ਗ਼ਲਤ ਹੈ। ਸੋ ਭਗਤ ਹਮੇਸ਼ਾਂ ਆਪਣੇ ਜੀਵਨ ਵਿਚ ਸੱਚ 'ਤੇ ਹੀ ਪਹਿਰਾ ਦਿੰਦਾ ਹੈ, ਉਸ ਦੀ ਕਹਿਣੀ ਅਤੇ ਕਥਨੀ ਵਿਚ ਸੱਚ ਹੀ ਸੱਚ ਹੁੰਦਾ ਹੈ। ਐਸੇ ਪਿਆਰੇ ਬੰਦਗੀ ਵਾਲੇ ਸਿਖ ਨੂੰ ਆਪਾਂ ਭਗਤ ਕਹਿ ਕੇ ਰੱਬ ਦੀ ਖੁਸ਼ੀ ਪ੍ਰਾਪਤ ਕਰ ਸਕਦੇ ਹਾਂ।

ਚਲਦਾ...

ਸਿੱਖ ਸਾਹਿਤ ਦੇ ਰੂ-ਬ-ਰੂ (੮)

-ਡਾ. ਰਣਜੀਤ ਕੌਰ ਪੰਨਵਾਂ

ਪੁਸਤਕ : ਅਕਾਲੀ ਲਹਿਰ
ਲੇਖਕ : ਡਾ. ਮਹਿੰਦਰ ਸਿੰਘ
ਪ੍ਰਕਾਸ਼ਕ : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪ੍ਰਕਾਸ਼ਨ ਸਾਲ : ੨੦੧੫
ਪੰਨੇ : ੨੩੨
ਕੀਮਤ : ੩੮੦ ਰੁਪਏ (੨੦੧੫ ਵਾਲੇ ਐਡੀਸ਼ਨ ਦੀ ਕੀਮਤ)

ਡਾ. ਮਹਿੰਦਰ ਸਿੰਘ ਦੁਆਰਾ ਲਿਖੀ ਪੁਸਤਕ ਅਕਾਲੀ ਲਹਿਰ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਮਹੱਤਵਪੂਰਨ ਪੁਸਤਕ ਹੈ। ਇਹ ਪੁਸਤਕ ਲੇਖਕ ਦੇ ਪੀਐੱਚ. ਡੀ. ਖੋਜ-ਪ੍ਰਬੰਧ Akali Movement (੧੯੭੮ ਈ.) 'ਤੇ ਆਧਾਰਿਤ ਪੰਜਾਬੀ ਰੂਪ ਹੈ। ਪੁਸਤਕ ਦੀ ਅਹਿਮੀਅਤ ਲੇਖਕ ਦੁਆਰਾ ਭੂਮਿਕਾ ਵਿਚ ਦਿੱਤੀ ਗਈ ਜਾਣਕਾਰੀ ਤੋਂ ਵੀ ਪ੍ਰਗਟ ਹੁੰਦੀ ਹੈ, "ਇਸ ਪੁਸਤਕ ਵਿਚ ਸਰਕਾਰੀ ਰਿਕਾਰਡਾਂ, ਨਿੱਜੀ ਤੇ ਪਰਿਵਾਰਕ ਕਾਗ਼ਜ਼ਾਤ ਅਤੇ ਜ਼ਬਤ-ਸ਼ੁਦਾ ਸਾਹਿਤ, ਜੋ ਇਸ ਵੇਲੇ ਭਾਰਤ ਤੇ ਬਰਤਾਨੀਆ ਵਿਚ ਉਪਲਬਧ ਹੈ, ਵਿੱਚੋਂ ਮਿਲੀਆਂ ਸੱਜਰੀਆਂ ਗਵਾਈਆਂ ਦੇ ਆਧਾਰ ਉੱਤੇ ਅਕਾਲੀ ਲਹਿਰ ਦੀ ਭੂਮਿਕਾ ਨੂੰ ਮੁੜ ਜੋਖਣ ਪਰਖਣ ਤੇ ਪੁਨਰ- ਮੁਲਾਂਕਣ ਦਾ ਜਤਨ ਕੀਤਾ ਗਿਆ ਹੈ। ਇਸ ਵਿਸ਼ੇ ਦੇ ਸਰਕਾਰੀ ਤੇ ਅਕਾਲੀ ਦੋਵਾਂ ਸਰੋਤਾਂ ਦਾ ਅਧਿਐਨ ਕੀਤਾ ਗਿਆ ਹੈ। ਇਕ ਦੂਜੀ ਨਾਲ ਟਕਰਾਉਂਦੀਆਂ ਰਿਪੋਰਟਾਂ, ਗ਼ਲਤ ਬਿਆਨੀਆਂ, ਅਤਿਕਥਨੀਆਂ ਦੀ ਹਾਲਤ ਵਿਚ ਅਤੇ ਕੁਝ ਮਾਮਲਿਆਂ ਵਿਚ, ਸਰਕਾਰੀ ਬਿਰਤਾਂਤਾਂ ਅਤੇ ਹਰਮਨ-ਪਿਆਰੇ ਕਿਤਾਬਚਿਆਂ ਵਿਚ ਤੱਥਾਂ ਨੂੰ ਜਾਣ ਬੁੱਝ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਵਧੀਕ ਤੇ ਸੁਤੰਤਰ ਗਵਾਹੀ ਨਾਲ ਇਨ੍ਹਾਂ ਦੀ ਤੁਲਨਾ ਕਰ ਕੇ ਤੱਥਾਂ ਤੇ ਅੰਕੜਿਆਂ ਨੂੰ ਪੜਤਾਲਿਆ ਜਾਵੇ।" ਪੁਸਤਕ ਵਿਚ ਆਧਾਰ ਸਰੋਤ ਸਮੱਗਰੀ- ਇੰਡੀਆ ਆਫ਼ਿਸ ਲਾਇਬ੍ਰੇਰੀ, ਬ੍ਰਿਟਿਸ਼ ਮਿਊਜ਼ੀਅਮ ਤੇ ਬ੍ਰਿਟਿਸ਼ (ਅਖ਼ਬਾਰ) ਲਾਇਬ੍ਰੇਰੀ ਲੰਦਨ, ਸਰ ਮੈਕਮ ਹੈਲੀ, ਲਨਰਲ ਬਰਡਵੁੱਡ. ਸਰ ਜੇਮਜ਼ ਡੰਨਿਟ, ਸਰ ਐੱਚ. ਡਬਲਿਊ. ਐਮਰਸਨ ਦੇ ਨਿੱਜੀ ਤੇ ਪਰਿਵਾਰਕ ਕਾਗਜ਼ਾਤ ਹਨ, ਇਸ ਤੋਂ ਇਲਾਵਾ ਹੈਲੀ ਤੇ ਹੋਰ ਅੰਗਰੇਜ਼ ਅਫ਼ਸਰਾਂ ਦੇ ਕੌਮੀ ਆਗੂਆਂ ਨਾਲ ਹੋਏ ਚਿੱਠੀ

** ਇੰਚਾਰਜ ਅਤੇ ਐਸੋਸੀਏਟ ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਪੱਤਰ, ਗੁਪਤ ਰਿਪੋਰਟਾਂ, ਤਾਰਾਂ, ਪ੍ਰੈੱਸ ਐਲਾਨ, ਮੀਟਿੰਗਾਂ ਦੇ ਵੇਰਵੇ, ਸਥਾਨਕ ਤੇ ਵਿਦੇਸ਼ੀ ਅਖ਼ਬਾਰਾਂ ਦੀਆਂ ਕਾਤਰਾਂ ਵੀ ਹਨ।

ਇਸ ਪੁਸਤਕ ਨੂੰ ਦੇਸ਼ ਵਿਦੇਸ਼ ਦੇ ਅਕਾਦਮਿਕ ਅਦਾਰਿਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਅਤੇ ਦੇਸ਼ ਦੀਆਂ ਪ੍ਰਮੁੱਖ ਖੋਜ ਪੱਤ੍ਰਿਕਾਵਾਂ, ਅਖ਼ਬਾਰਾਂ ਵਿਚ ਰੀਵਿਊ ਛਪੇ। ਕਰਤਾ ਦੀ ਖੋਜ ਸਮਕਾਲੀ ਖੋਜ ਸ੍ਰੋਤਾਂ 'ਤੇ ਆਧਾਰਿਤ ਹੈ। ਆਪ ਜੀ ਡਾ. ਗੰਡਾ ਸਿੰਘ ਦੇ ਵਿਦਿਆਰਥੀ ਹਨ ਅਤੇ ਇਸ ਸਮੇਂ ਭਾਈ ਵੀਰ ਸਿੰਘ ਸਹਿਤ ਸਦਨ, ਨਵੀਂ ਦਿੱਲੀ ਦੇ ਡਾਇਰੈਕਟਰ ਹਨ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਪੰਜਾਬ ਸਟੱਡੀਜ਼, ਨਵੀਂ ਦਿੱਲੀ 'ਚ ਪ੍ਰੋਫ਼ੈਸਰ-ਡਾਇਰੈਕਟਰ ਵਜੋਂ ਵੀ ਕਾਰਜ ਕਰ ਰਹੇ, ਇਤਿਹਾਸ ਅਧਿਐਨ ਖੇਤਰ ਦੇ ਪ੍ਰਬੁਧ ਹਸਤੀ ਹਨ। ਡਾ. ਸਾਹਿਬ ਪਹਿਲਾਂ ਗੁਰੂ ਨਾਨਕ ਫਾਊਂਡੇਸ਼ਨ ਦੇ ਡਾਇਰੈਕਟਰ: ਭਾਰਤ ਸਰਕਾਰ ਦੇ ਘੱਟ ਗਿਣਤੀ ਵਿਦਿਅਕ ਸੰਸਥਾਵਾਂ ਦੇ ਕੌਮੀ ਕਮਿਸ਼ਨ ਦੇ ਮੈਂਬਰ: ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਪ੍ਰੋਫੈਸਰ ਆਫ਼ ਐਮੀਨੈਂਸ ਅਤੇ ਸੈਂਟਰ ਫ਼ਾਰ ਗਲੋਬਲ ਸਟੱਡੀਜ਼, U.C., California 'ਚ ਵਿਜ਼ਟਿੰਗ ਪ੍ਰੋਫੈਸਰ ਵਜੋਂ ਸੇਵਾ ਨਿਭਾ ਚੁੱਕੇ ਹਨ। ੧੯੪੭ ਈ. 'ਚ ਉਨ੍ਹਾਂ ਨੂੰ ICHR ਵਲੋਂ ਇੰਗਲੈਂਡ 'ਚ ਅਕਾਲੀ ਲਹਿਰ 'ਤੇ ਖੋਜ ਲਈ ਫੈਲੋਸ਼ਿਪ ਦਿਤੀ ਗਈ। ਸਿੱਖ ਇਤਿਹਾਸ ਨਾਲ ਸੰਬੰਧਿਤ ਦੋ ਦਰਜਨ ਤੋਂ ਵੱਧ ਮਿਆਰੀ ਪੁਸਤਕਾਂ ਦੇ ਲੇਖਕ, ਡਾ. ਮਹਿੰਦਰ ਸਿੰਘ ਦੀ ਸਚਿੱਤਰ ਪੁਸਤਕ ਗੁਰੂ ਨਾਨਕ : ਜੀਵਨ ਸੇ ਵਿਰਾਸਤ, ੫ ਨਵੰਬਰ, ੨੦੧੯ ਈ. ਨੂੰ ਰਾਸ਼ਟਰਪਤੀ ਭਵਨ ਵਿਖੇ ਰਿਲੀਜ਼ ਕੀਤੀ ਗਈ।

ਵਿਚਾਰ-ਅਧੀਨ ਪੁਸਤਕ ਵਿਚ ਲੇਖਕ ਨੇ ਸਿੱਖ ਰਿਆਸਤਾਂ ਵਿਚ ਅਕਾਲੀ ਲਹਿਰ, ਨਾਭੇ ਦੇ ਮਹਾਰਾਜੇ ਨੂੰ ਗੱਦੀਓਂ ਉਤਾਰਨ, ਜੈਤੋ ਵਿਚ ਅਕਾਲੀ ਸੰਗਰਾਮ ਦਾ ਵਿਸਤ੍ਰਿਤ ਵਰਣਨ ਕੀਤਾ ਹੈ। ਇਸ ਪੁਸਤਕ ਦੇ ਦੋ ਸ਼ਬਦ ਅਤੇ ਭੂਮਿਕਾ ਤੋਂ ਇਲਾਵਾ ਅੱਠ ਅਧਿਆਇਆਂ ਵਿਚ ਵਿਸ਼ੇਸ਼ ਜਾਣਕਾਰੀ ਦਿੱਤੀ ਹੈ: ਭੂਮਿਕਾ, ਇਤਿਹਾਸਕ ਪਿਛੋਕੜ, ਸਿੱਖ ਧਰਮ-ਅਸਥਾਨਾਂ ਵਿਚ ਸੁਧਾਰ ਲਈ ਸੰਘਰਸ਼, ਸਰਕਾਰ ਵਿਰੁੱਧ ਸੰਘਰਸ਼, ਸਿੱਖ ਰਿਆਸਤਾਂ ਵਿਚ ਅਕਾਲੀ ਸੰਘਰਸ਼, ਜਥੇਬੰਦੀ, ਆਧਾਰ ਅਤੇ ਲਹਿਰ ਦੀ ਅਗਵਾਈ, ਬੱਬਰ ਅਕਾਲੀ ਲਹਿਰ, ਗੁਰਦੁਆਰਾ ਬਿੱਲ ਤੇ ਸਮਾਪਤੀ, ਲਹਿਰ ਦਾ ਪ੍ਰਭਾਵ ਅਤੇ ਕੁਝ ਖ਼ਾਸ ਨਿਰਣੇ, ਮਹੱਤਵਪੂਰਨ ਘਟਨਾਵਾਂ ਦੀ ਕਾਲਕ੍ਰਮ ਸੂਚੀ, ਅੰਤਿਕਾ-੧ (ਬਾਬਾ ਕਰਤਾਰ ਸਿੰਘ ਬੇਦੀ ਨੂੰ ਲਾਹੌਰ ਡਿਵੀਜ਼ਨ ਦੇ ਕਮਿਸ਼ਨਰ ਸੀ. ਐਮ. ਕਿੰਗ ਦੀ ਚਿੱਠੀ ਦੀ ਨਕਲ), ਅੰਤਿਕਾ-੨ (ਹੁਕਮ), ਅੰਤਿਕਾ-੩ (ਗ੍ਰਹਿ ਵਿਭਾਗ {ਕਾਨੂੰਨ}), ਅੰਤਿਕਾ-੪ (ਗੁਰੂ ਕਾ ਬਾਗ: ਸੀ. ਐਫ. ਐਂਡਰਿਊਜ਼ ਵੱਲੋਂ ਅੱਖੀਂ ਡਿੱਠੇ ਹਾਲ ਦਾ ਬਿਆਨ), ਅੰਤਿਕਾ-੫ (ਸੈਂਟਰਲ ਜੇਲ੍ਹ ਨਾਭਾ ਵਿੱਚੋਂ ਲਿਖਿਆ ਜਵਾਹਰ ਲਾਲ ਨਹਿਰੂ ਦੇ ਬਿਆਨ ਦਾ ਮਸੌਦਾ), ਅੰਤਿਕਾ-

੬ (ਨਿਊਯਾਰਕ ਟਾਈਮਜ਼ ਦੇ ਨੁਮਾਇੰਦੇ ਐਸ. ਜ਼ਿਮੰਡ ਵੱਲੋਂ ਮਹਾਤਮਾ ਗਾਂਧੀ ਨੂੰ ਜੈਤੋ ਵਿਖੇ ਚਲਾਈ ਗੋਲੀ ਬਾਰੇ ੯ ਅਪ੍ਰੈਲ, ੧੯੨੪ ਨੂੰ ਲਿਖੀ ਚਿੱਠੀ ਦੀ ਨਕਲ), ਅੰਤਿਕਾ-੭ (ਅਖ਼ਬਾਰਾਂ ਦੇ ਸੰਪਾਦਕਾਂ, ਛਾਪਕਾਂ ਤੇ ਪ੍ਰਕਾਸ਼ਕਾਂ ਦੀ ਸੂਚੀ, ਜਿਨ੍ਹਾਂ ਨੂੰ ਅਕਾਲੀਆਂ ਨਾਲ ਹਮਦਰਦੀ ਰੱਖਣ ਖ਼ਾਤਰ ਸਜ਼ਾ ਹੋਈ), ਅੰਤਿਕਾ-੮ (ਅਕਾਲੀ ਲਹਿਰ ਨੂੰ ਸਮਰਥਨ ਦੇਣ ਵਾਲੇ ਪੰਜਾਬ ਦੇ ਅਖ਼ਬਾਰਾਂ ਦੀ ਸੂਚੀ), ਅੰਤਿਕਾ-੯ (ਅਕਾਲੀ ਲਹਿਰ ਦਾ ਵਿਰੋਧ ਕਰਨ ਵਾਲੇ ਪੰਜਾਬ ਦੇ ਅਖ਼ਬਾਰਾਂ ਦੀ ਸੂਚੀ)।

ਪੁਸਤਕ ਆਮ/ਅਕਾਦਮਿਕ ਪੱਧਰ ਦੇ ਪਾਠਕਾਂ ਲਈ ਅਹਿਮ ਹੈ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਵਡਮੁੱਲੀ ਜਾਣਕਾਰੀ ਸਮੋਈ ਇਹ ਪੁਸਤਕ ਖੋਜ ਵਿਧੀ ਅਨੁਸਾਰੀ ਹੈ। ਪੁਸਤਕ ਸਮਕਾਲੀ ਸਰੋਤਾਂ ਦੀ ਆਧਾਰਿਤ ਪਾਠ-ਸਮਗਰੀ ਨੂੰ ਕਲਮਬੱਧ ਕਰਨ ਕਰਕੇ ਬਹੁਤ ਮਹੱਤਵਪੂਰਨ ਹੈ ਅਤੇ ਹਰ ਭਾਰਤੀ ਨੂੰ ਪੜ੍ਹਣੀ ਚਾਹੀਦੀ ਹੈ ਕਿ ਕਿਵੇਂ ਅੰਗਰੇਜੀ ਸ਼ਾਸਨ ਨੂੰ ਖਤਮ ਕਰਨ ਲਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਪੂਰਨ ਵੱਡਾ ਰੋਲ ਅਦਾ ਕੀਤਾ, ਜਿਸ ਦੀ ਠੀਕ ਤਸਵੀਰ ਪਾਠਕਾਂ ਸਾਹਵੇਂ ਅਜੇ ਤਕ ਪੇਸ਼ ਹੀ ਨਹੀਂ ਹੋਣ ਦਿਤੀ ਗਈ। ਇਹ ਪੁਸਤਕ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਜਾਣਕਾਰੀ ਉਪਲਬਧ ਕਰਵਾਉਣ ਵਾਲੀ ਪੁਸਤਕ ਹੈ।

■

ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕਵਿਤਾ

ਵੈਸਾਖੀ ਦਾ ਦਿਨ

*-ਸ. ਬਲਬੀਰ ਸਿੰਘ ਰਾਜੋਕੇ**

ਦਿਨ ਵੈਸਾਖੀ ਦਾ ਤੇ ਧਰਤੀ ਅਨੰਦਪੁਰ ਦੀ,
ਜਦੋਂ ਤੰਬੂ 'ਚੋਂ ਸੱਚੀ ਸਰਕਾਰ ਨਿਕਲੀ।

ਮੂੰਹੋਂ ਗਰਜੇ ਸੀ ਸ਼ੇਰ ਦੇ ਵਾਂਗ ਸਤਿਗੁਰ,
ਮਿਆਨੋਂ ਲਿਸ਼ਕਦੀ ਨਾਲੇ ਤਲਵਾਰ ਨਿਕਲੀ।

ਇਕ ਸੀਸ ਦੀ ਆਖਦੇ ਲੋੜ ਮੈਨੂੰ,
ਅਵਾਜ਼ ਕੜਕਦੀ ਜਾਂ ਦੂਜੀ ਵਾਰ ਨਿਕਲੀ।

ਧਰਮ ਚੰਦ ਉਠੇ ਮੋਹਕਮ ਚੰਦ ਆ ਗਏ,
ਹਿੰਮਤ ਰਾਏ ਦਾ ਸੀਸ ਉਤਾਰ ਨਿਕਲੀ।

ਲਹੂ ਨੁਚੜਦੀ ਫੇਰ ਤਲਵਾਰ ਵੇਖੀ,
ਭੀੜ ਭੱਜ ਮਸੰਦਾਂ ਦੀ ਬਾਹਰ ਨਿਕਲੀ।

ਕਹਿੰਦੇ ਵੇਖ ਲੋ ਮਾਤਾ ਜੀ ਆਪ ਜਾ ਕੇ,
ਹੋਣੀ ਤੇਗ ਦਾ ਰੂਪ ਜੇ ਧਾਰ ਨਿਕਲੀ।

ਓਹ ਕੀ ਜਾਣਦੇ ਗੁਰਾਂ ਦੀ ਤੇਗ ਇਹ ਜੋ,
ਪੰਥ ਤੀਸਰਾ ਕਰਨ ਤਿਆਰ ਨਿਕਲੀ।

ਅੰਮ੍ਰਿਤ ਛਕ ਪੰਜੇ ਇਹ ਸ਼ੇਰ ਬਣ ਗਏ,
ਕੌਮ ਜ਼ੁਲਮ ਨੂੰ ਅੱਜ ਵੰਗਾਰ ਨਿਕਲੀ।

ਰਾਜੋਕੇ ਵਾਲਿਆ ਖੰਡੇ ਦੀ ਧਾਰ ਉਤੇ,
ਸਿੱਖੀ ਸਜ ਕੇ ਜਾਂ ਪਹਿਲੀ ਵਾਰ ਨਿਕਲੀ। ■

* *L-੨, ੧੨੫੮, ਗਲੀ ਨੰ-੧੨, ਨਿਊ ਗੁਰਨਾਮ ਨਗਰ, ਮੰਦਰ ਵਾਲਾ ਬਜ਼ਾਰ, ਸੁਲਤਾਨਵਿੰਡ ਰੋਡ, ਸ਼੍ਰੀ ਅੰਮ੍ਰਿਤਸਰ।*
ਮੋ. ੮੮੭੨੭-੧੮੩੩੫

ਆਚਰਣਕ ਗੁਣ

*-ਭਾਈ ਪਰਦੀਪ ਸਿੰਘ**

ਆਚਰਣ ਤੋਂ ਭਾਵ ਹੈ ਪੂਰੀ ਤਰ੍ਹਾਂ ਸਾਧਿਆ ਹੋਇਆ ਨੈਤਿਕ ਜੀਵਨ। ਮਨੁੱਖ ਆਪਣੇ ਆਚਰਣ ਦਾ ਘੜਨਹਾਰਾ ਆਪ ਹੁੰਦਾ ਹੈ। ਆਚਰਣ ਕਾਗਜ਼ ਦੇ ਨਿਆਈਂ ਹੀ ਹੁੰਦਾ ਹੈ। ਇੱਕ ਵਾਰ ਜੇਕਰ ਦਾਗਿਆ ਗਿਆ ਤਾਂ ਉਸ ਨੂੰ ਮੁੜ ਪਹਿਲਾਂ ਵਾਂਗ ਕਰਨਾ ਸੰਭਵ ਨਹੀਂ ਹੁੰਦਾ। ਇਸ ਲਈ ਸਾਨੂੰ ਸਾਡਾ ਆਚਰਣ ਉੱਚਾ ਰੱਖਣਾ ਚਾਹੀਦਾ ਹੈ ਅਤੇ ਇਸ ਵਿਚ ਸ਼ੁਭ ਗੁਣਾਂ ਦਾ ਵਾਧਾ ਕਰਨਾ ਚਾਹੀਦਾ ਹੈ। ਆਪਣੇ ਵਾਤਾਵਰਨ ਦੇ ਅਨੁਸਾਰ ਆਪਣਾ ਆਚਰਣ ਅਸੀਂ ਆਪ ਢਾਲਦੇ ਹਾਂ। ਜੇਕਰ ਅਧਿਆਤਮਿਕ ਪੱਖ ਤੋਂ ਵੇਖਿਆ ਜਾਵੇ ਤਾਂ 'ਨਾਮ' ਅਤੇ 'ਸ਼ਬਦ' ਤੋਂ ਬਿਨਾਂ ਆਚਰਣ ਨਹੀਂ ਘੜਿਆ ਜਾ ਸਕਦਾ। ਸੱਚ, ਨਿਮਰਤਾ, ਦਇਆ, ਧੀਰਜ ਤੇ ਸਬਰ ਵਰਗੇ ਗੁਣ ਚੰਗੇ ਆਚਰਣ ਨੂੰ ਘੜਨ ਵਿਚ ਮਦਦਗਾਰ ਸਾਬਤ ਹੁੰਦੇ ਹਨ ।

ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਆਚਰਣ ਦੀ ਪਰਿਭਾਸ਼ਾ ਇੰਞ ਦਿੰਦੇ ਹਨ:

ਆਚਰਣ: ਚਾਲਚਲਨ। ੨ ਵਰਤਵਹਾਰ (ਬਿਉਹਾਰ). "ਜਦਿ ਬਿਧਿ ਆਚਰਣੰ." (ਗੂਜ ਜੈਦੇਵ) ੩ ਚਿੰਨ੍ਹ. ਲੱਛਣ.

- ਨਾਮ ਬਿਨਾ ਕੈਸੇ ਆਚਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩੦)

- ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੫)

ਜਿਨ੍ਹਾਂ ਦੇ ਪਾਸ ਜੀਵਨ ਆਚਾਰ ਹੀ ਨਹੀਂ ਹੈ; ਉਹ ਮਨਮੁਖੀ ਜੀਵਨ ਹੀ ਜਿਉ ਸਕਦੇ ਹਨ। ਉਹ ਹਰ ਪਾਸਿਓਂ ਬੁਰਿਆਈ ਖੱਟਦੇ ਹਨ ਅਤੇ ਸਮਾਜ ਵਿਚ ਨਕਾਰੇ ਜਾਂਦੇ ਹਨ।

ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੦)

ਗੁਰੂ ਨੂੰ ਮਿਲ ਕੇ ਜੀਵਨ-ਜਾਚ ਸਿੱਖ, ਚੰਗਾ ਆਚਰਣ ਬਣਾਉਣਾ ਸਿੱਖ, ਤੈਨੂੰ ਕਦੇ ਕੋਈ ਦੁੱਖ ਨਹੀਂ ਵਿਆਪੇਗਾ। ਪਰ ਜਿਸ ਨੇ ਸਤਿਗੁਰੂ ਪਾਸੋਂ ਆਚਰਣ ਨੂੰ ਸਾਧਨ ਦਾ ਤਰੀਕਾ ਸਿੱਖ ਲਿਆ ਹੈ ਉਸ ਦਾ ਜੀਵਨ ਸਵਰ ਜਾਂਦਾ ਹੈ।

ਹੁਣ ਜਿਨ੍ਹਾਂ ਪਾਸ ਇਹ ਚੱਜ ਹੀ ਨਹੀਂ ਹੈ ਉਹ ਭਾਵੇਂ ਗੱਲਾਂ ਸੱਚ ਦੀਆਂ ਹੀ

* *ਵਿਦਿਆਰਥੀ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿਖਇਜ਼ਮ, ਬਹਾਦਰਗੜ੍ਹ, ਪਟਿਆਲਾ। ਮੋ. ੮੧੪੬੪-੪੦੪੮੦*

ਕਿਉਂ ਨਾ ਕਰੀ ਜਾਣ ਪਰ ਆਪਣੇ ਆਚਰਣ ਵਜੋਂ ਨਿਰਬਲ ਹੀ ਰਹਿੰਦੇ ਹਨ। ਉਨ੍ਹਾਂ ਦੇ ਮਨ ਅੰਦਰੋਂ ਖੋਟੇ ਹੁੰਦੇ ਹਨ; ਭਾਵੇਂ ਲੱਖ ਬਾਹਰੋਂ ਸੱਚੇ ਅਤੇ ਨਿਮਰਤਾ ਵਾਲੇ ਬਣੇ ਰਹਿਣ। ਅਜਿਹੇ ਖੋਟੇ ਮਨਾਂ ਨੂੰ ਗੁਰਬਾਣੀ ਦੇ ਨੇਕ ਓਟ-ਆਸਰੇ ਨਾਲ ਖਰੇ ਕੀਤਾ ਜਾ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

-ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫)

-ਮਨਿ ਮੈਲੈ ਸੁਚਾ ਕਿਉ ਹੋਇ॥
ਸਾਚਿ ਮਿਲੈ ਪਾਵੈ ਪਤਿ ਸੋਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੬)*

ਮਨੁੱਖ ਦਾ ਆਚਰਣ ਜਾਣਨਾ ਹੋਵੇ ਤਾਂ ਇਹ ਵੇਖਣਾ ਚਾਹੀਦਾ ਹੈ ਕਿ ਉਸ ਦਾ ਆਪਣੇ ਤੋਂ ਛੋਟੇ ਤੇ ਨੀਵਿਆਂ ਨਾਲ ਕਿਸ ਤਰ੍ਹਾ ਦਾ ਵਤੀਰਾ ਹੈ। ਮਨੁੱਖ ਦਾ ਦੂਸਰਿਆਂ ਪ੍ਰਤੀ ਵਤੀਰਾ ਹੀ ਦੱਸਦਾ ਹੈ ਕਿ ਉਸ ਦੇ ਅੰਦਰ ਕਿਨੀ ਕੁ ਸਿਆਣਪ, ਦਿਆਲਤਾ, ਇਮਾਨਦਾਰੀ ਤੇ ਹਿੰਮਤ ਹੈ। ਵਿਅਕਤੀ ਦੇ ਮਨ ਅੰਦਰ ਸੱਚ, ਸਿਆਣਪ, ਦਿਆਲਤਾ, ਹਮਦਰਦੀ ਆਦਿ ਗੁਣਾਂ ਦੀ ਹੋਂਦ ਚੰਗੇ ਆਚਰਣ ਦਾ ਨਿਰਮਾਣ ਕਰਦੀ ਹੈ।

ਸੱਚ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੱਚ ਤੋਂ ਭਾਵ ਹੈ: ਸੱਚ. ਸਤਜ. ਮਿਥਯਾ ਦੇ ਵਿਰੁੱਧ।

ਅਰਥਾਤ ਸੱਚ ਵਿਅਕਤੀ ਅਤੇ ਸਮਾਜ ਦਾ ਇੱਕ ਸਦਾਚਾਰਕ ਗੁਣ ਹੈ। ਸੱਚ ਦਾ ਸੰਬੰਧ ਰੱਬ ਨਾਲ ਹੁੰਦਾ ਹੈ। ਸੱਚ ਸਿਰਫ ਇੱਕ ਹੈ- ਪਰਮਾਤਮਾ। ਪਰਮਾਤਮਾ ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਹੈ। ਜੋ ਸਦੀਵੀ ਕਾਲ ਤਕ ਸੱਚ ਹੈ। ਇਸੇ ਸੱਚ ਦਾ ਸਭ ਪਾਸੇ ਪਸਾਰਾ ਪਸਰਿਆ ਹੋਇਆ ਹੈ:

ਸਚੁ ਵਰਤੈ ਸਾਚਾ ਪਾਸਾਰੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੨)*

ਭਾਵ ਪ੍ਰਭੂ ਹੀ ਹੈ ਜੋ ਸਭ ਥਾਈਂ ਮੌਜੂਦ ਹੈ। ਪ੍ਰਭੂ ਦਾ ਹੀ ਸਭ ਪਾਸੇ ਪਸਾਰਾ ਹੈ।

ਮਨ ਵਿਚ ਸੱਚ ਦੀ ਹੋਂਦ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਉੱਤਮ ਕਰਨੀ ਮੰਨਿਆ ਹੈ। ਫੁਰਮਾਨ ਹੈ:

ਹਿਰਦੈ ਸਚੁ ਏਹ ਕਰਣੀ ਸਾਰੁ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੩)*

ਇਸ ਸੱਚ ਤੋਂ ਉੱਪਰ ਸੱਚੀ ਰਹਿਣੀ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨)*

ਵਿਅਕਤੀ ਦਾ ਹਰੇਕ ਕਰਮ, ਸਦਾ ਥਿਰ ਪ੍ਰਭੂ ਦੇ ਨਾਮ ਸਿਮਰਨ ਦੇ ਬਾਝੋਂ ਤੁਛ ਹੈ। ਸਿਮਰਨ ਰੂਪ ਕਰਮ ਸਭ ਕਰਮਾਂ-ਧਰਮਾਂ ਤੋਂ ਸ੍ਰੇਸ਼ਟ ਹੈ। ਸੱਚ ਤਾਂ ਆਪਣੀ ਸਦੀਵੀਂ ਜ਼ਿੰਦਗੀ ਜਿਊਂਦਾ ਹੈ। ਸੱਚ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿੰਨ ਕਾਲ ਇੱਕ ਰਸ ਰਹਿਣ ਵਾਲੇ ਵਾਹਿਗੁਰੂ ਲਈ ਵਰਤਿਆ ਹੈ- *ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* ਜਿਨ੍ਹਾਂ ਮਨੁੱਖਾਂ ਦਾ ਰੱਬ ਨਾਲ ਦਿਲੋਂ ਪਿਆਰ ਹੈ ਉਹੀ ਸੱਚੇ ਆਸ਼ਕ ਹਨ, ਉਨ੍ਹਾਂ ਦੇ ਅੰਦਰ ਸੱਚੇ ਪਰਮਾਤਮਾ ਨੂੰ ਮਿਲਣ ਦੀ ਤਾਂਘ ਹੁੰਦੀ ਹੈ; ਪਰ ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੈ ਤੇ ਬੋਲਦੇ ਕੁਝ ਹੋਰ ਹਨ,ਉਹ ਕੱਚੇ ਆਸ਼ਕ ਆਖੇ ਜਾਂਦੇ ਹਨ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੮)

ਹੁਣ ਜੋ ਅਸਲੋਂ ਹੈ ਹੀ ਸੱਚ ਫਿਰ ਉਹ ਪੁਰਾਣਾ ਨਹੀਂ ਹੁੰਦਾ:

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੬)

ਇਸ ਲਈ ਹਰ ਮਨੁੱਖ ਨੂੰ ਸੱਚ ਉੱਤੇ ਹੀ ਨਿਸ਼ਚਾ ਰੱਖਣਾ ਚਾਹੀਦਾ ਹੈ ਅਤੇ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਸੱਚ ਬੋਲਣ ਨਾਲ ਮਨੁੱਖ ਦੀ ਆਤਮਾ ਬਲਵਾਨ ਹੁੰਦੀ ਹੈ ਮਨ ਦੀ ਪਵਿੱਤਰਤਾ ਵਧਦੀ ਹੈ ਅਤੇ ਆਚਰਣ ਸ਼ੁੱਧ ਹੁੰਦਾ ਹੈ:

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੮)

ਵਿਅਕਤੀ ਵਿਚ ਸੱਚ ਦੀ ਹੋਂਦ ਹੋਣਾ ਮਾਤਾ-ਪਿਤਾ 'ਤੇ ਵੀ ਨਿਰਭਰ ਕਰਦਾ ਹੈ। ਮਾਪੇ ਜਦੋਂ ਬੱਚੇ ਲਈ ਅਜਿਹਾ ਵਾਤਾਵਰਣ ਬਣਾ ਦੇਣ ਜਿਸ ਵਿਚ ਬੱਚਾ ਆਪਣੀ ਸੁਤੰਤਰ ਹੋਂਦ ਨੂੰ ਮਾਣੇ, ਹਮੇਸ਼ਾ ਸੱਚ ਬੋਲਣ ਲਈ ਪ੍ਰੇਰਿਤ ਹੋਵੇ ਤਾਂ ਨਤੀਜਾ ਇਹ ਨਿਕਲਦਾ ਹੈ ਕਿ ਫਿਰ ਉਹ ਬੱਚਾ ਕਿਸੇ ਵੀ ਹਾਲਾਤ ਵਿਚ ਝੂਠ ਨਹੀਂ ਬੋਲਦਾ ਸਗੋਂ ਹਮੇਸ਼ਾ ਸੱਚ ਦਾ ਸਾਥ ਦਿੰਦਾ ਹੈ। ਸੱਚ ਦੀ ਪਰਖ ਉਦੋਂ ਵੀ ਹੁੰਦੀ ਹੈ ਜਦੋਂ ਮਨੁੱਖ ਸੱਚੀ ਸਿੱਖਿਆ ਗੁਰੂ ਪਾਸੋਂ ਲਵੇ ਅਤੇ ਉਸ ਸਿੱਖਿਆ ਉੱਤੇ ਚੱਲ ਕੇ ਸਭ ਜੀਵਾਂ ਉੱਤੇ ਦਇਆ ਕਰਨ ਦੀ ਜਾਚ ਸਿੱਖੇ ਅਤੇ ਲੋੜਵੰਦਾਂ ਨੂੰ ਕੁਝ ਦਾਨ ਕਰੇ।

ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ॥
ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੦)

ਅਸੀਂ ਜੀਵ ਜਗਤ ਵਿਚ ਹਰਿ-ਨਾਮ ਦਾ ਵਣਜ ਕਰਨ ਆਏ ਹਾਂ, ਜਿਨ੍ਹਾਂ ਪਾਸ ਪਰਮਾਤਮਾ ਦਾ ਨਾਮ-ਧਨ ਹੈ, ਹਰੀ ਦਾ ਨਾਮ ਵਣਜ ਕਰਨ ਲਈ ਪੂੰਜੀ ਹੈ, ਉਹੀ ਸ਼ਾਹੂਕਾਰ ਹਨ, ਉਹੀ ਧਨ ਵਾਲੇ ਹਨ। ਹੇ ਨਾਨਕ! ਅਜਿਹੇ ਸੰਤ ਜਨਾਂ ਤੋਂ ਹੀ

ਨਾਮ-ਧਨ ਤੇ ਆਤਮਕ ਪਵਿੱਤ੍ਰਤਾ ਹਾਸਲ ਹੁੰਦੀ ਹੈ।੧।

ਨਿਮਰਤਾ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਨਿਮ੍ਰਤਾ ਤੋਂ ਭਾਵ ਹੈ - ਨਿਮ੍ਰਤਾ ਸੰ. ਨਮ੍ਰਤ ਨਮ੍ਰਤਾ. ਸੰਗਜ਼ਾ ਨੀਵਾਂ ਹੋਣ ਦਾ ਭਾਵ. ਹਲੀਮੀ. ਨਿਰਅਭਿਮਾਨਤਾ.

ਨਿਮਰਤਾ ਇੱਕ ਸ਼ਾਂਤ ਸ਼ੁਭ ਗੁਣ ਹੈ। ਇਸ ਵਿਚ ਮਿਠਾਸ ਹੁੰਦੀ ਹੈ। ਇਹ ਮਿਠਾਸ ਚੰਗਿਆਈਆਂ ਦਾ ਤੱਤ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)

ਤਾਕਤ ਅਤੇ ਉੱਤਮ ਗੁਣਾਂ ਦੇ ਹੁੰਦਿਆਂ ਹੋਇਆਂ ਵੀ ਮਨ ਕਰਕੇ ਨੀਵਾਂ ਹੋਣਾ ਨਿਮਰਤਾ ਹੈ। ਨਿਮਰਤਾ ਦਾ ਅਰਥ ਅਜਿਹੇ ਭਾਵ ਨਾਲ ਜਿਊਣਾ ਹੈ ਕਿ ਅਸੀਂ ਸਾਰੇ ਇਕ ਹੀ ਪਰਮਾਤਮਾ ਦੀ ਸੰਤਾਨ ਹਾਂ। ਜਦ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਪ੍ਰਭੂ ਦੀਆਂ ਨਜ਼ਰਾਂ ਵਿਚ ਸਭ ਇਕ ਸਮਾਨ ਹਨ ਤਾਂ ਦੂਜਿਆਂ ਦੇ ਪ੍ਰਤੀ ਸਾਡਾ ਵਿਵਹਾਰ ਨਿਮਰ ਹੋ ਜਾਂਦਾ ਹੈ। ਸਾਡਾ ਹੰਕਾਰ ਖ਼ਤਮ ਹੋ ਜਾਂਦਾ ਹੈ। ਜਦੋਂ ਸਾਡੀ ਕਿਸੇ ਨਾਲ ਤਗੜੀ ਬਹਿਸ ਹੋ ਜਾਵੇ ਤਾਂ ਉਸ ਬਹਿਸ ਵਿੱਚੋਂ ਸ਼ਾਂਤੀ-ਪੂਰਵਕ ਬਾਹਰ ਹੋ ਜਾਣਾ ਚਲਾਕੀ ਨਹੀਂ ਬਲਕਿ ਨਿਮਰਤਾ ਨੂੰ ਦਰਸਾਉਂਦੀ ਹੈ।

ਨਿਮਰਤਾ ਅਤੇ ਮਿੱਠਾ ਬੋਲਣਾ ਬੜ੍ਹੇ ਹੀ ਉੱਚੇ ਗੁਣ ਗਿਣੇ ਗਏ ਹਨ। ਕਈਆਂ ਨੂੰ ਤਾਂ ਨਿਮਾਣੇ ਹੋਣ ਦਾ ਵੀ ਮਾਣ ਹੁੰਦਾ ਹੈ। ਉਹ ਆਪਣੀ ਨਿਮਰਤਾ ਦਾ ਅਭਿਮਾਨ ਚੁੱਕੀ ਫਿਰਦੇ ਹਨ। ਜੋ ਬਾਅਦ ਵਿਚ ਸਿਰਫ ਦੁਨਿਆਵੀ ਦਿਖਾਵਾ ਹੀ ਬਣ ਕੇ ਰਹਿ ਜਾਂਦੇ ਹਨ। ਗੁਰਬਾਣੀ ਦਾ ਫੁਰਮਾਨ ਹੈ:

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)

ਭਾਵ: ਹੇ ਭੈਣ! ਨਿਊਣਾ ਅੱਖਰ ਹੈ, ਸਹਾਰਨਾ ਗੁਣ ਹੈ, ਮਿੱਠਾ ਬੋਲਣਾ ਸ਼੍ਰੋਮਣੀ ਮੰਤਰ ਹੈ। ਜੇ ਇਹ ਤਿੰਨ ਵੇਸ ਕਰ ਲਏਂ ਤਾਂ ਖਸਮ (ਪਰਮਾਤਮਾ) ਵੱਸ ਵਿਚ ਆ ਜਾਏਗਾ।

ਨਿਮਰਤਾ ਸੰਬੰਧੀ ਗੁਰਬਾਣੀ ਵਿਚ ਕਈ ਫੁਰਮਾਨ ਮਿਲਦੇ ਹਨ:

-ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੬)
-ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੮)
-ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੧)

ਸੰਤੋਖ

ਸੰਤੋਖ ਸੰ. ਸਾਂਗੇਧ-ਸੰਤੋਸ. ਸੰਗਜ਼ਾ-ਸਬਰ. ਲੋਭ ਦਾ ਤਿਆਗ. *ਮਨਿ ਸੰਤੋਖੁ*

ਸਬਦਿ ਗੁਰ ਰਾਜੇ (ਰਾਮ ਮ: ੫) ੨ ਪ੍ਰਸੰਨਤਾ, ਆਨੰਦ. *ਕੋਮਲ ਬਾਣੀ ਸਭ ਕਉ ਸੰਤੋਖੈ.* (ਗਉ ਥਿਤੀ ਮ: ੫)

(ਗੁਰਸ਼ਬਦ ਰਤਨਾਕਾਰ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ)

ਜੋ ਪਰਮਾਤਮਾ ਨੇ ਦਿੱਤਾ ਹੈ ਉਸ ਉੱਤੇ ਪ੍ਰਸੰਨ ਰਹਿਣਾ ਸਬਰ ਹੈ। ਸੰਤੋਖ ਦਾ ਅਰਥ ਹੈ- ਰੱਜ ਅਤੇ ਸਬਰ ਭਾਵ- ਸੰਤੁਸ਼ਟੀ। ਦੂਜੇ ਸ਼ਬਦਾਂ ਵਿਚ ਪ੍ਰਾਪਤ ਹੋਏ ਪਦਾਰਥਾਂ ਨੂੰ ਵਰਤ ਕੇ ਸੰਜਮ ਨਾਲ ਜੀਵਨ ਨਿਰਬਾਹ ਕਰਨਾ ਹੀ ਸੰਤੋਖ ਹੈ। ਸ੍ਰਿਸ਼ਟੀ ਦੇ ਸਾਰੇ ਹੀ ਜੀਵ ਮਨੁੱਖ ਨਾਲੋਂ ਜ਼ਿਆਦਾ ਸੰਤੋਖ ਰੱਖਦੇ ਹਨ। ਉਤਭੁਜ ਸ਼੍ਰੇਣੀ ਦੇ ਜੀਵ ਜਿਵੇਂ- ਪੇੜ ਪੌਦੇ ਆਪਣੀ ਜਗ੍ਹਾ 'ਤੇ ਖੜ੍ਹੇ ਰਹਿੰਦੇ ਹਨ, ਜਦੋਂ ਅਕਾਲ ਪੁਰਖ ਦਾ ਹੁਕਮ ਹੋਇਆ ਮੀਂਹ ਪਿਆ ਤਾਂ ਪਾਣੀ ਮਿਲ ਗਿਆ ਨਹੀਂ ਮਿਲਿਆ ਤਾਂ ਵੀ ਕੋਈ ਗੱਲ ਨਹੀਂ। ਇੱਕ ਪੰਛੀ ਲੋੜ ਤੋਂ ਜ਼ਿਆਦਾ ਕਦੇ ਵੀ ਇਕੱਠਾ ਨਹੀਂ ਕਰਦਾ ਇਸ ਦੇ ਉਲਟ ਮਨੁੱਖ ਹੈ ਜਿੰਨਾ ਉਹ ਪਾਈ ਜਾਂਦਾ ਹੈ ਓਨਾ ਹੀ ਹੋਰ ਅੱਗੇ ਪਾਉਣ ਲਈ ਭੱਜਦਾ ਫਿਰਦਾ ਹੈ। ਮਨੁੱਖ ਬੱਚੇ ਤੋਂ ਜਿਉਂ-ਜਿਉਂ ਵੱਡਾ ਹੁੰਦਾ ਹੈ ਉਸ ਦਾ ਮੋਹ ਵੀ ਵੱਡਾ ਹੁੰਦਾ ਰਹਿੰਦਾ ਹੈ। ਵਿਕਾਰ ਹਾਵੀ ਹੋਣ ਲਗਦੇ ਹਨ, ਸੰਸਾਰ ਵਿਚ ਦੂਜਿਆਂ ਨੂੰ ਮਾਇਆ ਪਿੱਛੇ ਭੱਜਦੇ ਵੇਖਦਿਆਂ ਹੁਕਮ ਨੂੰ ਭੁੱਲ ਜਾਂਦਾ ਹੈ। ਸਬਰ ਅਤੇ ਸੰਤੋਖ ਘੱਟ ਜਾਂਦਾ ਹੈ। ਜਦੋਂ ਬੱਚੇ ਦਾ ਪੇਟ ਭਰਦਾ ਦੇਖ ਕੇ ਮਾਂ ਨੂੰ ਆਪੇ ਹੀ ਰੱਜ ਆ ਜਾਂਦਾ ਹੈ, ਇਸ ਵਿਚ ਮਾਂ ਦੀ ਸੰਤੁਸ਼ਟੀ ਹੀ ਸਬਰ ਨੂੰ ਦਰਸਾਉਂਦੀ ਹੈ। ਬਾਣੀ ਦਾ ਫੁਰਮਾਨ ਹੈ:

ਯਾ ਜੁਗ ਮਹਿ ਏਕਹਿ ਕਉ ਆਇਆ॥
ਜਨਮਤ ਮੋਹਿਓ ਮੋਹਨੀ ਮਾਇਆ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੧)*

ਇਸ ਜਨਮ ਵਿਚ ਪਰਮੇਸਰ ਦੇ ਹੁਕਮ ਨਾਲ ਏਕੇ ਲਈ ਆਇਆ ਸੀ ਪਰ ਮਾਇਆ ਨੇ ਮੋਹ ਲਿਆ।

-ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)
-ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੧)

ਜਿਸ ਪਾਸ ਸੰਤੋਖ ਨਹੀਂ, ਉਹ ਗਰੀਬ ਹੈ। ਸੰਤੋਖਵਾਨ ਵਰਗਾ ਅਮੀਰ ਕੋਈ ਨਹੀਂ ਹੁੰਦਾ। ਸੰਤੋਖ ਕਿਸੇ ਵੀ ਘਾਲਣਾ ਨਾਲ ਪ੍ਰਾਪਤ ਨਹੀਂ ਹੁੰਦਾ।

ਸੰਤੋਖੁ ਨ ਆਵਤ ਕਹੂੰ ਕਾਜ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੨)*

ਅਸਲ ਸੰਤੋਖ ਤਾਂ ਸੱਚੇ ਰੱਬ ਦਾ ਧਿਆਨ ਕਰਨਾ ਤੇ ਉਸ ਦੀ ਸੇਵਾ ਵਿਚ ਲੱਗਣਾ ਹੈ।

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥

ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੪)

ਜੇ ਮਨ ਵਿਚ ਇਸ ਸਬਰ ਦੀ ਕਮਾਨ ਹੋਵੇ, ਜੇ ਸਬਰ ਹੀ ਕਮਾਣ ਦਾ ਚਿੱਲਾ ਹੋਵੇ, ਸਬਰ ਦਾ ਹੀ ਤੀਰ ਹੋਵੇ, ਤਾਂ ਪਰਮਾਤਮਾ (ਇਸ ਦਾ ਨਿਸ਼ਾਨਾ) ਖੁੰਝਣ ਨਹੀਂ ਦੇਂਦਾ॥੧੧੫॥

ਵਸਤੂ ਜੋ ਤੁਹਾਨੂੰ ਸਭ ਤੋਂ ਵੱਧ ਕੀਮਤੀ ਹੈ ਅਤੇ ਤੁਸੀਂ ਉਸ ਦਾ ਤਿਆਗ ਨਹੀਂ ਕਰ ਸਕਦੇ। ਪਰਮਾਤਮਾ ਦੀ ਰਜ਼ਾ ਵਿਚ ਇਸ ਵਸਤੂ ਨੂੰ ਵੀ ਤਿਆਗ ਦੇਣਾ ਵਿਅਕਤੀ ਅੰਦਰ ਸਬਰ ਦੀ ਹੋਂਦ ਨੂੰ ਦਰਸਾਉਂਦਾ ਹੈ।

ਧੀਰਜ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਧੀਰਜ ਤੋਂ ਭਾਵ ਹੈ ਚਿੱਤ ਦਾ ਟਿਕਾਉ. ਦ੍ਰਿੜ੍ਹਤਾ, ਕਲੇਸ਼ ਵਿਚ ਮਨ ਦੀ ਇਸਿਥਤਿ.

ਆਸ਼ਾਵੰਤ ਰਹਿਣ ਦੀ ਕਲਾ ਦਾ ਦੂਜਾ ਨਾਮ ਹੀ ਧੀਰਜ ਹੈ। ਧੀਰਜ ਤੋਂ ਭਾਵ ਚਿੱਤ ਦਾ ਟਿਕਾਓ ਵਿਚ ਰਹਿਣਾ, ਚਿੱਤ ਦਾ ਇਕਸਾਰ ਟਿਕੇ ਰਹਿਣਾ:

ਧੀਰਉ ਸੁਨਿ ਧੀਰਉ ਪ੍ਰਭ ਕਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੦)

ਸਾਨੂੰ ਮਨ ਵਿਚ ਧੀਰਜ ਤੇ ਟਿਕਾਓ ਰੱਖ ਕੇ ਹਰੀ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ। ਉਸ ਦੇ ਜਾਪ ਤੋਂ ਹੀ ਧੀਰਜ ਪ੍ਰਾਪਤ ਹੁੰਦਾ ਹੈ। ਜਾਪ ਹਰੀ ਨਾਮ ਦਾ ਰਿੜਕਣਾ ਹੁੰਦਾ ਹੈ, ਜਿਤਨਾ ਸਹਿਜ ਰਿੜਕਿਆ ਜਾਵੇ ਉਤਨਾ ਹੀ ਵਧੇਰੇ ਤੱਤ ਸਾਨੂੰ ਪ੍ਰਾਪਤ ਹੁੰਦਾ ਹੈ:

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੯)

ਹੁਣ ਸਵਾਲ ਹੈ ਐਸਾ ਧੀਰਜ ਕਿਵੇਂ ਪ੍ਰਾਪਤ ਹੁੰਦਾ ਹੈ? ਉੱਤਰ ਹੈ- ਗੁਰੂ ਦੀ ਕਿਰਪਾ ਸਦਕਾ, ਉਸਦਾ ਨਾਮ ਜਪ ਕਰਨ ਦੇ ਨਾਲ:

ਹਰਿ ਜਪਿ ਜਪੇ ਮਨੁ ਧੀਰੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੨)

ਅਸੀਂ ਇਸ ਸੰਸਾਰ ਵਿਚ ਬਿਲਕੁਲ ਇਕੱਲੇ ਹਾਂ ਤੇ ਜ਼ਿੰਦਗੀ ਵਿਚ ਵੀ ਘੋਰ ਇਕੱਲਤਾ ਹੈ। ਜੇਕਰ ਗੁਰੂ ਮਿਹਰ ਦੀ ਇੱਕ ਨਜ਼ਰ ਹੀ ਕਰ ਦੇਵੇ ਤਾਂ ਸਾਡੇ ਮਨ ਵਿਚ ਧੀਰਜ ਹੀ ਧੀਰਜ ਪ੍ਰਵੇਸ਼ ਕਰ ਜਾਵੇਗੀ:

ਏਕ ਦ੍ਰਿਸਟਿ ਤਾਰੇ ਗੁਰ ਪੂਰਾ॥
ਗੁਰੁ ਮਾਨੈ ਮਨ ਤੇ ਮਨੁ ਧੀਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੩)

ਧੀਰਜ ਦੀ ਉਦਾਹਰਨ ਸਾਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਵਿੱਚੋਂ ਮਿਲਦੀ ਹੈ ਕਿ ਕਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਤਪੇ ਸ਼ਿਵਨਾਥ ਨੇ ਖਡੂਰ ਸਾਹਿਬ ਵਿੱਚੋਂ ਕਢਵਾ ਦਿੱਤਾ ਸੀ। ਪਰ ਫਿਰ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਧੀਰਜ ਰੱਖਿਆ ਅਤੇ ਕਰਤਾਰ ਦੇ ਭਾਣੇ ਨੂੰ ਮੰਨਦੇ ਖਡੂਰ ਸਾਹਿਬ ਛੱਡ ਕੇ ਚਲੇ ਗਏ। ਇਹ

ਸਾਖੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਧੀਰਜ ਨੂੰ ਦਰਸਾਉਂਦੀ ਹੈ।

ਬਾਬੇ ਬਕਾਲੇ ਬਾਈ (੨੨) ਗੁਰੂ ਬਣ ਬੈਠੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧੀਰਜ ਨਹੀਂ ਗਵਾਇਆ ਆਖਿਰ ਸੱਚ ਦੀ ਜਿੱਤ ਹੋਈ।

ਦਇਆ

ਦਇਆ –ਦੂਸਰੇ ਦੇ ਦੁੱਖ ਨੂੰ ਦੇਖ ਕੇ ਚਿੱਤ ਦੇ ਦ੍ਰਵਣ ਦਾ ਭਾਵ. ਕਰੁਣਾ. ਰਹਮ.

(ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਾਰ, ਮਹਾਨ ਕੋਸ਼)

ਦੂਸਰੇ ਦੇ ਦੁੱਖ ਨੂੰ ਦੇਖ ਕੇ ਚਿੱਤ ਦਾ ਦ੍ਰਵਣਾ ਭਾਵ ਹੀ ਦਇਆ ਹੈ। ਦਇਆ ਨੂੰ ਦੈਵੀ ਗੁਣ ਵੀ ਕਿਹਾ ਜਾਂਦਾ ਹੈ। ਦਇਆ ਜਿੱਥੇ ਵਰਤਦੀ ਹੈ, ਉੱਥੇ ਰੱਬ ਵੱਸਦਾ ਹੈ:

ਦਇਆ ਦਿਗੰਬਰੁ ਦੇਹ ਬੀਚਾਰੀ॥
ਆਪਿ ਮਰੈ ਅਵਰਾ ਨਹ ਮਾਰੀ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੬)*

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁੱਢਲਾ ਉਪਦੇਸ਼ ਹੀ ਦਇਆ ਹੈ। ਉਨ੍ਹਾਂ ਅਨੁਸਾਰ ਜੋ ਧਰਮ ਹੈ ਉਹ ਦਇਆ ਕਰਕੇ ਹੀ ਹੈ। ਉਹ ਦਇਆ ਦਾ ਪੁੱਤਰ ਹੈ। ਪਰਮਾਤਮਾ ਦੀ ਦਇਆ ਵੀ ਉਸੇ ਦੇ ਭਾਣੇ ਵਿਚ ਪ੍ਰਾਪਤ ਹੁੰਦੀ ਹੈ। ਗੁਰਬਾਣੀ ਵਿਚ ਕਈ ਥਾਵਾਂ 'ਤੇ ਪਰਮਾਤਮਾ ਪਾਸੋਂ ਦਇਆ ਦੀ,ਰਹਿਮ ਦੀ,ਦਿਆਲਤਾ ਦੀ ਜਾਚਨਾ ਮਿਲਦੀ ਹੈ। ਗੁਰਬਾਣੀ ਵਿੱਚੋਂ ਕੁਝ ਉਦਾਹਰਨਾਂ ਹੇਠ ਲਿਖੀਆਂ ਹਨ:

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੬)
–ਆਪੇ ਬਖਸੇ ਦਇਆ ਕਰਿ ਗੁਰ ਸਤਿਗੁਰ ਬਚਨੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੧)
–ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੨੪੫)
–ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੭)
–ਦੀਨ ਦਇਆਲ ਦਇਆ ਕਰ ਸ੍ਰੀ ਪਤਿ ਸੁੰਦਰ ਸ੍ਰੀ ਪਦਮਾ ਪਤਿ ਏਹੈ॥
(ਅਕਾਲ ਉਸਤਤ)

ਪੈਂਦੇ ਖਾਂ ਯਤੀਮ ਸੀ। ਉਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬੜੇ ਚਾਵਾਂ ਨਾਲ ਪਾਲਿਆ ਸੀ। ਪਰ ਉਹ ਹੰਕਾਰੀ ਹੋ ਗਿਆ ਅਤੇ ਹੁਕਮ-ਅਦੂਲੀ ਕਰਨ ਲੱਗ ਪਿਆ। ਉਹ ਗੁਰੂ ਜੀ ਦਾ ਵੈਰੀ ਬਣ ਬੈਠਾ। ਕਰਤਾਰਪੁਰ ਦੀ ਜੰਗ ਵਿਚ ਉਸ ਦੇ ਵਾਰ ਨੂੰ ਰੋਕਦੇ ਹੋਏ ਗੁਰੂ ਜੀ ਨੇ ਵਾਰ ਕੀਤਾ ਤਾਂ ਉਹ ਢੇਰੀ ਹੋ ਗਿਆ। ਗੁਰੂ ਜੀ

ਨੇ ਉਸ ਦਾ ਮੂੰਹ ਪੂੰਝਿਆ ਅਤੇ ਢਾਲ ਦੀ ਛਾਂ ਕਰ ਕੇ ਆਖਿਆ– "ਪੈਂਦੇ ਖਾਂ! ਪੜ੍ਹ ਕਲਮਾ!" ਪੈਂਦੇ ਖਾਂ ਨੇ ਜਵਾਬ ਦਿੱਤਾ ਤੇਰੀ ਮਿਹਰ ਹੀ ਮੇਰਾ ਕਲਮਾ ਹੈ, ਅਤੇ ਸਵਾਸ ਪੂਰੇ ਹੋ ਗਏ। ਇਸ ਤਰ੍ਹਾਂ ਗੁਰੂ ਜੀ ਨੇ ਉਸ ਉੱਪਰ ਦਇਆ ਰੱਖ ਕੇ ਉਸ ਨੂੰ ਮੁਕਤ ਕੀਤਾ।

ਵਿਸਾਹ

ਵਿਸਾਹ ਦੇ ਅੱਖਰੀਂ ਅਰਥ ਹਨ– ਵਿਸ਼ਵਾਸ, ਨਿਸ਼ਚਾ, ਯਕੀਨ, ਇਤਬਾਰ, ਪ੍ਰਤੀਤ ਆਦਿ। ਭਾਵ ਕਿਸੇ ਉੱਤੇ ਯਕੀਨ ਕਰਨਾ। ਮਨੁੱਖ ਨੂੰ ਵਿਸਾਹ ਕੇਵਲ ਪਰਮ ਪਿਤਾ ਪਰਮਾਤਮਾ ਦਾ ਹੀ ਕਰਨਾ ਚਾਹੀਦਾ ਹੈ। ਸਭ ਤੋਂ ਵੱਡਾ ਵਿਸਾਹ ਹੀ ਵਾਹਿਗੁਰੂ ਦਾ ਹੈ:

ਪ੍ਰਭ ਅਪਨੇ ਕਾ ਭਇਆ ਬਿਸਾਸੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੬੭)*

ਅਰਥਾਤ ਅਕਾਲ ਪੁਰਖ ਉੱਤੇ ਵਿਸ਼ਵਾਸ ਰੱਖਣਾ ਪੂਰਾ ਵਿਸਾਹ ਹੁੰਦਾ ਹੈ।

ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੬)*

ਅਸੀਂ ਰੋਜ਼ਾਨਾ ਅਰਦਾਸ ਵਿਚ ਵੀ ਪਰਮਾਤਮਾ ਪਾਸੋਂ ਵਿਸਾਹ ਦਾਨ ਮੰਗਦੇ ਹਾਂ। ਵਿਸਾਹ ਮਨ ਵਿਚ ਅਕਾਲ ਪੁਰਖ ਦੇ ਪ੍ਰਤੀ ਵਿਸ਼ਵਾਸ ਦਾ ਮੁੱਖ ਸ੍ਰੋਤ ਹੈ। ਇੱਕ ਸਿੱਖ ਵਾਹਿਗੁਰੂ ਕੋਲੋਂ ਗੁਣਾਂ ਦੀ ਦਾਤ ਮੰਗਦਾ ਹੈ ਕਿ ਹੇ ਵਾਹਿਗੁਰੂ ਜੀਓ! ਮੈਨੂੰ ਇਤਨਾ ਵਿਸਾਹ ਦਿਓ ਕਿ ਮੈਂ ਆਪਣੇ ਧਾਰਮਿਕ ਅਤੇ ਸਮਾਜਿਕ ਫਰਜ਼ਾਂ ਉੱਤੇ ਪੂਰਾ ਉੱਤਰ ਸਕਾਂ। ਹੁਣ ਜੇਕਰ ਇੱਕ ਮਾਂ ਆਪਣੀ ਔਲਾਦ ਤੋਂ ਦੂਰ ਹੈ ਤੇ ਦੂਜਾ ਬੰਦਾ ਉਸ ਨੂੰ ਕਹਿ ਵੀ ਦੇਵੇ ਕਿ ਤੇਰਾ ਬੱਚਾ ਠੀਕ ਹੈ, ਜਲਦ ਹੀ ਵਾਪਸ ਆ ਜਾਵੇਗਾ; ਤਾਂ ਫਿਰ ਵੀ ਉਹ ਮਾਂ ਆਪਣੇ ਬੱਚੇ ਦਾ ਵਿਸਾਹ ਨਹੀਂ ਕਰਦੀ ਜਦੋਂ ਤਕ ਉਹ ਆਪ ਆਪਣੀ ਅੱਖੀਂ ਆਪ ਬੱਚੇ ਨੂੰ ਨਾ ਵੇਖ ਲਵੇ।

ਜੇਕਰ ਮਨ ਦਾ ਕੋਈ ਇਤਬਾਰ ਨਹੀਂ, ਇਸ ਦੇਹ ਦਾ ਵੀ ਕੋਈ ਵਿਸਾਹ ਨਹੀਂ, ਧਨ-ਸੰਪਤੀ ਇਨ੍ਹਾਂ ਦਾ ਵੀ ਕੋਈ ਵਿਸਾਹ ਨਹੀਂ ਹੋ ਸਕਦਾ, ਤਾਂ ਫਿਰ ਵਿਸਾਹ ਕਿਸ ਚੀਜ਼ ਦਾ ਹੈ?

ਉੱਤਰ ਹੈ ! ਵਾਹਿਗੁਰੂ ਦੇ ਨਾਮ ਦਾ ਵਿਸਾਹ ਹੀ ਸੱਚਾ ਵਿਸਾਹ ਹੈ। ਗੁਰਬਾਣੀ ਦਾ ਫੁਰਮਾਨ ਹੈ:

ਧਨੁ ਸਾਚਾ ਤੇਊ ਸਚ ਸਾਹਾ॥
ਹਰਿ ਹਰਿ ਪੂੰਜੀ ਨਾਮ ਬਿਸਾਹਾ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੭)*

ਇਸ ਲਈ ਹਮੇਸ਼ਾ ਆਸ਼ਾਵੰਤ ਰਹਿੰਦੇ ਹੋਏ ਅਤੇ ਗੁਰਬਾਣੀ ਦਾ ਨੇਕ ਓਟ-ਆਸਰਾ ਤੱਕਦੇ ਹੋਏ, ਸੱਚੀ ਕਿਰਤ ਕਰਦਿਆਂ ਜੀਵਨ ਨਿਰਬਾਹ ਕਰਨਾ ਚਾਹੀਦਾ ਹੈ। ਪਰਮਾਤਮਾ ਸਾਡੇ ਅੰਦਰ ਹੀ ਵੱਸਦਾ ਹੈ ਜੋ ਖੋਟੇ ਬੰਦਿਆਂ ਨੂੰ ਵੀ ਖਰੇ ਕਰਨ ਦੇ ਸਮਰੱਥ ਹੈ।

ਰਾਗੁ ਜੈਤਸਰੀ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਜੈਤਸਰੀ ਗੁਰਬਾਣੀ ਸੰਗੀਤ ਦਾ ਮਹੱਤਵਪੂਰਨ ਰਾਗੁ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਜੈਤਸਰੀ ਨੂੰ ਗਿਆਰ੍ਹਵਾਂ ਸਥਾਨ ਦਿੱਤਾ ਹੈ। ਇਸ ਰਾਗੁ ਵਿਚ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ।

ਭਾਰਤੀ ਸੰਗੀਤ ਦੇ ਬਹੁਤ ਸਾਰੇ ਵਿਦਵਾਨਾਂ ਅਤੇ ਗ੍ਰੰਥਕਾਰਾਂ ਨੇ ਰਾਗੁ ਜੈਤਸਰੀ ਦਾ ਵਰਣਨ ਕੀਤਾ ਹੈ। ਸ਼ਾਸਤਰੀ ਸੰਗੀਤ ਦਾ ਰਾਗ ਜੈਤਸਰੀ ਬਹੁਤ ਪੁਰਾਤਨ ਰਾਗ ਹੁੰਦੇ ਹੋਏ ਵੀ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਣ ਵਾਲਾ ਰਾਗ ਹੈ। ਸ਼ਾਸਤਰੀ ਸੰਗੀਤ ਦੇ ਵਿਦਵਾਨਾਂ ਅਨੁਸਾਰ ਪੁਰਾਤਨ ਸਮੇਂ ਵਿਚ ਰਾਗੁ ਜੈਤਸਰੀ ਦੇ ਤਿੰਨ ਵੱਖ-ਵੱਖ ਸਰੂਪ ਪ੍ਰਚਾਰ ਵਿਚ ਰਹੇ ਹਨ। ਇਸ ਦਾ ਪਹਿਲਾ ਸਰੂਪ ਜੋ ਕਿ ਮਾਰਵਾ ਥਾਟ ਦੇ ਅੰਤਰਗਤ ਰੇ (ਰਿਸ਼ਭ) ਸ੍ਵਰ ਕੋਮਲ, ਮਾ (ਮਧਿਅਮ) ਸ੍ਵਰ ਤੀਵਰ ਅਤੇ ਧਾ (ਧੈਵਤ) ਸ੍ਵਰ ਸ਼ੁਧ ਲਗਾ ਕੇ ਗਾਇਨ, ਵਾਦਨ ਕਰਨ ਨਾਲ ਬਣਦੇ ਸਰੂਪ ਨੂੰ ਰਾਗ ਜੈਤਸਰੀ ਮੰਨਿਆ ਹੈ। ਇਸ ਦਾ ਦੂਜਾ ਸਰੂਪ ਜੋ ਕਿ ਪੂਰਵੀ ਥਾਟ ਦੇ ਅੰਤਰਗਤ ਰੇ (ਰਿਸ਼ਭ) ਸ੍ਵਰ ਕੋਮਲ, ਮਾ (ਮਧਿਅਮ) ਸ੍ਵਰ ਤੀਵਰ ਅਤੇ ਧਾ (ਧੈਵਤ) ਸ੍ਵਰ ਕੋਮਲ ਲਗਾ ਕੇ ਗਾਇਨ, ਵਾਦਨ ਕਰਨ ਨਾਲ ਬਣਦੇ ਸਰੂਪ ਨੂੰ ਰਾਗੁ ਜੈਤਸਰੀ ਮੰਨਿਆ ਹੈ। ਇਸ ਦਾ ਤੀਜਾ ਸਰੂਪ ਰੇ (ਰਿਸ਼ਭ) ਸ੍ਵਰ ਨੂੰ ਅਰੋਹ ਵਿਚ ਵਰਜਿਤ ਕਰਕੇ, ਮਾ (ਮਧਿਅਮ) ਸ੍ਵਰ ਤੀਵਰ ਅਤੇ ਧਾ (ਧੈਵਤ) ਸ੍ਵਰ ਕੋਮਲ ਲਗਾ ਕੇ ਗਾਇਨ, ਵਾਦਨ ਕਰਨ ਨਾਲ ਬਣਦੇ ਸਰੂਪ ਨੂੰ ਰਾਗ ਜੈਤਸਰੀ ਮੰਨਿਆ ਹੈ। ਸੰਗੀਤ ਵਿਦਵਾਨਾਂ ਅਨੁਸਾਰ ਸ਼ਾਸਤਰੀ ਸੰਗੀਤ ਦਾ ਰਾਗ ਜੈਤ ਅਤੇ ਸ੍ਰੀ ਰਾਗ ਦੀਆਂ ਵਿਸ਼ੇਸ਼ ਸ੍ਵਰ ਸੰਗਤੀਆਂ ਦੇ ਮਿਸ਼ਰਨ ਨਾਲ ਰਾਗੁ ਜੈਤਸਰੀ ਦੀ ਉਤਪਤੀ ਮੰਨੀ ਗਈ ਹੈ।

ਰਾਗੁ ਜੈਤਸਰੀ ਗੁਰਬਾਣੀ ਸੰਗੀਤ ਦਾ ਬਹੁਤ ਮਧੁਰ ਰਾਗੁ ਹੈ। ਗੁਰਬਾਣੀ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਅਤੇ ਗ੍ਰੰਥਕਾਰਾਂ ਅਨੁਸਾਰ ਰਾਗੁ ਜੈਤਸਰੀ ਨੂੰ ਪੂਰਵੀ ਥਾਟ ਦੇ ਅੰਤਰਗਤ ਔੜਵ-ਸੰਪੂਰਨ ਜਾਤੀ ਦੇ ਆਧਾਰ 'ਤੇ ਬਣਦੇ ਸਰੂਪ ਨੂੰ ਹੀ ਪ੍ਰਵਾਨਿਤ ਮੰਨਿਆ ਗਿਆ ਹੈ।ਇਸ ਰਾਗੁ ਵਿਚ ਰੇ (ਰਿਸ਼ਭ) ਸ੍ਵਰ, ਧਾ (ਧੈਵਤ) ਸ੍ਵਰ ਕੋਮਲ ਅਤੇ ਮਾ (ਮਾਧਿਅਮ) ਸ੍ਵਰ ਤੀਵਰ ਲਗਦੇ ਹਨ। ਇਸ ਰਾਗੁ ਦੇ ਆਰੋਹ ਵਿਚ ਰੇ (ਰਿਸ਼ਭ) ਸ੍ਵਰ ਅਤੇ ਧਾ (ਧੈਵਤ) ਸ੍ਵਰ ਨਹੀਂ ਲਗਾਏ ਜਾਂਦੇ, ਕਹਿਣ ਤੋਂ ਭਾਵ ਇਹ ਦੋਨੋਂ ਸ੍ਵਰ, ਵਰਜਿਤ ਸ੍ਵਰ

* *ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯੪੯੪੪੮*

ਹਨ। ਇਸ ਰਾਗੁ ਵਿਚ ਪਾ (ਪੰਚਮ) ਸੁਰ ਨਿਆਸ ਦਾ ਸੁਰ ਮੰਨਿਆ ਜਾਂਦਾ ਹੈ, ਭਾਵ ਰਾਗੁ ਨੂੰ ਗਾਇਨ ਕਰਦੇ ਸਮੇਂ ਇਸ ਸੁਰ ਉਪਰ ਰਾਗੁ ਵਿਚ ਲੱਗਣ ਵਾਲੇ ਬਾਕੀ ਨਿਸ਼ਚਿਤ ਸੁਰਾਂ ਨਾਲੋਂ ਜਿਆਦਾ ਇੱਕ ਖਾਸ ਠਹਿਰਾਵ ਦਿੱਤਾ ਜਾਂਦਾ ਹੈ। ਇਸ ਦਾ ਨਿਕਟ ਵਰਤੀ ਰਾਗ ਸ਼ਾਸਤਰੀ ਸੰਗੀਤ ਦਾ ਰਾਗ ਪੂਰੀਆ ਧਨਾਸਰੀ ਮੰਨਿਆ ਜਾਂਦਾ ਹੈ। ਇਸ ਰਾਗੁ ਦੀਆਂ ਕੁਝ ਵਿਸ਼ੇਸ਼ ਸੁਰ ਸੰਗਤੀਆਂ (ਸੁਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ-ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ, ਅੱਗੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸੁਰ ਸੰਗਤੀਆਂ ਨੂੰ ਧਿਆਨ ਵਿਚ ਰੱਖ ਕੇ ਰਾਗੁ ਜੈਤਸਰੀ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ।

ਸਾ, ਨ੍ਰੀ ਸਾ, ਗਾ ਰੁ ਸਾ, ਨ੍ਰੀ ਸਾ ਨ੍ਰੀ, ਸਾ ਨ੍ਰੀ ਧ੍ਰਾ ਪ੍ਰਾ, ਮ੍ਹਾ ਧ੍ਰਾ ਪ੍ਰਾ, ਮ੍ਹਾ ਪ੍ਰਾ ਨ੍ਰੀ ਧ੍ਰਾ ਪ੍ਰਾ, ਮ੍ਹਾ ਪ੍ਰਾ ਨ੍ਰੀ ਸਾ, ਨ੍ਰੀ ਸਾ ਰੁ ਸਾ, ਨ੍ਰੀ ਸਾ ਗਾ, ਮ੍ਹਾ ਗਾ, ਮ੍ਹਾ ਪਾ, ਮ੍ਹਾ ਧ੍ਰਾ ਪਾ, ਮ੍ਹਾ ਗਾ, ਗਾ ਮ੍ਹਾ ਗਾ ਪਾ, ਮ੍ਹਾ ਪਾ ਨੀ ਧ੍ਰਾ ਪਾ, ਮ੍ਹਾ ਪਾ ਨੀ ਸਾਂ, ਸਾਂ ਰੁੰ ਸਾਂ, ਨੀ ਸਾਂ ਗਾਂ ਰੁੰ ਸਾਂ, ਨੀ ਸਾਂ ਗਾਂ, ਗਾਂ ਮ੍ਹਾਂ ਗਾਂ ਪਾਂ, ਮ੍ਹਾਂ ਗਾਂ ਰੁੰ ਸਾਂ, ਨੀ ਸਾਂ ਰੁੰ ਨੀ ਧ੍ਰਾ ਪਾ, ਮ੍ਹਾ ਧ੍ਰਾ ਪਾ, ਧ੍ਰਾ ਮ੍ਹਾ ਗਾ, ਗਾ ਮ੍ਹਾ ਗਾ ਪਾ, ਮ੍ਹਾ ਧ੍ਰਾ ਪਾ ਮ੍ਹਾ ਗਾ, ਮ੍ਹਾ ਗਾ ਪਾ ਮ੍ਹਾ ਗਾ, ਮ੍ਹਾ ਗਾ, ਰੁ ਸਾ।

ਰਾਗੁ ਦਾ ਸਧਾਰਨ ਪਰਿਚਯ

ਰਾਗੁ- ਜੈਤਸਰੀ

ਥਾਟ- ਪੂਰਵੀ

ਵਾਦੀ ਸੁਰ- ਗਾ (ਗੰਧਾਰ) ਸੁਰ

ਸੰਵਾਦੀ ਸੁਰ- ਨੀ(ਨਿਸ਼ਾਦ) ਸੁਰ

ਗਾਇਨ ਸਮਾਂ- ਦਿਨ ਦਾ ਚੌਥਾ ਪਹਿਰ।

ਸੁਰ- ਰੇ (ਰਿਸ਼ਭ) ਸੁਰ, ਧਾ (ਧੈਵਤ) ਸੁਰ ਕੋਮਲ, ਮਾ (ਮਧਿਅਮ) ਸੁਰ ਤੀਵਰ ਅਤੇ ਬਾਕੀ ਸਾਰੇ ਸੁਰ ਸ਼ੁੱਧ।

ਵਰਜਿਤ ਸੁਰ- ਅਰੋਹ ਵਿਚ ਰੇ (ਰਿਸ਼ਭ) ਸੁਰ ਅਤੇ ਧਾ (ਧੈਵਤ) ਸੁਰ।

ਜਾਤੀ- ਔੜਵ-ਸੰਪੂਰਨ

ਅਰੋਹ- ਸਾ ਗਾ, ਮਾ ਪਾ, ਨੀ ਸਾਂ

ਅਵਰੋਹ- ਸਾਂ ਨੀ ਧਾ ਪਾ, ਮਾ ਗਾ, ਰੁ ਸਾ

ਪਕੜ- ਸਾ ਗਾ, ਪਾ, ਮਾ ਧਾ ਪਾ, ਮਾ ਗਾ ਮਾ ਗਾ, ਰੁ ਸਾ। ਚਲਦਾ...

ਸ਼ਰਧਾਂਜਲੀ

ਸਿੱਖ ਵਿਦਵਾਨ ਭਾਈ ਹਰਸਿਮਰਨ ਸਿੰਘ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦੁੱਖ ਪ੍ਰਗਟ

ਸ੍ਰੀ ਅੰਮ੍ਰਿਤਸਰ, ੨੭ ਫਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਵਿਦਵਾਨ ਭਾਈ ਹਰਸਿਮਰਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਈ ਹਰਸਿਮਰਨ ਸਿੰਘ ਨੇ ਸਿੱਖੀ ਪ੍ਰਚਾਰ ਲਈ ਸ਼ਲਾਘਾਯੋਗ ਕਾਰਜ ਕੀਤੇ ਹਨ। ਉਨ੍ਹਾਂ ਵੱਲੋਂ ਜਿੱਥੇ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ ਗਈ, ਉੱਥੇ ਹੀ ਆਪਣੀਆਂ ਲਿਖਤਾਂ ਰਾਹੀਂ ਵੀ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੀ ਸੇਵਾ ਕੀਤੀ। ਉਨ੍ਹਾਂ ਕਿਹਾ ਕਿ ਭਾਈ ਹਰਸਿਮਰਨ ਸਿੰਘ ਦਾ ਅਕਾਲ ਚਲਾਣਾ ਪਰਵਾਰ ਅਤੇ ਸਿੱਖ ਸਮਾਜ ਲਈ ਵੱਡਾ ਘਾਟਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਹਰਸਿਮਰਨ ਸਿੰਘ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਮੱਧ ਪ੍ਰਦੇਸ਼ 'ਚ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਬੱਚੀ ਦੀ ਦਸਤਾਰ ਤੇ ਕਿਰਪਾਨ ਲੁਹਾਉਣਾ ਮੰਦਭਾਗਾ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨ ਮਾਰਚ- ਮੱਧ ਪ੍ਰਦੇਸ਼ ਦੇ ਰਤਲਾਮ ਵਿਖੇ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਗਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਸਿੱਖ ਪ੍ਰੀਖਿਆਰਥੀ ਬੱਚੀ ਦੀ ਦਸਤਾਰ ਅਤੇ ਕਿਰਪਾਨ ਲੁਹਾਉਣ ਦੇ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੇ ਸਿਧਾਂਤਾਂ ਅਤੇ ਰਵਾਇਤਾਂ ਤੋਂ ਸਾਰੇ ਦੇਸ਼ ਦੇ ਲੋਕ ਚੰਗੀ ਤਰ੍ਹਾਂ ਜਾਣੂ ਹਨ ਅਤੇ ਸਿੱਖ ਕਕਾਰਾਂ ਤੋਂ ਵੀ ਲੋਕਾਂ ਨੂੰ ਕਿਸੇ ਕਿਸਮ ਦੀ ਅਗਿਆਨਤਾ ਨਹੀਂ ਹੈ। ਪ੍ਰੰਤੂ ਇਸ ਦੇ ਬਾਵਜੂਦ ਵੀ ਕਕਾਰਾਂ 'ਤੇ ਸਵਾਲ ਚੁੱਕਣੇ ਦੁਖਦਾਈ ਹਨ। ਬਾਰ-ਬਾਰ ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿਚ ਕਕਾਰ ਪਹਿਨਣ ਤੋਂ ਰੋਕਣਾ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ ਅਤੇ ਸਿੱਖਾਂ ਨੂੰ ਆਪਣੇ ਹੀ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਕਰਾਉਣ ਵਾਂਗ ਹੈ। ਇਸ ਦੇ ਨਾਲ ਹੀ

ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਕਿ ਪ੍ਰੀਖਿਆ ਸਟਾਫ਼ ਵੱਲੋਂ ਮੁਆਫ਼ੀ ਮੰਗ ਲਈ ਗਈ ਹੈ, ਪ੍ਰੰਤੂ ਅਜਿਹਾ ਵਾਪਰਨ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਜਿਹੀਆਂ ਘਟਨਾਵਾਂ ਪ੍ਰਤੀ ਆਪਣੇ ਜਨਰਲ ਇਜਲਾਸ ਦੌਰਾਨ ਵਿਸ਼ੇਸ਼ ਮਤੇ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਭੇਜੇ ਜਾਂਦੇ ਹਨ, ਜਿਸ 'ਤੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਹਰ ਸੂਬੇ ਦੀ ਸਰਕਾਰ ਨੂੰ ਸਿੱਖਾਂ ਦੇ ਕਕਾਰਾਂ ਅਤੇ ਧਾਰਮਿਕ ਚਿੰਨ੍ਹਾਂ ਬਾਰੇ ਇਹ ਆਦੇਸ਼ ਜਾਰੀ ਕਰੇ ਕਿ ਕਿਸੇ ਵੀ ਪ੍ਰੀਖਿਆ ਦੌਰਾਨ ਸਿੱਖ ਕਕਾਰਾਂ ਦਾ ਸਨਮਾਨ ਬਹਾਲ ਰੱਖਿਆ ਜਾਵੇ ਅਤੇ ਜੇ ਕੋਈ ਇਸ ਦੀ ਉਲੰਘਣਾ ਕਰੇ ਤਾਂ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

ਸ਼ਹੀਦ ਭਾਈ ਤਾਰਾ ਸਿੰਘ ਵਾਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰੰਭ ਹੋਇਆ ਖਾਲਸਾ ਮਾਰਚ

ਸ੍ਰੀ ਅੰਮ੍ਰਿਤਸਰ, ੯ ਮਾਰਚ- ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ' ਨਾਮ ਹੇਠ ਖ਼ਾਲਸਾ ਮਾਰਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਰਵਾਨਾ ਹੋਇਆ। ਇਹ ਖ਼ਾਲਸਾ ਮਾਰਚ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ੧੧ ਮਾਰਚ ਨੂੰ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ, ਪਿੰਡ ਵਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ਸੰਪੂਰਨ ਹੋਵੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਉਪਰੰਤ ਨਗਰ ਕੀਰਤਨ ਦੀ ਰਵਾਨਗੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ। ਇਸ ਮੌਕੇ ਗੱਲ ਕਰਦਿਆਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਨੇ ਹੋਰ ਸ਼ਹੀਦ ਸਿੰਘਾਂ ਨਾਲ ਜ਼ਕਰੀਆ ਦੀ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਫ਼ਤਹ ਪਾਈ। ਸ਼ਹੀਦਾਂ ਦਾ ਇਹ ਇਤਿਹਾਸ ਕੌਮ ਲਈ ਵੱਡੀ ਪ੍ਰੇਰਣਾ ਹੈ। ਉਨ੍ਹਾਂ ਕਿਹਾ ਕਿ ਖਾਲਸਾ ਮਾਰਚ ਦਾ ਮਕਸਦ ਸਿੱਖੀ ਪ੍ਰਚਾਰ ਦੇ ਨਾਲ-ਨਾਲ ਭਾਈ ਤਾਰਾ ਸਿੰਘ ਵਾਂ ਅਤੇ ਹੋਰ ਸ਼ਹੀਦ ਸਿੰਘਾਂ ਦੇ ਇਤਿਹਾਸ ਨੂੰ ਸੰਗਤ 'ਚ

ਪ੍ਰਚਾਰਨਾ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਸ਼ਹੀਦ ਭਾਈ ਤਾਰਾ ਸਿੰਘ ਵਾਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਪੰਥਕ ਪਰੰਪਰਾਵਾਂ ਅਨੁਸਾਰ ਮਨਾਈ ਜਾ ਰਹੀ ਹੈ, ਜਿਸ ਦੇ ਸਮਾਗਮ ੧੧ ਤੋਂ ੧੪ ਮਾਰਚ ਤਕ ਪਿੰਡ ਵਾਂ ਵਿਖੇ ਹੋਣਗੇ। ਉਨ੍ਹਾਂ ਸੰਗਤ ਨੂੰ ਵੱਧ ਤੋਂ ਵੱਧ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਦੀ ਰਵਾਨਗੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਮਨਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸ. ਮਨਜੀਤ ਸਿੰਘ ਤਲਵੰਡੀ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ ਤੇ ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਨਰਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਗੁਰਵਿੰਦਰ ਸਿੰਘ ਦੇਵੀਦਾਸਪੁਰਾ, ਸ. ਸਤਨਾਮ ਸਿੰਘ ਝਬਾਲ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਪ੍ਰਚਾਰਕ/ਨਿਗਰਾਨ ਭਾਈ ਬਲਵੰਤ ਸਿੰਘ ਐਨੋਕੋਟ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਗੁਰਦੀਪ ਸਿੰਘ, ਬਾਬਾ ਸਤਨਾਮ ਸਿੰਘ ਸਮੇਤ ਸੰਗਤ ਮੌਜੂਦ ਸੀ।

ਪੰਜਾਬ ਯੂਨੀਵਰਸਿਟੀ 'ਚ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਤੇ ਦਸਤਾਰਾਂ ਉਤਾਰਨ ਦੀ ਐਡ. ਹਰਜਿੰਦਰ ਸਿੰਘ ਧਾਮੀ ਨੇ ਕੀਤੀ ਨਿਖੇਧੀ

ਸ੍ਰੀ ਅੰਮ੍ਰਿਤਸਰ, ੯ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਪੁਲਿਸ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਅਤੇ ਦਸਤਾਰਾਂ ਉਤਾਰੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਸਤਾਰ ਸਿੱਖ ਦੇ ਜੀਵਨ ਦਾ ਅਹਿਮ ਅੰਗ ਹੈ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਜ਼ੋਰ ਦਾ ਪ੍ਰਯੋਗ ਕਰਦਿਆਂ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰੇ ਜਾਣਾ ਸਿੱਖ ਭਾਵਨਾਵਾਂ ਅਤੇ ਸਿੱਖੀ ਦੇ ਗੌਰਵ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਸ਼ਾਂਤਮਈ

ਤਰੀਕੇ ਨਾਲ ਆਪਣੀ ਗੱਲ ਰੱਖਣਾ ਹੱਕ ਹੈ, ਜਿਸ 'ਤੇ ਕਿਸੇ ਤਰ੍ਹਾਂ ਦੀ ਰੋਕ ਲਗਾਉਣੀ ਪ੍ਰਸ਼ਾਸਨ ਦੀ ਧੱਕੇਸ਼ਾਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਸਿੱਖ ਭਾਵਨਾਵਾਂ ਨੂੰ ਲੈ ਕੇ ਲਗਾਤਾਰ ਮੰਗ ਕਰ ਰਹੇ ਸਨ, ਜਿਸ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਅਣਸੁਣਿਆ ਕੀਤਾ ਗਿਆ ਅਤੇ ਪੁਲਿਸ ਦੁਆਰਾ ਲਾਠੀਚਾਰਜ ਕਰ ਕੇ ਵਿਦਿਆਰਥੀਆਂ ਦੀ ਅਵਾਜ਼ ਨੂੰ ਦਬਾਉਣ ਦਾ ਯਤਨ ਕੀਤਾ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨਾਲ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਵੱਡੀ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨਾ ਪ੍ਰਸ਼ਾਸਨ ਦੀ ਵੀ ਜ਼ਿੰਮੇਵਾਰੀ ਹੈ। ਉਨ੍ਹਾਂ ਸਿੱਖ ਨੌਜੁਆਨਾਂ ਦੀਆਂ ਦਸਤਾਰਾਂ ਉਤਾਰਨ ਵਾਲੇ ਦੋਸ਼ੀ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਸਿੱਖ ਦੀ ਦਸਤਾਰ ਦਾ ਨਿਰਾਦਰ ਕਰਨ ਵਾਲੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ।

ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮ ਖਾਲਸਈ ਜਾਹੋਜਲਾਲ ਨਾਲ ਸੰਪੂਰਨ

ਸ੍ਰੀ ਅੰਮ੍ਰਿਤਸਰ, ੧੪ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਅਤੇ ਹੋਰ ਸ਼ਹੀਦ ਸਿੰਘਾਂ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਸਬੰਧੀ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿਚ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਹਾਲ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅੱਜ ਜਿਨ੍ਹਾਂ ਸਿੱਖ ਸੂਰਮਿਆਂ ਦੀ ਸ਼ਹੀਦੀ ਸ਼ਤਾਬਦੀ ਮਨਾ ਰਹੇ ਹਾਂ ਉਨ੍ਹਾਂ ਨੇ ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਕੇਸਾਂ ਦੇ ਸਤਿਕਾਰ ਲਈ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਅੱਜ ਆਪਣੇ ਬੱਚਿਆਂ ਨੂੰ ਸਾਬਤ ਸੂਰਤ ਰੱਖਣ ਦਾ ਪ੍ਰਣ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਨੁਮਾਇੰਦਾ ਸੰਸਥਾ ਹੈ ਜੋ ਆਪਣੇ ਸ਼ਹੀਦਾਂ ਨੂੰ ਯਾਦ ਰੱਖਦਿਆਂ ਧਰਮ ਦੇ ਪ੍ਰਚਾਰ ਲਈ ਕਾਰਜਸ਼ੀਲ ਹੈ, ਪ੍ਰੰਤੂ ਕੁਝ ਲੋਕਾਂ ਵੱਲੋਂ ਸੋਸ਼ਲ ਮੀਡੀਆ ਤੇ ਸਿੱਖ ਸੰਸਥਾ ਬਾਰੇ ਗ਼ਲਤ ਪ੍ਰਚਾਰ ਕਰ ਕੇ

ਸੰਗਤ ਅੰਦਰ ਭਰਮ ਪੈਦਾ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਬੰਦੀ ਸਿੰਘਾਂ ਦੇ ਹੱਕ ਵਿਚ ਅਵਾਜ਼ ਬੁਲੰਦ ਕਰਦਿਆਂ ਕਿਹਾ ਕਿ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਇਨ੍ਹਾਂ ਸਿੰਘਾਂ ਪ੍ਰਤੀ ਸਰਕਾਰ ਦੀ ਵਿਤਕਰੇ ਭਰੀ ਨੀਤੀ ਬੇਗਾਨਗੀ ਦਾ ਅਹਿਸਾਸ ਕਰਵਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਅੱਜ ਪੰਥ ਨੂੰ ਇਕੱਠੇ ਹੋਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਵੀ ਸਤਿਕਾਰ ਭੇਟ ਕੀਤਾ। ਉਨ੍ਹਾਂ ਸ਼ਤਾਬਦੀ ਸਮਾਗਮਾਂ ਵਿਚ ਸਹਿਯੋਗ ਕਰਨ ਲਈ ਸੰਗਤ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮਾਝੇ ਦੀ ਇਸ ਧਰਤੀ 'ਤੇ ਅਨੇਕਾਂ ਸੂਰਬੀਰ ਪੈਦਾ ਹੋਏ ਜਿਨ੍ਹਾਂ ਜ਼ੁਲਮ ਵਿਰੁੱਧ ਲੜਦਿਆਂ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਿਧਾਂਤ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਇਨ੍ਹਾਂ ਸੂਰਮਿਆਂ ਦੇ ਮਨਾਏ ਦਿਹਾੜੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਦੀ ਯਾਦ ਦਿਵਾਉਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਸਿੱਖਾਂ ਸਾਹਮਣੇ ਅਨੇਕਾਂ ਚੁਣੌਤੀਆਂ ਹਨ। ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਸਮੇਂ ਕਕਾਰ ਪਹਿਨਣ ਤੋਂ ਰੋਕਿਆ ਜਾ ਰਿਹਾ ਹੈ। ਵੱਖ-ਵੱਖ ਥਾਵਾਂ 'ਤੇ ਵਿਤਕਰੇ ਹੋ ਰਹੇ ਹਨ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੰਦੀ ਸਿੰਘਾਂ ਦੀ ਗੱਲ ਕਰਦਿਆਂ ਕਿਹਾ ਕਿ ਇੱਕ ਪਾਖੰਡੀ ਸਾਧ ਰਾਮ ਰਹੀਮ 'ਤੇ ਤਾਂ ਸਰਕਾਰ ਮਿਹਰਬਾਨ ਹੋ ਸਕਦੀ ਹੈ, ਪਰ ਆਪਣੀ ਬਿਮਾਰ ਮਾਂ ਨੂੰ ਮਿਲਣ ਦੀ ਇੱਛਾ ਰੱਖਣ ਵਾਲੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਮਾਂ ਨਾਲ ਮਿਲਣ ਤਕ ਨਹੀਂ ਦਿੱਤਾ ਜਾ ਰਿਹਾ। ਬੰਦੀ ਸਿੰਘਾਂ ਦੇ ਮਾਮਲੇ ਵਿਚ ਸਿੱਖ ਭਾਵਨਾਵਾਂ ਨੂੰ ਹਮੇਸ਼ਾ ਅਣਗੌਲਿਆ ਗਿਆ ਹੈ ਜੋ ਸਰਕਾਰ ਦੀ ਸਿੱਖਾਂ ਪ੍ਰਤੀ ਦੋਹਰੀ ਨੀਤੀ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਹਾਲਾਤ ਅਜਿਹੇ ਹਨ ਕਿ ਬੇਅਦਬੀਆਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਈ ਵੀ ਸਿੱਖਾਂ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਲੰਮੇ ਸੰਘਰਸ਼ ਮਗਰੋਂ ਵੀ ਸਰਕਾਰ ਦੀ ਖਾਮੋਸ਼ੀ ਵੱਡੇ ਸਵਾਲ ਪੈਦਾ ਕਰਦੀ ਹੈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਤੇ ਕਥਾ-ਵਾਚਕ ਬਾਬਾ ਬੰਤਾ ਸਿੰਘ ਮੁੰਡਾ ਪਿੰਡ ਵਾਲਿਆਂ ਨੇ ਸੰਗਤ ਨਾਲ ਇਤਿਹਾਸ ਦੀ ਸਾਂਝ ਪਾਈ।

ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ. ਵਿਰਸਾ ਸਿੰਘ ਵਲਟੋਹਾ, ਪਦਮਸ਼੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਜਥੇਦਾਰ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ, ਬਾਬਾ ਅਵਤਾਰ ਸਿੰਘ ਸੁਰ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ

ਗਿਆਨੀ ਗੁਰਦਿਆਲ ਸਿੰਘ ਤੇ ਭਾਈ ਕੰਵਰਚੜਤ ਸਿੰਘ ਨੇ ਵੀ ਸੰਬੋਧਨ ਕਰਦਿਆਂ ਸ਼ਹੀਦਾਂ ਨੂੰ ਸਤਿਕਾਰ ਭੇਟ ਕੀਤਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਅਮਰਜੀਤ ਸਿੰਘ ਭਲਾਈਪੁਰ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ, ਓ. ਐਸ. ਡੀ. ਸ. ਸਤਬੀਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਅਕਾਲੀ ਆਗੂ ਬੀਬੀ ਕੰਚਨਪ੍ਰੀਤ ਕੌਰ, ਸਾਬਕਾ ਸਕੱਤਰ ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨੂੰਨੀ ਸਲਾਹਕਾਰ ਐਡਵੋਕੇਟ ਅਮਨਬੀਰ ਸਿੰਘ ਸਿਆਲੀ, ਸੁਪਰਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਰਜਿੰਦਰ ਸਿੰਘ ਰੂਬੀ, ਬਾਬਾ ਜੋਗਾ ਸਿੰਘ ਭਿੱਖੀਵਿੰਡ, ਬਾਬਾ ਚੜ੍ਹਤ ਸਿੰਘ, ਬਾਬਾ ਭੋਲਾ ਸਿੰਘ, ਬਾਬਾ ਸੱਜਣ ਸਿੰਘ, ਬਾਬਾ ਪ੍ਰਗਟ ਸਿੰਘ, ਬਾਬਾ ਜੀਵਾ ਸਿੰਘ ਹਾਂਗਕਾਂਗ, ਬਾਬਾ ਛਿੰਦਾ ਸਿੰਘ, ਬਾਬਾ ਜੁਗਰਾਜ ਸਿੰਘ, ਬਾਬਾ ਜਸਕਰਨ ਸਿੰਘ, ਬਾਬਾ ਸੁੱਖਾ ਸਿੰਘ ਸਰਹਾਲੀ ਵਾਲਿਆਂ ਵੱਲੋਂ ਬਾਬਾ ਮਿਲਖਾ ਸਿੰਘ, ਭਾਈ ਨਿਸ਼ਾਨ ਸਿੰਘ ਤਰਨਤਾਰਨ, ਭਾਈ ਸੁਖਜੀਤ ਸਿੰਘ ਘਨ੍ਹੱਈਆ, ਬਾਬਾ ਹਰਭਜਨ ਸਿੰਘ, ਬਾਬਾ ਇੰਦਰਜੀਤ ਸਿੰਘ, ਗਿਆਨੀ ਅਵਤਾਰ ਸਿੰਘ ਆਸਟ੍ਰੇਲੀਆ, ਬਾਬਾ ਗੁਰਸੇਵਕ ਸਿੰਘ, ਗਿਆ. ਕੁਲਵੰਤ ਸਿੰਘ, ਗਿ. ਅੱਛਰ ਸਿੰਘ, ਸ. ਭਗਵਾਨ ਸਿੰਘ ਜੌਹਲ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਸ. ਧਰਮਿੰਦਰ ਸਿੰਘ, ਮੈਨੇਜਰ ਸ. ਜੱਜ ਸਿੰਘ, ਪ੍ਰਚਾਰਕ ਭਾਈ ਲਖਬੀਰ ਸਿੰਘ ਕੱਕਾ ਕੰਡਿਆਲਾ, ਭਾਈ ਗੁਰਬਚਨ ਸਿੰਘ ਕਲਸੀਆਂ, ਭਾਈ ਸੁਖਪਾਲ ਸਿੰਘ ਠੱਠਾ, ਸ. ਬਲਜੀਤ ਸਿੰਘ, ਸਰਪੰਚ ਸ. ਰਣਜੀਤ ਸਿੰਘ, ਸਾਬਕਾ ਸਰਪੰਚ ਸ. ਮੁਖ਼ਤਿਆਰ ਸਿੰਘ, ਸ. ਸੁਰਜੀਤ ਸਿੰਘ, ਸ. ਕਰਨੈਲ ਸਿੰਘ, ਸ. ਰਾਜਿੰਦਰ ਸਿੰਘ, ਜਥੇਦਾਰ ਵਜੀਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਵੱਖ-ਵੱਖ ਪਿੰਡਾਂ ਦੀ ਸੰਗਤ ਮੌਜੂਦ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ

ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ

ਪੰਜਾਬੀ/ਹਿੰਦੀ/ਅੰਗਰੇਜ਼ੀ ਮਾਧਿਅਮ ਵਿਚ ਕਰਵਾਇਆ ਜਾਂਦਾ ਹੈ।

ਇਸ ਕੋਰਸ ਵਿਚ ਗੁਰਬਾਣੀ, ਇਤਿਹਾਸ, ਸਿੱਖ ਸਿਧਾਂਤ ਅਤੇ ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਦਾਖ਼ਲਾ ਲੈਣ ਵਾਲੇ ਨੂੰ ਕੋਰਸ ਦੇ ਸਿਲੇਬਸ ਨਾਲ ਸੰਬੰਧਿਤ ਪਾਠ ਸਮੱਗਰੀ ਭੇਟਾ-ਰਹਿਤ ਦਿੱਤੀ ਜਾਂਦੀ ਹੈ।

- ਇਸ ਕੋਰਸ ਵਿਚ ਹਰ ਧਰਮ, ਹਰ ਖੇਤਰ ਨਾਲ ਸੰਬੰਧਿਤ ਵਿਅਕਤੀ, ਜਿਸ ਦੀ ਉਮਰ 16 ਸਾਲ ਤੋਂ ਉੱਪਰ ਹੋਵੇ, ਦਾਖ਼ਲਾ ਲੈ ਕੇ ਘਰ ਬੈਠਿਆਂ ਦੋ ਸਾਲ ਵਿਚ ਸਿੱਖ ਧਰਮ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।
- ਕੋਰਸ ਦੀ ਦਾਖ਼ਲਾ ਫੀਸ ਭਾਰਤੀ ਨਾਗਰਿਕਾਂ ਲਈ ਕੇਵਲ 100/- ਰੁਪਏ ਅਤੇ ਵਿਦੇਸ਼ੀ ਨਾਗਰਿਕਾਂ ਲਈ 30 ਅਮਰੀਕੀ ਡਾਲਰ ਜਾਂ 20 ਪੌਂਡ (ਯੂ.ਕੇ) ਜਾਂ ਭਾਰਤੀ ਮੁਦਰਾ ਵਿਚ 1500/- ਰੁਪਏ ਹੈ। ਦਾਖ਼ਲਾ ਫੀਸ ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਨਾਮ ਬੈਂਕ ਡਰਾਫਟ ਜਾਂ ਈ-ਮਨੀਆਰਡਰ ਜਾਂ ਨਗਦ ਰੂਪ ਵਿਚ ਦਫ਼ਤਰ, ਧਾਰਮਿਕ ਪ੍ਰੀਖਿਆ ਵਿਖੇ ਜਮ੍ਹਾਂ ਕਰਵਾਈ ਜਾ ਸਕਦੀ ਹੈ। ਇਸ ਸਬੰਧੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਾਹਿਬਾਨ ਜਾਂ ਸਿੱਖ ਮਿਸ਼ਨਾਂ ਦੇ ਇੰਚਾਰਜ ਸਾਹਿਬਾਨ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ।
- ਕੋਰਸ ਵਿੱਚੋਂ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਪ੍ਰੀਖਿਆਰਥੀ ਨੂੰ ਕ੍ਰਮਵਾਰ 5100/-, 4100/-, 3100/- ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ ਅਤੇ 80% ਤੋਂ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਪ੍ਰੀਖਿਆਰਥੀ ਨੂੰ ਵੀ 1100/- ਰੁਪਏ ਸਨਮਾਨ ਵੱਜੋਂ ਦਿੱਤਾ ਜਾਂਦਾ ਹੈ।

ਚਿੱਠੀ ਪੱਤਰ ਲਈ ਪਤਾ:-

ਇੰਚਾਰਜ, ਧਾਰਮਿਕ ਪ੍ਰੀਖਿਆ,

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
ਫੋਨ: 0183-2553956-59, ਐਕਸ: 305, ਫੈਕਸ: 91-0183-2553919
E-mail: religiousexam@gmail.com Web: www.sgpc.net

ਸਮਾਂ ਸਵੇਰੇ 9.30 ਵਜੇ ਤੋਂ ਸ਼ਾਮ 4.30 ਵਜੇ ਤੀਕ

ਧਾਰਮਿਕ ਪ੍ਰੀਖਿਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਹਰ ਸਾਲ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਪ੍ਰੀਖਿਆ ਹਰ ਸਾਲ ਦਰਜਾ ਪਹਿਲਾ-ਦੂਜਾ ਮਹੀਨਾ ਨਵੰਬਰ ਅਤੇ ਦਰਜਾ ਤੀਜਾ-ਚੌਥਾ ਮਹੀਨਾ ਫਰਵਰੀ ਵਿਚ ਹੁੰਦੀ ਹੈ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਦੇ ਚਾਹਵਾਨ ਵਿਦਿਆਰਥੀ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ. ਪ੍ਰ. ਕਮੇਟੀ), ਸ੍ਰੀ ਅੰਮ੍ਰਿਤਸਰ ਨੂੰ ਲਿਖਣ।

Press Registrar General of India at No.354

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

GURMAT PARKASH

April 2026

Dharam Parchar Committee, Shiromani Gurdwara Parbandhak Committee, Sri Amritsar Sahib

18ਵੀਂ ਸਦੀ ਵਿਚ ਸਿੱਖ ਬੀਬੀਆਂ ਨੂੰ ਹਾਕਮ ਮੀਰ ਮੰਨੂ ਦੇ ਸਮੇਂ ਗ੍ਰਿਫਤਾਰ
ਕਰ ਕੇ ਲਾਹੌਰ ਕਾਲ ਕੋਠੜੀਆਂ ਵਿੱਚ ਬੰਦ ਕਰ ਕੇ ਅਨੇਕਾਂ ਤਸੀਹੇ ਦਿੱਤੇ ਗਏ।
ਉਨ੍ਹਾਂ ਕੋਲੋਂ ਸਵਾ-ਸਵਾ ਮਣ ਦੇ ਪੀਸਣੇ ਪਿਸਵਾਏ ਜਾਂਦੇ ਅਤੇ
ਖੰਨੀ-ਖੰਨੀ ਰੋਟੀ ਤੇ ਇਕ ਪਿਆਲਾ ਪਾਣੀ ਦਿੱਤਾ ਜਾਂਦਾ।
ਬੱਚਿਆਂ ਦੇ ਟੁਕੜੇ-ਟੁਕੜੇ ਕਰ ਕੇ ਹਾਰ ਪਰੋ ਕੇ ਉਨ੍ਹਾਂ ਦੇ ਗਲਾਂ ਵਿਚ ਪਾਏ ਗਏ।



Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-4-2026